ਸਭ ਹੱਕ ਰਾਖਵੇਂ ਹਨ।

੧ ੳ ਵਾਹਿਗੁਰੂ ਜੀ ਕੀ ਫਤਹ॥

ਜੇ ਤਉ ਪ੍ਰੇਮ ਖੇਲਨ ਕਾ ਚਾਉ,
ਸਿਰ ਧਰਿ ਤਲੀ ਗਲੀ ਮੇਰੀ ਆਉ।

ਕੌਮ ਦੇ ਮਾਣ

ਸ੍ਰੀਯੁਤ

ਸ੍ਰਦਾਰ ਬਘੇਲ ਸਿੰਘ ਸਾਹਿਬ ਜੀ

ਲਿਖਤ

ਭਾਈ ਸੇਵਾ ਸਿੰਘ ਜੀ

ਕਰਤਾ

ਮੋਖਸ਼ ਮਾਰਗ, ਸਵਰਗੀ ਜੀਵਨ,
ਫਲਸਫਾ ਅੰਮ੍ਰਿਤ, ਸਿਖਾਂ ਦਾ ਰਾਜ ਕਿੱਕੁਣ ਗਿਆ,
ਆਦਿਕ।

ਸਮਰਪਣ

ਮੈਨੂੰ ਸ੍ਰੀ ਅੰਮ੍ਰਿਤਸਰ ਜੀ ਵਿਚ ਆਇਆਂ ੧੦ ਸਾਲ ਹੋ ਗਏ ਹਨ, ਮੇਰੀ ਸਿੰਘਣੀ ਦੀ ਸਦਾ ਹੀ ਇਹ ਦਿਲੀ ਚਾਹ ਰਹੀ ਕਿ ਜਿੱਥੋਂ ਤਕ ਹੋ ਸਕੇ ਸ੍ਰੀ ਦਰਬਾਰ ਸਾਹਿਬ ਜੀ ਦੇ ਲਾਗੇ ਰੈਹਣ ਲਈ ਮਕਾਨ ਲਿਆ ਜਾਵੇ, ਤਾਂ ਜੋ ਘਰ ਬੈਠਿਆਂ ਵੀ ਸਿਰਜਨਹਾਰ ਕਰਤਾਰ ਦਾ ਯਸ਼ ਕੰਨੀ ਪੈਂਦਾ ਰਹੇ, ਇਸ ਗਲ ਵਿਚ ਬਹੁਤ ਹਦ ਤਕ ਸਫਲਤਾ ਹੋਈ ਡੇ ਮੈਂ ਅਜ ਤਕ ਇਸੇ ਗੱਲ ਤੇ ਦ੍ਰਿੜ੍ਹ ਹਾਂ।

ਮੁਖਬੰਦ

ਹਾ, ਕਰਾਂ ਤਾਂ ਜਗ ਜਲੇ, ਜੰਗਲ ਵੀ ਜਲ ਜਾਇ।
ਇਹ ਪਾਪੀ ਜੀਉੜਾ ਨਾ ਜਲੇ, ਜਿਥੇ ਹਾ ਸਮਾਇ।

ਹਿੰਦ ਦੀ ਧਰਤੀ ਬੇਮਲੂਮੇ ਸਮੇਂ ਤੋਂ ਸੋਨਾਂ ਉਪਜਾਊ ਸਮਝੀ ਜਾਂਦੀ ਰਹੀ ਹੈ, ਇਹ ਹੀ ਕਾਰਨ ਹੈ, ਕਿ ਅਡ ੨ ਦੇਸਾਂ ਤੇ ਵੇਸਾਂ ਵਾਲੇ ਸਦਾ ਤੋਂ ਇਧਰ ਸਵਾਰਥ ਭਰੀਆਂ ਅੱਖਾਂ ਨਾਲ ਵੇਖਦ ਰਹੇ ਹਨ, ਜਿਸ ਵਿਚ ਤਾਣ ਆਇਆ ਓਹਨੇ ਆ ਮੂੰਹ ਵਿਖਾਯਾ, ਜਿਸਨੇ ਸਮੇਂ ਨੂੰ ਅਨਕੂਲ ਪਾਇਆ ਓਹਨੇ ਇਧਰ ਕਦਮ ਵਧਾਇਆ। ਸਕੰਦਰ ਯੂਨਾਨੋਂ ਆਇਆ, ਸਾਮਾਨੀ ਇਥੇ ਪੁਜੇ, ਤਾਤਾਰੀਆਂ ਇਥੇ ਊਧਮ ਮਚਾਇਆ, ਅਰਬਾਂ ਨੇ ਇਹ ਜ਼ਮੀਨ ਲਤਾੜੀ, ਮਾਹਮੂਦ ਗਜ਼ਨਵੀ ਦੇ ਘੋੜਿਆਂ ਦੀਆਂ ਟਾਪਾਂ ਨੇ ਇਸ ਦੀ ਮਿਟੀ ਉਡਾ ਅਕਾਸ਼ ਤਕ ਪੁਚਾਈ, ਇਲਾਓਦੀਨ ਨੇ ਆਪਨਾ ਬਾਹੂਬਲ ਦੱਸਿਆ, ਤੈਮੂਰ ਨੇ ਆਪਾ ਧਾਪੀ ਦਾ ਰੰਗ ਜਮਾਇਆ ਤੇ ਬਾਬਰ ਨੇ ਇਸ ਤਰਾਂ ਨਾਲ ਇਟ ਨਾਲ ਇਟ ਵਜਾਈ ਕਿ ਇਥੋਂ ਦੀ ਪਰਜਾ ਜਾਨ ਤੋਂ ਤੰਗ ਆਗਈ।

ਪੰਜਾਬ ਹਿੰਦ ਦਾ ਦਰਵਾਜਾ ਹੈ, ਜਿਤਨੇ ਲੁਟੇਰੇ, ਉਜਾੜੂ ਤੇ ਧਾੜਵੀ ਹਿੰਦ ਵਿਚ ਆਏ, ਓਹਨਾਂ ਦੇ ਆਉਣ ਦਾ ਰਾਹ ਇਹੋ ਸੀ, ਇਸ ਕਰਕੇ ਪਹਿਲੇ ਜੋਸ਼ ਖਰੋਸ਼ ਦੀ ਜਵਾਲਾ ਇਥੋਂ ਦਿਆਂ ਤੇ ਹੀ ਪੈਂਦੀ ਰਹੀ, ਤੇ ਪੰਜਾਬੀਆਂ ਨੂੰ ਹੀ ਸਭ ਤੋਂ ਪਹਿਲਾਂ ਓਹਨਾਂ ਦੇ ਹਥਜਾਰਾਂ ਦੇ ਵਾਰ ਸਹਾਰਨੇ ਪਏ, ਜਿਸ

ਦਾਂ ਫਲ ਇਹ ਹੋਇਆ ਕਿ ਖ਼ੂਨ ਖਰਾਬੇ ਤੇ ਦੁਖਾਂ ਕਲੇਸ਼ਾਂ ਦਾ ਸਭ ਤੋਂ ਬਹੁਤਾ ਹਿੱਸਾ ਪੰਜਾਬੀਆਂ ਦੇ ਹਿੱਸੇ ਹੀ ਆਇਆ।

੧੭੦੦ ਤੋਂ ਲੈਕੇ ੧੮੦੦ ਈ: ਤਕ ਦੀ ਵਿਚ-ਕਾਰਲੀ ਸਦੀ (ਸੈਂਚਰੀ) ਪੰਜਾਬ ਦੇ ਇਤਹਾਸ ਵਿਚ ਇਸ ਤਰਾਂ ਦੀ ਉਤਪਾਤਕ ਤੇ ਮਨੁਖ ਘਾਤਕ ਸਦੀ ਸੀ ਕਿ ਘਟੋ ਘਟ ਹਿੰਦ ਦੇ ਪਿਛਲੇ ਦੋ ਹਜ਼ਾਰ ਸਾਲਾਂ ਦੇ ਇਤਹਾਸ ਵਿਚ ਓਹਦਾ ਨਮੂਨਾ ਮਿਲਨਾ ਕਠਨ ਹੈ, ਕਠਨ ਨਹੀਂ ਅਸੰਭਵ ਹੈ।

ਇਹ ਬੜਾ ਭਯਾਨਕ ਸਮਾਂ ਸੀ, ਇਸ ਵੇਲੇ ਜਿਥੇ ਇਕ ਪਾਸੇ ਹੋਸ਼ ਭੁਲਾਨ ਤੇ ਲੂੰ ਕੰਡੇ ਬਨਾਨ ਵਾਲੀਆਂ ਅਜੇਹੀਆਂ ਦੁਖਦਾਈ ਘਟਨਾਂ ਹੋਈਆਂ ਕਿ ਜਿਨ੍ਹਾਂ ਨੂੰ ਅਜ ਦੋ ਸੌ ਵਰਹਾ ਬੀਤ ਜਾਣ ਤੇ ਵੀ ਯਾਦ ਆ ਜਾਣ ਤੇ ਮਨੁਖ ਜਾਤੀ ਸ਼ਰਮਾਂਦੀ ਤੇ ਇਕ ਖ਼ੁਦਾ ਦੇ ਮੰਨਣ ਵਾਲੇ ਹੋਣ ਦੇ ਦਮਗਜੇ ਮਾਰਨ ਵਾਲਿਆਂ ਲਈ ਡੁਬ ਮਰਨ ਦੀ ਥਾਂ ਬਣਾਂਦੀ ਹੈ ਉਥੇ ਦੂਜੇ ਪਾਸੇ ਇਸ ਡਰਾਓਨੇ ਸਮੇਂ ਵਿਚ ਜੀਵ ਮਾਤਰ ਦੀ ਨਿਸਕਾਮ ਸੇਵਾ ਦੇ ਅਦੁਤੀ ਨਮੂਨੇ, ਦੇਸ਼ ਭਗਤੀ ਦੇ ਉਚੇ ਤੇ ਸੁੱਚੇ ਉਦਾਹਰਨ, ਧਰਮ ਦੀ ਜਗਵੇਦੀ ਤੇ ਬੜੀ ਹੀ ਧੀਰਤਾ, ਬੀਰਤਾ ਤੇ ਗੰਭੀਰਤਾ ਨਾਲ ਇੰਨੀਆਂ ਬਹੁਮੁਲੀਆਂ ਕੁਰਬਾਨੀਆਂ ਹੋਈਆਂ ਕਿ ਜੋਹੜੀਆਂ ਆਪਣੇ ਉੱਚੇ ਆਦ੍ਰਸ਼ ਤੇ ਸੁੱਚੇ ਵਲਵਲਿਆਂ ਦੇ ਕਾਰਨ ਨਾ ਕੇਵਲ ਹਿੰਦ, ਬਲਕੇ ਸੰਸਾਰ ਭਰ ਦੀ ਮਨੁਖ ਜਾਤੀ ਲਈ ਮਾਂਣ ਦੀ ਥਾਂ ਹਨ ਤੇ ਓਹਨਾਂ ਤੇ ਇਨਸਾਨ ਜਿੰਨਾ ਮਾਣ ਕਰੇ ਥੋੜਾ ਹੈ।

ਇਹ ਉਹ ਸਮਾਂ ਸੀ ਜਦੋਂ ਕਿ ਦੇਸ਼ ਦਾ ਧਾਰਮਕ ਤੇ ਰਾਜਸੀ ਅਕਾਸ਼ ਧੂੰਆਂ ਧਾਰ, ਬਦੇਸੀ ਵਿਜੇਈਆਂ ਦੇ ਹਲਿਆਂ ਤੋਂ ਇਥੋਂ ਦੇ ਵਾਸੀ ਦੁਖਯਾਰ, ਮਜ਼ਹਬੀ ਸੁਦਾਈਆਂ ਦੀਆਂ ਦੁਖਦਾਈ ਕਾਰਾਂ ਤੇ ਕਲੇਸ਼ ਦਾਇਕ ਵਿਚਾਰਾਂ ਦੇ ਹੱਥੋਂ ਰਬ ਦੇ ਬੰਦਿਆਂ ਦਾ ਜੀਵਨ ਦਸ਼ਵਾਰ ਤੇ ਸਵਾਰਥ ਦੇ ਕਾਰਨ ਚਲ ਰਹੀ ਤਲਵਾਰ ਦੇ ਨਾਲ ਇਥੋਂ ਦੀ ਧਰਤੀ ਲਾਲਾ ਜ਼ਾਰ ਬਣ ਰਹੀ ਸੀ, ਇਹ ਓਹ ਸਮਾਂ ਸੀ ਜਦੋਂ ਅਬਦਾਲੀਆਂ ਇਥੇ ਚੜ੍ਹਾਈਆਂ ਕੀਤੀਆਂ, ਦੁਰਾਨੀਆਂ ਲੜਾਈਆਂ ਲੜੀਆਂ, ਮੁਸਲਮਾਨ ਮੁਸਲਮਾਨਾਂ ਦੀ ਰਤ ਦੇ ਤਿਹਾਏ ਹੋ ਆਪੋ ਵਿੱਚ ਝਗੜੇ ਕਰਦੇ, ਮੁਸਲਮਾਨ ਤੇ ਹਿੰਦੂ ਦਵੈਖ ਤੇ ਦ੍ਵੈਸ਼ ਨਾਲ ਆਪੋ ਵਿਚ ਕਟ ਕਟ ਮਰਦੇ ਸਨ ਤੇ ਹਿੰਦੂ ਹਿੰਦੂਆਂ ਨਾਲ ਖੈਹ ਖੈਹ ਕੇ ਨਾਸ਼ ਹੋ ਰਹੇ ਸਨ।

ਹਾਂ! ਹਾਂ!! ਇਹ ਓਹ ਸਮਾਂ ਸੀ ਜਦਕਿ ਦੇਸ਼ ਨੂੰ ਦੇਸੀਆਂ ਤੇ ਪਰਦੇਸੀਆਂ ਦੇ ਹਥੋਂ ਇੰਜ ਲੁਟੀਂਦਾ ਤੇ ਕੋਹੀਂਦਾ ਵੇਖਕੇ ਇਕ ਨਿਕੀ ਜਹੀ, ਕਿੰਤੂ ਅਣਖ ਵਾਲੀ ਕੌਮ ਦੇ ਦਿਲ ਵਿਚ ਦਰਦ ਹੋਇਆ, ਦੇਸ਼ ਦੀ ਇਹ ਦੁਰਦਸ਼ਾ ਓਸ ਤੋਂ ਨ ਸਹਾਰੀ ਗਈ, ਇਹ ਪਰਉਪਕਾਰੀ ਮਨੁਖ ਜਾਤੀ ਦੀ ਦਿਲਦਾਰੀ ਲਈ ਉਠੇ ਤੇ ਇਹਨਾਂ ਟੇਕ ਕਰਤਾਰ ਦੀ ਧਾਰ, ਓਟ ਤਲਵਾਰ ਦੀ ਤੇਜ਼ ਧਾਰ ਦੀ ਲੈਕੇ ਲਲਕਾਰ ਕੇ ਕਿਹਾ ਕਿ:-

ਸ਼ੋਰ ਸ਼ਰਾਬੇ! ਬਸ! ਬਸ! ਹੁਣ,
ਬਹੁਤ ਨਾਂ ਅਗੇ ਵੱਧਦਾ ਜਾਂ।

ਫਿਰ ਮੁਲਕ ਨੂੰ ਸੁਤੰਤਰ ਕਰਾਣ, ਮਨੁਖਾਂ ਨੂੰ

ਜਮਾਂਦਰੂ ਹੱਕ ਦਵਾਨ, ਦੇਸ ਵਾਸੀਆਂ ਨੂੰ ਬੇਪਤੀ ਤੇ ਦੁਖਾਂ ਥੋਂ ਛੁਡਾਨ ਤੇ ਮਜ਼ਹਬੀ ਆਜ਼ਾਦੀ ਦਾ ਜੰਗ ਮਚਾਣ ਨੂੰ ਸਿਰ ਤਲੀ ਤੇ ਟਿਕਾ ਇਸ ਤਰਾਂ ਦੀ ਦ੍ਰਿੜ੍ਹਤਾ ਤੇ ਜਾਨਾਂ ਵਾਰ ਵਖਾਈਆਂ, ਇਸ ਤਰਾਂ ਦੀ ਖਿਮਾਂ, ਸਹਨ ਸ਼ੀਲਤਾ, ਜੇਰੇ, ਸਹਾਰੇ ਤੇ ਸ੍ਵੈ ਅਭਮਾਨ ਦੇ ਕਾਰਨਾਮੇ ਦੱਸੇ ਤੇ ਇਸਤਰਾਂ ਦੀ ਬਹਾਦਰੀ, ਦਲੇਰੀ, ਜਵਾਂਮਰਦੀ ਦੇ ਪੂਰਨੇ ਪਾ ਵਿਖਾਏ ਜੋ ਉਸਤੋਂ ਪਹਿਲਾਂ ਇਸ ਬੁਢੇ ਅਕਾਸ਼ ਨੇ ਨਾ ਅਗੇ ਕਦੇ ਵੇਖੀ ਸੀ ਤੇ ਅਜ ਵੀ ਦੁਨੀਆਂ ਓਹਨਾਂ ਜਿਹਾ ਨਮੂਨਾ ਪੇਸ਼ ਕਰਨ ਤੋਂ ਉਜਹੀ ਹੀ ਦੀਨ ਤੇ ਹੀਨ ਹੈ ਜਹੀ ਕਿ ਓਸ ਵੇਲੇ ਸੀ।

ਕੀ ਇਸ ਲੂੰ ਕੰਡੇ ਕਰਣ ਵਾਲੇ ਸਮੇ ਦਾ ਹਾਲ ਮਲੂਮ ਕਰਨਾ ਸਾਡੇ ਵਾਸਤੇ ਜ਼ਰੂਰੀ ਨਹੀਂ ਜਦੋਂਕਿ ਭਰਾ ਭਰਾ ਨੂੰ ਖਾਣ ਤੇ ਖਪਾਣ ਲਈ ਫਿਰਦਾ ਸੀ, ਖੁਦਾ ਦੇ ਨਾਮ ਪੁਰ ਖੁਦਾ ਦੇ ਪਜਾਰੇ ਆਰੇ ਨਾਲ ਪਾੜੇ ਤੇ ਜੀਊਂਦੇ ਅੱਗ ਵਿਚ ਸਾੜੇ ਜਾਂਦੇ ਸੀ? ਘਰੇਲੂ ਝੇੜਿਆਂ ਅਤੇ ਬਖੇੜਿਆਂ ਦੀ ਬਰ-ਕਤ ਨਾਲ ਚਾਰੇ ਪਾਸੇ ਖ਼ੂਨ ਦੀਆਂ ਨਦੀਆਂ ਵੈਹ ਰਹੀਆਂ ਸਨ, ਧਨ ਦੇ ਗ਼ਰੂਰ ਤੇ ਹਕੂਮਤ ਦੇ ਨਸ਼ੇ ਵਿਚ ਚੂਰ ਚੂਰ ਹੋਕੇ ਇਸ ਧਰਤੀ ਉਤੇ ਗਰੀਬਾਂ ਤੇ ਕਮਜ਼ੋਰਾਂ ਲਈ ਸਾਹ ਲੈਣਾ ਕਠਨ ਕਰ ਦਿਤਾ ਗਿਆ ਸੀ, ਹਾਂ ! ਹਾਂ ! ਜਿਸ ਵੇਲੇ ਯਮਰਾਜ ਦੇ ਦੂਤ ੩੨ ਕਰੋੜ ਮਨੁਖਾਂ ਦੇ ਭਾਗਾਂ ਦਾ ਨਿਰਨਾ ਕਰ ਰਹੇ ਸੀ, ਅਤੇ ਫਿਰ ਓਸ ਵੇਲੇ ਜਦੋਂ ਕਿ ਮੁਲਕ ਸ੍ਵੈਰਾਜ ਦੀ ਮੰਗ ਕਰਨਲਈ ਕਦਮ ਉਠਾਂ ਰਿਹਾ ਹੈ ਕੀ ਸਾਡੇ ਵਾਸਤੇ ਇਹ ਅਵੱਸ਼ਕ ਨਹੀਂ ਕਿ ਅੱਜਤੋਂ ੧੫੦ ਸਾਲ ਪਹਿਲੇ ਦੀ

ਦੇਸ ਦੀ ਦਸ਼ਾ ਜਿਸ ਵਿਚ ਹਿੰਦੀ ਕੌਮਾਂ ਦਾ ਉਤਾਰ, ਚੜ੍ਹਾਓ ਤੇ ਵਧਣ ਘਟਣ ਦੇ ਭੇਦ ਭਰੇ ਹੋਏ ਹਨ, ਦਿਲ ਦੀਆਂ ਅੱਖਾਂ ਖੋਹਲ ਕੇ ਪੜ੍ਹੀਏ ਤੇ ਹੋਸ਼ ਨਾਲ ਕੰਨ ਦੇਕੇ ਸੁਣੀਏ?

ਦੇਸ ਦੇ ਕਿੰਨੇ ਮੰਦੇ ਭਾਗ ਹਨ ਤੇ ਸਾਡੇ ਵਾਸਤੇ ਕਿੰਨੀ ਸ਼ੋਕ ਦੀ ਗਲ ਹੈ ਕਿ ਇਸ ਸਮੇਂ ਦਾ ਸਚਾ ਇਤਹਾਸ ਨਹੀਂ ਮਿਲਦਾ? ਅੱਵਲ ਤਾਂ ਇਸ ਸਮੇਂ ਦਾ ਹਾਲ ਕਿਸੇ ਨੇ ਲਿਖਣ ਲਈ ਲਿਖਣੀ ਫੜੀ ਹੀ ਨਹੀਂ ਜੇ ਕਿਸੇ ਨੂੰ ਖਿਆਲ ਆਇਆ ਹੈ ਤਦ ਓਹਨੇ ਮਜ਼ਹਬੀ ਈਰਖਾ ਦੇ ਕਾਰਨ ਸਚ ਨੂੰ ਛੁਪਾਇਆ ਹੈ, ਰਾਤ ਨੂੰ ਦਿਨ ਤੇ ਦਿਨ ਨੂੰ ਰਾਤ ਕਰ ਵਖਾਯਾ ਹੈ, ਜਿਸਤੋਂ ਅਜ ਉਸ ਸਮੇਂ ਦੀ ਕਿਸੇ ਘਟਨਾਂ ਨੂੰ ਜਿਉਂ ਦਾ ਤਿਉਂ ਮਲੂਮ ਕਰਨਾ ਔਖਾ ਹੈ ਤੇ ਖਾਰੇ ਸਾਗਰ ਵਿਚੋਂ ਸੂਈ ਦਾ ਕਢ ਲਿਆਉਣਾ ਸੌਖਾ ।

ਘਟ ਤੋਂ ਘਟ ਸਿਖਾਂ ਸੰਬੰਧੀ ਇਸ ਸਮੇਂ ਦੇ ਹਾਲ ਬੜੀ ਬੇਦਰਦੀ ਨਾਲ ਲੁਕਾਏ ਛਪਾਏ ਤੇ ਖਪਾਏ ਗਏ ਹਨ, ਜੇਹੜੇ ਨਾਮ ਮਾਤਰ ਕਾਗਤਾਂ ਤੇ ਚੜ੍ਹੇ ਹਨ ਓਹ ਇਸਤਰਾਂ ਦੇ ਡਰਾਉਣੀ ਤੇ ਘਿਨਾਉਣੀ ਸ਼ਕਲ ਵਿਚ ਅੜੇ ਹਨ, ਕਿ ਓਹਨਾਂ ਨੂੰ ਤੱਕਕੇ ਸਚਾਈ ਸ਼ਰਮਾਂਦੀ ਤੇ ਮਨੁਖਤ੍ਰ ਪਾਣੀ ਪਾਣੀ ਹੋ ਜਾਂਦੀ ਹੈ।

ਅੱਖੀਂ ਡਿੱਠੇ ਹਾਲ ਦੱਸਣ ਵਾਲੇ ਦਾ ਕਥਨ ਭਰੋਸੇ ਯੋਗ ਹੋਂਦਾ ਹੈ ਤੇ ਸਚਾ ਸਮਝਿਆ ਜਾਂਦਾ ਹੈ ਤੇ ਸਮਝਿਆ ਜਾਣਾ ਵੀ ਚਾਹੀਦਾ ਹੈ, ਉਸ ਸਮੇਂ ਹਿੰਦ ਵਿਚ ਹਿੰਦੂ, ਮੁਸਲ-ਮਾਨ ਤੇ ਸਿਖ ਤਿੰਨ ਕੌਮਾਂ ਵਸਦੀਆਂ ਸਨ, ਪ੍ਰੰਤੂ ਇਹ ਸਾਰੀਆਂ ਆਪੋ ਵਿਚ ਹਥੋ ਪਾਈ ਹੋ ਰਹੀਆਂ ਸਨ, ਇਸ

ਕਰਕੇ ਇਨ੍ਹਾਂ ਵਿੱਚੋਂ ਕਿਸੇ ਇਕ ਦੀ ਲਿਖਤ ਭਾਵੇਂ ਓਹ ਕਿੰਨੀ ਹੀ ਨਿਰਪਖਤਾ ਨਾਲ ਲਿਖੀ ਹੋਵੇ, ਧੜੇਬੰਦੀ ਦੇ ਦੂਸ਼ਨ ਤੋਂ ਨਹੀਂ ਬਚ ਸਕਦੀ। ਪ੍ਰਦੇਸੀ ਅੰਗ੍ਰੇਜ਼ ਓਸ ਵੇਲੇ ਹਿੰਦ ਵਿਚ ਮੌਜੂਦ ਸਨ, ਓਹਨਾਂ ਦੀਆਂ ਲਿਖਤਾਂ ਉਤੇ ਇਹ ਦੂਸ਼ਨ ਨਹੀਂ ਲਗ ਸਕਦਾ, ਕਿੰਤੂ ਓਸ ਸਮੇਂ ਇਸ ਇਲਾਕੇ ਵਿਚ ਲੜਾਈਆਂ ਭੜਾਈਆਂ ਦੀ ਅਗ ਇੰਨੀ ਭੜਕ ਚੁਕੀ ਸ਼ੀ ਕਿ ਕੋਈ ਬਦੇਸ਼ੀ ਇਧਰ ਆਉਣ ਤੇ ਪੈਰ ਪਾਉਣ ਦੀ ਹਿੰਮਤ ਨਹੀਂ ਕਰ ਸਕਦਾ ਸੀ। ਕਨਿੰਘਮ ਸਾਹਿਬ ਨੇ ਆਪਣੀ ਕਿਤਾਬ "ਹਿਸਟਰੀ ਆਫ ਦੀ ਸਿਖਜ਼" ਵਿਚ ਲਿਖਜਾ ਹੈ:—

The defeat of the Delhi sovereign, and Nadir's entry into the capital, took place on the 13th February and early in March, 1739, respectively, but were not known in London until the 1st. of October.

ਅਰਥਾਤ— ਨਾਦਰ ਸ਼ਾਹ ੧੩ ਫਰਵਰੀ ਤੋਂ ਲੈਕੇ ਮਾਰਚ ਦੇ ਪਹਿਲੇ ਹਫਤੇ ਤਕਣ ਦਿੱਲੀ ਵਿਚ ਰਿਹਾ, ਕਿੰਤੂ ਇਸ ਤਰਾਂ ਦੀ ਜਰੂਰੀ ਖਬਰ ਅਕਤੂਬਰ ਤੋਂ ਪਹਿਲਾਂ ਲੰਡਨ ਨਹੀਂ ਪੁਜ ਸਕੀ।

ਇਸ ਖਬਰ ਦੇ ਦੇਰ ਨਾਲ ਪੁੱਜਣ ਦਾ ਕਾਰਨ ਆਪ ਇਹ ਦੱਸਦੇ ਹਨ:—

So slow were communications, and of so little importance was Delhi to Englishmen, three generations ago.

ਕਿ ਓਸ ਸਮੇਂ ਦਿੱਲੀ ਦਾ ਵਾਯੂ ਮੰਡਲ ਯੂਰਪ ਵਾਲਿਆਂ ਦੇ ਅਨੁਸਾਰੀ ਨਹੀਂ ਸੀ।

ਹੁਣ ਪਾਠਕ ਅਨੁਮਾਨ ਲਾ ਲੈਣ ਕਿ ਜੇ ਕਦੀ ਯੂਰਪੀਨ ਦੇ ਵਾਸਤੇ ਉਸ ਵੇਲੇ ਦਿੱਲੀ ਪੁਜਣਾ ਹੀ ਕਠਨ ਸੀ ਤਦ ਲਾਹੌਰ ਤੇ ਓਸਦੇ ਅਗੇ ਪਿਛੇ ਦੇ ਇਲਾਕੇ, ਜਿਥੇ ਕਿ ਦਿਨ ਤੇ ਰਾਤ ਖੂਨੀ ਹੋਲੀ ਖੇਡੀ ਜਾ ਰਹੀ ਸੀ, ਯੂਰਪੀਨਾਂ ਲਈ ਠੈਹਰਨਾ ਕਿੰਨਾਕੁ ਅਸੰਭਵ ਸੀ ?

ਓਸ ਵੇਲੇ ਦਾ ਹਾਲ ਮੁਸਲਮਾਨ ਇਤਹਾਸ਼ਕਰ ਲਿਖ ਸਕਦੇ ਸਨ, ਕਿੰਤੂ ਜੇਹੜਾ ਸਖਤੀਆਂ ਦਾ ਝਖੜ ਦੇਸ਼ ਵਿਚ ਝੁਲ ਰਿਹਾ ਸੀ, ਓਹ ਮੁਸਲਮਾਨ ਹਾਕਮਾਂ ਵਲੋਂ ਸੀ, ਇਸ ਕਰਕੇ ਮੁਸਲਮਾਨ ਇਤਹਾਸਕਾਰਾਂ ਨੇ ਇਕ ਤਾਂ ਉਹਨੂੰ ਅਖਾਂ ਤੋਂ ਓਹਲੇ ਕਰਨ ਦੀ ਕੀਤੀ ਹੈ, ਦੂਜੇ ਮਜ਼ਹਬ ਦੇ ਸੰਬੰਧ ਨੇ ਓਹਨਾਂ ਦੇ ਪੜਦੇ ਪਾੜਨ ਦਾ ਹੌਸਲਾ ਨਹੀਂ ਹੋਣ ਦਿਤਾ, ਜਿਸ ਤੋਂ ਇਹਨਾਂ ਵੀ ਅਪਰਾਧ ਹੋਰਨਾਂ ਦਾ ਹੀ ਦਸਿਆ ਹੈ, ਜੇ ਕੁਝ ਆਦਮੀਆਂ ਨੇ ਅਸਲ ਹਾਲ ਲਿਖਣ ਦੀ ਦਲੇਰੀ ਕੀਤੀ ਹੈ ਤਦ ਬਹੁਤ ਘਟ ਲਿਖਣਾ ਹੈ, ਉਸ ਸਮੇਂ ਦਾ ਪੂਰਾ ਹਾਲ ਨਾਂ ਲਿਖਣ ਵਿੱਚ ਮੁਸਲਮਾਨ ਵੀ ਕਿਸੇ ਹੱਦ ਤਕ ਸੱਚੇ ਹਨ, ਕਿਉਂਕਿ ਮੁਸਲਮਾਨ ਹਾਕਮਾਂ ਵਲੋਂ ਆਪਣੇ ਆਪਣੇ ਸਮੇਂ ਦਾ ਹਾਲ ਲਿਖਣ ਦੀ ਉੱਕਾ ਰੋਕ ਸੀ ਜਿਹਾਕਿ "ਸੱਯਰ-ਉਲ ਮੁਤਾ ਖਰੀਨ" ਦਾ ਕਰਤਾ ਔਰੰਗਜ਼ੇਬ ਬਾਬਤ ਲਿਖਦਾ ਹੈ ਕਿਃ—

"ਦਸ ਵਰਹੇ (ਗੱਦੀ ਤੇ ਬੈਠਣ) ਪਿੱਛੋਂ ਇਤਹਾਸ ਲਿਖਣ ਵਾਲਿਆਂ ਨੂੰ ਰੋਕ ਦਿੱਤਾ" ਜਿਲਦ ੧' ਪੰਨਾ ੪੨੪ ।

ਫਿਰ ਲਿਖਯਾ ਹੈ ਕਿਃ—

"ਦਸ ਸਾਲ ਬੀਤਣ ਪਿਛੋਂ ਇਤਹਾਸਕਾਰ ਇਸ ਨਿਆਕਾਰੀ ਤੇ ਦੀਨ ਪਾਲਣ ਵਾਲੇ ਬਾਦਸ਼ਾਹ ਦਾ ਹਾਲ ਲਿਖਣ ਤੋਂ ਰੋਕੇ ਗਏ, ਕਿੰਤੂ ਕੁਝਕੁ ਖਾਸ ਆਦਮੀਆਂ ਨੇ ਮਸਤਇਦ ਖਾਂ ਜਿਹਾਂ ਨੇ ਲੁਕਾਕੇ ਕੁਝ ਹਾਲ ਲਿਖੇ ਹਨ, ਓਹ ਵੀ ਦਖਣ ਦੀ ਚੜ੍ਹਾਈ ਦੇ ਹਨ ਤੇ ਓਹਨਾਂ ਵਿਚ ਵੀ ਮੰਦੀਆਂ ਗੱਲਾਂ ਛੱਡਕੇ ਜਿੱਤ ਦੇ ਸਮਾਚਾਰ ਹੀ ਹਨ"

ਜਿਸ ਦਾ ਭਾਵ ਇਹ ਹੈ ਕਿ ਔਰੰਗਜ਼ੇਬ ਨੇ ਆਪਣੇ ਸਮੇਂ ਦਾ ਹਾਲ ਲਿਖਣ ਦੀ ਉੱਕਾ ਮਨਾਹੀ ਕਰ ਦਿੱਤੀ ਸੀ, ਇਸ ਕਰਕੇ ਉਸ ਜ਼ਮਾਨੇ ਦੇ ਹਾਲ ਕਿਸੇ ਇਤਹਾਸਕਾਰ ਨੇ ਨਹੀਂ ਲਿਖੇ, ਜੇ ਕਿਸੇ ਨੇ ਲੁਕਾ ਛਪਾ ਕੇ ਕੁਝ ਲਿਖਯਾ ਹੈ ਤਦ ਓਹ ਨਾਂ ਹੋਇਆਂ ਬਰਾਬਰ ਹੈ, ਕਿਉਂਕਿ ਓਹਦੇ ਵਿੱਚ ਬਾਦਸ਼ਾਹ ਦੇ ਅਯੋਗ ਕੰਮਾਂ ਤੇ ਇਸ ਵਲੋਂ ਹੋਈਆਂ ਕਰੜਾਈਆਂ ਦਾ ਜ਼ਿਕਰ ਛਡਿਆ ਹੋਇਆ ਹੈ।

ਜੇ ਕਦੀ ਲੁਕਾ ਛਿਪਾ ਕੇ ਲਿਖੇ ਹਾਲ ਮੁਸਲਮਾਨ ਇਤਹਾਸਕਾਰਾਂ ਨੇ ਇੰਜ ਪੁਣ ਛਾਣਕੇ ਲਿਖਤ ਵਿੱਚ ਆਂਦੇ ਹਨ ਕਿ ਬਾਦਸ਼ਾਹ ਦੇ ਅੱਤਯਾਚਾਰਾਂ ਦੀ ਕਿਸੇ ਗਲ ਦਾ ਪਤਾ ਨਾਂ ਲਗ ਜਾਏ, ਤਦ ਜੇਹੜੇ ਇਤਹਾਸ ਬਾਦਸ਼ਾਹਾਂ ਦੇ ਸਾਹਮਣੇ ਓਹਦੇ ਕੈਹਣ ਜਾਂ ਉਸ ਵਲੋਂ ਲਿਖਾਏ ਗਏ ਹਨ ਓਹਨਾਂ ਦੇ ਵਿੱਚ ਰਾਤ ਨੂੰ ਦਿਨ ਕਰ ਵਖਾਣ, ਤੇ ਦਿਨ ਨੂੰ ਰਾਤ ਕੈਹ ਮਨਾਣ, ਆਪਣੇ ਅਪਰਾਧਾਂ ਨੂੰ ਛਪਾਣ ਤੇ ਦੂਜਿਆਂ ਦੇ ਗੁਣਾਂ ਨੂੰ ਵੀ ਔਗਣ ਕਰ ਪ੍ਰਗਟਾਣ ਵਿੱਚ ਕਿੰਨਾਕੁ ਜੋਰ ਲਾਇਆ ਹੋਵੇਗਾ? ਪਾਠਕ ਆਪ ਸਮਝ ਸਕਦੇ ਹਨ।

ਔਰੰਗਜ਼ੇਬ ਨੇ ਆਪਣੇ ਸਮੇਂ ਦੇ ਹਾਲ ਲਿਖਣ ਦੀ ਕਿਉਂ ਮਨਾਹੀ ਕੀਤੀ? ਸੱਯਰਉਲ ਮੁਤਾ ਖ਼ਰੀਨ ਦਾ ਕਰਤਾ ਇਸ ਪ੍ਰਸ਼ਨ ਦਾ ਉੱਤਰ ਦੇਂਦੇ ਹੋਏ ਕੈਂਹਦਾ ਹੈ ਕਿਃ–

"ਮੁਹੰਮਦ ਹਾਸ਼ਮ ਖਾਫੀ ਖਾਂ ਲਿਖਦਾ ਹੈ ਕਿ ਦਸ ਬਰਸ ਪਿੱਛੋਂ ਬਾਦਸ਼ਾਹਾਂ ਨੇ ਮਨ੍ਹਾਂ ਕੀਤਾ ਕਿ ਓਹਦੇ ਸਮੇਂ ਦਾ ਹਾਲ ਕੋਈ ਮਨੁਖ ਨਾਂ ਲਿਖੇ। ਇਸ ਦਾ ਕਾਰਨ ਇਹ ਹੀ ਹੋਵੇਗਾ, ਕਿਉਂਕਿ ਬਹਾਦਰੀ ਦਾ ਨਮੂਨਾ, ਫਸਾਦ ਦਾ ਸਮੂਹ ਸੀ ਤੇ ਅਜਹੇ ਕੰਮਾਂ ਵਿੱਚ ਜੋ ਬਾਦਸ਼ਾਹ ਦੀ ਸ਼ਾਨ ਦੇ ਉਲਟ ਹਨ, ਕੈਹਰ ਤੇ ਵੈਰ ਤੋਂ ਕੰਮ ਲੈਂਦਾ ਸੀ ਤੇ ਪਿੱਛੋਂ ਅਕਲ ਨਾਲ ਸੋਚਦਾ ਸੀ ਕਿ ਅਜਹੇ ਹਾਲ ਲਿਖਣੇ ਉਚਿੱਤ ਨਹੀਂ, ਖਾਸ ਕਰ ਓਹ ਕੰਮ ਜੋ ਪਰਤਾਪਵਾਨ ਬਾਦਸ਼ਾਹ ਦੇ ਵਾਸਤੇ ਠੀਕ ਨਹੀਂ ਸੀ, ਸੋ ਇਸ ਕਰਕੇ ਰੋਕ ਪਾਈ ਕਿ ਓਹਦੇ ਕੰਮ ਤੇ ਹਾਲ ਲਿਖਤਾਂ ਵਿੱਚ ਨਾਂ ਆਉਣ ਤੇ ਸੰਸਾਰ ਵਿੱਚ ਓਹਨਾਂ ਦਾ ਕਿਸੇ ਨੂੰ ਪਤਾ ਨਾ ਲਗੇ, ਨਹੀਂ ਤਾਂ ਅਜੇਹੇ ਪ੍ਰਤਾਪਵਾਨ ਬਾਦਸ਼ਾਹ ਨੇ ਆਪਣਾ ਹਾਲ ਲਿਖਣ ਵਿੱਚ ਕਿਉਂ ਰੋਕ ਪਾਈ?" ਜਿਲਦ ੧ ਪੰਨਾ ੪੨੪।

ਇਹਦਾ ਭਾਵ ਇਹ ਹੈ ਕਿ ਔਰੰਗਜ਼ੇਬ ਆਦਿਕ ਬਾਦਸ਼ਾਹਾਂ ਨੂੰ ਆਪਣਾ ਹਾਲ ਲੁਕਾਣ ਤੇ ਛੁਪਾਣ ਦੀ ਚਿੰਤਾ ਨੇ ਜੇਹੜਾ ਚਿੰਤਾਤੁਰ ਕਰ ਰਖਜਾ ਸੀ, ਓਹ ਓਹਨਾਂ ਦੀ ਕਿਸੇ ਨਿੰਮ੍ਰਤਾ ਦੇ ਭਾਵ ਤੋਂ ਨਹੀਂ ਸੀ, ਬਲਕੇ ਸੱਯਰਉਲ ਮੁਤਾ-ਖਰੀਨ ਦੇ ਲੇਖਕ ਦੇ ਕਥਨ ਅਨੁਸਾਰ ਅਨੁਚਤ ਕਰੜਾ-ਈਆਂ ਤੇ ਪ੍ਰਜਾ ਨਾਲ ਕੀਤੀਆਂ ਅਨੀਤੀਆਂ ਨੂੰ ਛੁਪਾਣ ਲਈ ਸੀ। ਇਕ ਹੋਰ ਗੱਲ ਯਾਦ ਰੱਖਣ ਯੋਗ ਹੈ ਕਿ ਮੁਸਲਮਾਨ

ਇਤਹਾਸਕਾਰ ਔਰੰਗਜ਼ੇਬ ਜਹੇ ਬਾਦਸ਼ਾਹਾਂ ਨੂੰ ਜਿਨ੍ਹਾਂ ਦੀ ਕੈਹਣੀ ਤੇ ਰੈਹਣੀ ਦੇ ਵਿਰੁਧ ਉਹਨਾਂ ਨੂੰ ਆਪ ਬੇਹੱਦ ਸ਼ਕਾਇਤ ਹੈ, ਦੀਨ "ਪਾਲਣ ਵਾਲਾ" ਦੀ ਉਪਾਧੀ ਦੇਂਦੇ ਹਨ ਤੇ ਓਹ ਉਹਦੇ ਅਤਯਾਚਾਰਾਂ ਦਾ ਪੜਦਾ ਪਾੜਦੇ ਤੇ ਓਹਨੂੰ ਝਗੜੇ ਝਾਂਜਿਆਂ ਦੀ ਜੜ੍ਹ ਦੱਸਦੇ ਹੋਏ ਵੀ "ਨਿਆਏ ਕਾਰੀ" ਦੀ ਉਪਾਧੀ ਦੇਂਦੇ ਹਨ। ਹੁਣ ਸਮਝਦਾਰ ਸੱਜਣ ਆਪ ਵਿਚਾਰ ਕਰ ਲੈਣ ਕਿ ਓਸ ਜ਼ਮਾਨੇ ਦੇ ਮੁਸਲਮਾਨ ਇਤਹਾਸਕਾਰਾਂ ਨੇ ਜੋ ਕੁਝ ਲਿਖਯਾ ਹੈ ਕੀ ਉਹ ਇਸ ਯੋਗ ਹੈ ਕਿ ਬਿਨਾਂ ਕਿਸੇ ਤਰਾਂ ਦੀ ਹੁਤ ਕੀਤੇ ਦੇ ਓਹਨੂੰ ਮੰਨ ਲਿਆ ਜਾਏ ਤੇ ਬਿਨਾਂ ਸੋਚੇ ਵਿਚਾਰੇ ਓਹਨੂੰ ਸੱਚਾ ਸਮਝ ਲਿਆ ਜਾਏ? ਕਦੇ ਨਹੀਂ।

ਹਿੰਦੂਆਂ ਨੂੰ ਇਤਹਾਸ ਨਾਲ ਰੱਬ ਵਾਸਤੇ ਦਾ ਵੈਰ ਹੈ ਤੇ ਪਤਾ ਨਹੀਂ ਕਿ ਇਹ ਕਿਉਂ ਇਤਹਾਸ ਲਿਖਣ ਦੇ ਵਿਰੋਧੀ ਹਨ, ਇੰਨ੍ਹਾਂ ਜਦ ਅਪਣਾ ਇਤਹਾਂਸ ਹੀ ਕਦੇ ਨਹੀਂ ਲਿਖਯਾ ਤਦ ਇੰਨ੍ਹਾਂ ਤੇ ਹੋਰ ਕਿਸੇ ਨੂੰ ਇਤਹਾਸ ਨਾਂ ਲਿਖਣ ਦੇ ਕਾਰਨ ਗੁੱਸਾ ਉਲਾਂਭਾ ਨਹੀਂ ਕਰਣਾ ਚਾਹੀਦਾ, ਤੇ ਜੋ ਇਸ ਸਮੇਂ ਦਾ ਇਤਹਾਸ ਇੰਨ੍ਹਾਂ ਨਹੀਂ ਲਿਖਯਾ ਤਦ ਸਾਨੂੰ ਕੋਈ ਗੁੱਸਾ ਤੇ ਉਲਾਂਭਾ ਨਹੀਂ।

ਸਿੱਖ ਉਸ ਸਮੇਂ ਦਾ ਇਤਹਾਸ ਲਿਖ ਸਕਦੇ ਸਨ। ਗੁਰੂ ਸਾਹਿਬ ਦੇ ਸਮੇਂ ਤੋਂ ਸਿੱਖਾਂ ਨੂੰ ਅਰਬੀ, ਫਾਰਸੀ, ਸੰਸਕ੍ਰਿਤ ਤੇ ਪੰਜਾਬੀ ਪੜ੍ਹਾਣ ਲਈ ਅਧਿਆਪਕ ਨੀਯਤ ਸਨ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਪਾਸ ਉਸ ਸਮੇਂ ਵੀ ਜਦਕਿ ਆਪਨੂੰ ਦਿਨ ਤੇ ਰਾਤ ਦੇ ੨੪ ਦੇ ੨੪ ਘੰਟੇ

ਤੱਤੇਰਨਾਂ ਵਿੱਚ ਰੈਹਣਾ ਪਿਆ, ਪਰ ਕਵੀ ਮੌਜੂਦ ਰੈਂਹਦੇ ਸਨ ਤੇ ਨਿਤਾਪ੍ਰਤੀ ਇਤਹਾਸ ਦੀ ਕਥਾ ਹੋਇਆ ਕਰਦੀ ਸੀ, ਇਸ ਕਰਕੇ ਜੇ ਕਦੀ ਸਿੱਖ ਇਤਹਾਸ ਲਿਖਣ ਬੈਂਹਦੇ ਤਦ ਇਸ ਕੰਮ ਨੂੰ ਬੜੀ ਯੋਗਤਾ, ਸਚਾਈ ਤੇ ਜੁਮੇਵਾਰੀ ਨਾਲ ਸਿਰੇ ਚੜ੍ਹਾਂਦੇ, ਪ੍ਰੰਤੂ ਔਖ ਇਹ ਸੀ ਕਿ ਓਸ ਵੇਲੇ ਕਾਬਲ, ਈਰਾਨ, ਲਾਹੌਰ ਤੇ ਦਿੱਲੀ ਦੀਆਂ ਮੁਸਲਮਾਨ ਬਾਦਸ਼ਾਹੀਆਂ ਜਦ ਆਪੋ ਵਿੱਚ ਟਕਰਾ ਰਹੀਆਂ ਸਨ ਤੇ ਇਕ ਦੂਜੇ ਦਾ ਖੁਰਾ ਖੋਜ ਮਿਟਾਣ ਲਈ ਲੱਕ ਬੰਨ੍ਹੀਂ ਖਲੋਤੀਆਂ ਸਨ, "ਜੋਗੀ ਜੋਗੀ ਲੜੇ ਤੇ ਖੱਪਰ ਦਾ ਨੁਕਸਾਨ" ਵਾਲੀ ਗੱਲ ਵਿਚਾਰੀ ਪ੍ਰਜਾ ਦੇ ਭਾ ਦੀ ਬਣੀ ਹੋਈ ਸੀ, ਨਿਰਅਪ੍ਰਾਧ ਪ੍ਰਜਾ ਕਣਕ ਨਾਲ ਘੁਣ ਵਾਂਗ ਪੀਠੀ ਜਾ ਰਹੀ ਸੀ, ਓਸ ਵੇਲੇ ਕੇਵਲ ਇੱਕ ਸਿੱਖ ਹੀ ਸਨ ਜੋ ਆਪਣੀ ਗ਼ੈਰਤ, ਅਣਖ, ਬਹਾਦਰੀ ਤੇ ਦੇਸ਼ ਦੇ ਪਜਾਰ ਦੇ ਕਾਰਨ ਵਿਚਕਾਰ ਖੜੇ ਹੋਕੇ ਇਨ੍ਹਾਂ ਨੂੰ ਆਪੋ ਵਿੱਚ ਭਿੜਨ ਤੋਂ ਰੋਕਣ ਦਾ ਯਤਨ ਕਰਦੇ ਸੀ ਤਾਂ ਜੋ ਪ੍ਰਜਾ ਦਾ ਅਜਾਈਂ ਨੁਕਸਾਨ ਨਾਂ ਹੋਵੇ, ਕਿੰਤੂ "ਬੰਦਰ ਦੀ ਬਲਾ ਤਬੇਲੇ ਦੇ ਸਿਰ" ਵਾਲੀ ਗੱਲ ਸਿੱਖਾਂ ਨਾਲ ਬਣ ਗਈ, ਕਾਬਲ ਤੇ ਦਿੱਲੀ ਦੀਆਂ ਪਾਤਸ਼ਾਹੀਆਂ ਇਕੱਠੀਆਂ ਹੋਕੇ ਸਿੱਖਾਂ ਦੇ ਨਾਲ ਮੱਥਾ ਲੈ ਬੈਠੀਆਂ ਤੇ ਐਥੋਂ ਤੱਕ ਹਾਲਤ ਪੁੱਜ ਗਈ ਕਿ ਸੱਯਦ ਮੁਹੰਮਦ ਲਤੀਫ ਸਾਹਿਬ ਦੀ ਲਿਖਤ ਅਨੁਸਾਰ:—

"The Governor, Yahya Khan now issued a proclamation for a general massacre of all Sikhs.

"ਜ਼ੈਹਯਾ ਖ਼ਾਂ ਗਵਰਨਰ ਪੰਜਾਬ ਨੇ ਸਿੱਖਾਂ ਦੇ ਕਤਲ ਕਰਨ ਦਾ ਹੁਕਮ ਦੇ ਦਿੱਤਾ ਤੇ ਸਿੱਖਾਂ ਦੇ ਸਿਰਾਂ ਦਾ ਮੁਲ ਨੀਯਤ ਹੋਗਿਆ"।

ਭਾਵ ਇਹ ਕਿ ਮੁਸਲਮਾਨ ਇੰਨਾਂ ਆਪੇ ਤੋਂ ਬਾਹਰ ਹੋਗਏ ਕਿ ਓਹਨਾਂ ਨੇ ਸਿੱਖ ਮਾਤਰ ਦੇ ਕਤਲ ਕਰਣ ਦਾ ਹੁਕਮ ਕੱਢ ਦਿੱਤਾ, ਸਿੱਖਾਂ ਨੂੰ ਮਾਰਨ ਵਾਲਿਆਂ ਦਾ ਹੌਸਲਾ ਵਧਾਣ ਲਈ ਸਰਕਾਰੀ ਖਜ਼ਾਨਿਆਂ ਦੇ ਮੂੰਹ ਖੁਲ੍ਹ ਗਏ ਤੇ ਇਸਤਰਾਂ ਲਛਮੀ ਦੇ ਪ੍ਰਭਾਵ ਨਾਲ ਬੇਦੋਸ਼ੇ ਸਿੱਖ, ਦੇਸ਼, ਕੌਮ ਤੇ ਮਨੁਖ ਜਾਤੀ ਦੇ ਪਜਾਰ ਦੇ ਅਪਰਾਧ ਵਿੱਚ ਲੁਟੀਣ, ਕੁਟੀਣ ਤੇ ਮਰੀਣ ਲਗੇ।

ਜਨਰਲ ਗਾਰਡਨ ਸਾਹਿਬ ਇਸ ਗੱਲ ਨੂੰ ਵਧੀਕ ਵੇਰਵੇ ਨਾਲ ਦੱਸਦੇ ਹੋਏ ਲਿਖਦੇ ਹਨ ਕਿ:-

A. "Proclamation was issued by the Lahore Viceroy ordering a General massacre of Long haired Singhs wherever found. They were hunted like wild beasts, a price being placed on their heads; thousands were put to death, refusing pardon on condition of Renouncing their death and cutting their hair."

"ਲਾਹੌਰ ਦੇ ਨਵਾਬ ਨੇ ਹੁਕਮ ਜਾਰੀ ਕਰ ਦਿੱਤਾ ਕਿ ਕੇਸ ਰਖਣ ਵਾਲੇ ਸਿੱਖ ਜਿਥੇ ਮਿਲਣ ਕਤਲ ਕੀਤੇ ਜਾਣ, ਇਨ੍ਹਾਂ ਦਾ ਪਿੱਛਾ ਇੰਜ ਕੀਤਾ ਗਿਆ ਜਿਸ ਤਰਾਂ ਜੰਗਲੀ ਜਾਨਵਰਾਂ ਦਾ ਕੀਤਾ ਜਾਂਦਾ ਹੈ, ਓਹਨਾਂ

ਦੋ ਸਿਰਾਂ ਦਾ ਮੁਲ ਮੁਕੱਰਰ ਕਰ ਦਿੱਤਾ (ਜੇਹੜਾ ਸਿੱਖ ਦਾ ਸਿਰ ਕੱਟਕੇ ਲਿਆਉਂਦਾ ਓਹਨੂੰ ਇਨਾਮ ਦਿੱਤਾ ਜਾਂਦਾ ਸੀ) ਹਜ਼ਾਰਾਂ ਕਤਲ ਕੀਤੇ ਗਏ, ਜਿਨ੍ਹਾਂ ਨੇ ਆਪਣਾ ਧਰਮ ਨਾ ਛਡਿਆ, ਜਿਸਨੂੰ ਜੇ ਕਦੀ ਉਹ ਛਡਦੇ ਤਦ ਬਚ ਜਾਂਦੇ।

ਇੰਨ੍ਹਾਂ ਪ੍ਰਮਾਣਾਂ ਤੋਂ ਜਿਨ੍ਹਾਂ ਵਿਚੋਂ ਇਕ ਮੁਸਲਮਾਨ ਤੇ ਦੂਜਾ ਇਕ ਅੰਗ੍ਰੇਜ਼ ਦੀ ਲਿਖਤ ਹੈ, ਪ੍ਰਗਟ ਹੈ ਕਿ ਓਸ ਵੇਲੇ ਦੇ ਲਾਹੌਰ ਦੇ ਹਾਕਮ ਸਿੱਖਾਂ ਤੋਂ ਕੁਝ ਇਸਤਰਾਂ ਚਿੜ੍ਹ ਗਏ ਸਨ ਕਿ ਓਹਨਾਂ ਨੇ ਆਪਣੇ ਖਿਆਲ ਅਨੁਸਾਰ ਸਿੱਖਾਂ ਦਾ ਬੀਜ ਨਾਸ ਕਰਨ ਦਾ ਮਤਾਪਕਾ ਲਿਆ ਸੀ, ਸੋ ਇਸੇ ਭਾਵ ਤੋਂ ਸਿੱਖਾਂ ਦੀ ਕਤਲਾਮ ਦੇ ਪ੍ਵਾਨੇ ਕਢੇ ਗਏ, ਨੰਬਰ ਦਾਰ, ਜ਼ੈਲ ਦਾਰ ਤੇ ਸਫੈਦ ਪੋਸ਼ਾਂ ਦੇ ਪਾਸ ਹੁਕਮਨਾਮੇ ਚਲੇ ਗਏ, ਕਿ ਪਿੰਡਾਂ, ਕਸਬਿਆਂ ਤੇ ਸ਼ੈਹਰਾਂ ਵਿੱਚ ਕੋਈ ਸਿਖ ਜੀਉਂਦਾ ਨਾ ਰੈਹਣ ਦਿੱਤਾ ਜਾਵੇ, ਸਰਕਾਰੀ ਫੌਜਾਂ ਥਾਂ ਥਾਂ ਫਿਰਨ ਲਗੀਆਂ, ਜਿਥੇ ਕਿਤੇ ਸਿੱਖ ਨਜ਼ਰ ਪੈਂਦਾ ਓਸੇ ਵੇਲੇ ਮਾਰ ਦਿੱਤਾ ਜਾਂਦਾ, ਸਿੱਖਾਂ ਦੀ ਸੂਹ ਦੇਣ ਵਾਲਾ, ਸਿਖਾਂ ਨੂੰ ਫੜਾਨ ਵਾਲਾ ਤੇ ਸਿਖਾਂ ਦਾ ਸਿਰ ਵੱਢਕੇ ਲਿਆਉਣ ਵਾਲਾ ੪੦), ੮੦) ਤੇ ੧੦੦) ਰੁਪਯਾ ਫੀ ਸਿਰ ਤੱਕਣ ਇਨਾਮ ਪ੍ਰਾਪਤ ਕਰਦਾ ਸੀ, ਸਿਖਾਂ ਦੀ ਜਾਨ ਦੇ ਲਾਲੇ ਪਏ ਹੋਏ ਸਨ, ਪੱਤਾ ਪੱਤਾ ਸਿਖਾਂ ਦਾ ਵੈਰੀ ਹੋ ਰਿਹਾ ਸੀ, ਤੇ ਸਿਖਾਂ ਲਈ ਗਲੀਆਂ ਦੇ ਕੱਖ ਵੀ ਭਾਰੂ ਸਨ, ਤੇ ਸਿਖ ਜੰਗਲੀ ਝਾੜਾਂ ਤੇ ਪਹਾੜਾਂ ਦੀਆਂ ਗ਼ਾਰਾਂ ਵਿੱਚ ਦਿਨਕਟੀ ਕਰ ਰਹੇ ਸਨ।

ਪੁਛਿਆ ਜਾ ਸਕਦਾ ਹੈ ਤੇ ਪੁਛਿਆ ਜਾਣਾ ਚਾਹੀਦਾ

ਹੈ ਕਿ ਸਿਖਾਂ ਨੇ ਕੇਹੜਾ ਅਜੇਹਾ ਉਗਰ ਪਾਪ ਕੀਤਾ ਸੀ ਜਿਸਤੋਂ ਰਾਜਜ ਵਲੋਂ ਇੰਨੀ ਕਰੋਪੀ ਹੋਈ? ਇਹਦੇ ਉੱਤਰ ਵਿੱਚ ਅਸੀਂ ਆਪਣੇ ਵਲੋਂ ਕੋਈ ਇਕ ਅੱਖਰ ਵੀ ਨਾਂ ਲਿਖਦੇ ਹੋਏ ਸੱਯਰਉਲ ਮੁਤਾਖ਼ਰੀਨ ਦੇ ਮੁਸਲਮਾਨ ਲੇਖਕ ਦੇ ਬਿਆਨ ਨੂੰ ਹੀ ਪੇਸ਼ ਕਰ ਦੇਣਾ ਚਾਹੁੰਦੇ ਹਾਂ, ਇਹਨਾਂ ਲਿਖਣਾ ਹੈ ਕਿਃ—

"ਮਈਨਉਲ ਮੁਲਕ ਦੇ ਸਮੇਂ ਫੌਜ ਬਹੁਤੀ ਤੇ ਹੋਰ ਖਰਚ ਵੀ ਬਹੁਤ ਸਨ, ਸੂਬੇ ਦੀ ਮਾਮਲੇ ਨਾਲ ਪੂਰੀ ਨਹੀਂ ਪੈਂਦੀ ਸੀ, ਪ੍ਰਜਾ ਤੇ ਅੱਤਯਾਚਾਰ, ਜ਼ੁਲਮ ਤੇ ਵਧੀਕੀ ਹੋਂਦੀ ਸੀ, ਇਨ੍ਹਾਂ ਵਿਚਾਰਿਆਂ ਵਾਸਤੇ ਅਮਨ ਦੀ ਕੋਈ ਥਾਂ ਨਹੀਂ ਸੀ, ਸਿੱਖ ਲੋਕ ਆਪੋ ਵਿੱਚ ਇਕ ਦੂਜੇ ਦੇ ਨਾਲ ਬੜੀ ਹਮਦਰਦੀ ਰਖਦੇ ਸਨ ਸੋ ਜਿਸਤੇ ਜ਼ੁਲਮ ਹੁੰਦਾ, ਓਹ ਸਾਰੇ ਸਿਰ ਤੇ ਕੇਸ ਰੱਖ ਲੈਂਦਾ ਤੇ 'ਅਕਾਲ' 'ਅਕਾਲ' ਦਾ ਨ੍ਹਾਅਰਾ ਮਾਰਦਾ, ਗੁਰੂ ਗੋਬਿੰਦ (ਸਿੰਘ ਜੀ) ਦਾ ਪੈਰੋ-ਕਾਰ ਹੋਂਦਾ, ਇਸੇ ਤਰਾਂ ਇੰਨ੍ਹਾਂ ਦੀ ਗਿਣਤੀ ਵਧਦੀ ਗਈ"

ਇਸਤੋਂ ਪ੍ਰਗਟ ਹੈ ਕਿ ਮੀਰ ਮਨੂੰ ਦੀ ਕਰੋਪੀ ਦਾ ਕਾਰਨ ਸਿਖਾਂ ਦਾ ਕੋਈ ਕਸੂਰ ਨਹੀਂ ਸੀ, ਨਾ ਤਾਂ ਸਿੱਖਾਂ ਨੇ ਕਾਨੂੰਨ ਦੀ ਵਿਰੋਧਤਾ ਕੀਤੀ ਸੀ, ਨਾਹੀਂ ਆਮ ਲੋਕਾਂ ਦਾ ਅਮਨ ਭੰਗ ਕੀਤਾ ਤੇ ਨਾਂ ਹੀ ਸਭਯਤਾ ਦੇ ਉਲਟ ਕੋਈ ਕੰਮ ਕਰਨ ਤੋਂ ਇਨ੍ਹਾਂ ਦੀ ਕਤਲਾਮ ਦਾ ਹੁਕਮ ਦਿਤਾ ਗਿਆ, ਬਲਕੇ ਹਾਕਮ ਪ੍ਰਜਾ ਤੇ ਜ਼ੁਲਮ ਕਰਦੇ ਸੀ ਤੇ ਸਿੱਖ ਜਿਨ੍ਹਾਂ

ਨੂੰ ਇਕ ਦੂਜੇ ਨਾਲ ਅੱਤ ਦਰਜੇ ਦਾ ਪਜਾਰ ਹੋਂਦਾ ਸੀ, ਇਸ ਧੱਕੜ ਸ਼ਾਹੀ ਦੇ ਵਿਰੁਧ ਆਵਾਜ਼ ਉਠਾਂਦੇ ਸੀ ਤੇ ਕੈਂਹਦੇ ਸੀ ਕਿਃ–

ਸਭਨਾ ਮਨ ਮਾਣਿਕ ਠਾਹੁਣ ਮੂਲਿ ਮਚਾਂਗਵਾ,
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ।

ਜਿਸ ਤੋਂ ਹਕੂਮਤ ਆਪਣੇ ਅਨਯਾਏ ਭਰੇ ਢੰਗ ਨੂੰ ਬਦਲਣ ਦੀ ਥਾਂ ਜ਼ੋਰ ਤੇ ਜਬਰ ਨਾਲ ਸਿਖਾਂ ਦਾ ਮੂੰਹ ਬੰਦ ਕਰਨਾ ਚਾਹੁੰਦਾ ਸੀ, ਕਿੰਤੂ ਜਿਕੁਣ ਖਿਦੂ ਨੂੰ ਜਿੰਨੇ ਜ਼ੋਰਨਾਲ ਧਰਤੀ ਤੇ ਮਾਰਿਆ ਜਾਏ ਓਨਾਂ ਹੀ ਉਹ ਉਤਾਹਾਂ ਨੂੰ ਉਠਦਾ ਹੈ, ਉਕਣ ਹੀ ਹਕੂਮਤ ਨੇ ਜਿੰਨਾਂ ਹੀ ਸਿਖਾਂ ਨੂੰ ਮੁਕਾਣ ਤੇ ਮਿਟਾਣ ਵਾਸਤੇ ਬਹੁਤ ਜ਼ੋਰ ਲਾਇਆ, ਸਿਖ ਉਸੇ ਤਰਾਂ ਕੌੜੀ ਵੇਲ ਵਾਂਗ ਵਧਦੇ ਰਹੇ।

ਕਨਿੰਘਮ ਸਾਹਿਬ ਆਪਣੀ ਲਿਖਤ ਪੁਸਤਕ 'ਹਿਸਟਰੀ ਆਫ ਦੀ ਸਿਖਜ਼' ਵਿਚ ਲਿਖਦੇ ਹਨਃ–

Without any other bond of union than the sincerity of their common faith.

'ਧਰਮ, ਦ੍ਰਿੜ੍ਹ ਵਿਸ਼ਵਾਸ ਤੇ ਭਗਤੀ ਤੋਂ ਬਿਨਾਂ ਸਿਖਾਂ ਦੇ ਜਥੇਬੰਦ ਹੋਣ ਦਾ ਹੋਰ ਕੋਈ ਨਿਯਮ ਨਹੀਂ ਸੀ'।

ਜਿਸ ਦਾ ਭਾਵ ਇਹ ਹੈ ਕਿ ਜਥਾ ਬੰਦੀ ਹਿੰਦੂਆਂ ਨੂੰ ਸਤਾਣ, ਮੁਸਲਮਾਨਾਂ ਦੇ ਦਿਲ ਦੁਖਾਣ ਤੇ ਓਸ ਵੇਲੇ ਦੇ ਰਾਜ ਸਾਜ ਦਾ ਖੁਰਾ ਖੋਜ ਮਿਟਾਣ ਲਈ ਸਿਖ ਜਥੇਬੰਦ ਨਹੀਂ

ਹੋਏ ਸਨ, ਸਿਖਾਂ ਦਾ ਏਕਾ ਨਰੋਲ ਧਾਰਮਕ ਭਾਵਾਂ ਦੇ ਆਧਾਰ ਤੇ ਸੀ।

ਕਨਿੰਘਮ ਸਾਹਿਬ ਆਪਣੀ ਇਸੇ ਕ੍ਰਿਤਾਬ ਵਿਚ ਇਕ ਹੋਰ ਜਗਾਂ ਲਿਖਦੇ ਹਨ ਕਿਃ—

God was their helper and only judge, community of faith or object was their moving principle, and warlike array.

"ਓਹ (ਸਿਖ) ਲੋਕ ਜਾਣਦੇ ਸਨ ਕਿ ਕੇਵਲ ਵਾਹਿਗੁਰੂ ਹੀ ਓਹਨਾਂ ਦਾ ਰਾਖਾ, ਸਹਾਰਾ ਤੇ ਸਹਾਇਕ ਹੈ, ਓਹ ਹੀ ਓਹਨਾਂ ਦਾ ਅਧੇਯ ਹੈ, ਉਹ ਇਕ ਧਰਮ ਤੇ ਹੀ ਭਰੋਸਾ ਰਖਦੇ ਤੇ ਸੰਸਾਰ ਦੀ ਭਲਾਈ ਤੇ ਬੇਹਤਰੀ ਓਹਨਾਂ ਦਾ ਮਨੋਰਥ ਸੀ, ਇਹ ਸੰਕਲਪ ਧਾਰਕੇ ਹੀ ਉਹ ਸਾਰੇ ਕੰਮਾਂ ਵਿੱਚ ਲਗਦੇ, ਤੇ ਮੈਦਾਨ ਜੰਗ ਵਿੱਚ ਉਤਰਦੇ ਸਨ।

ਕਨਿੰਘਮ ਸਾਹਿਬ ਦੇ ਵਾਕ ਸਾਫ ਹਨ ਕਿ ਸਿੱਖਾਂ ਨੇ ਆਪਣੀ ਜੀਵਣ ਦਾ ਮਨੋਰਥ ਵਾਹਿਗੁਰੂ ਦੀ ਉਪਾਸ਼ਨਾਂ ਤੇ ਓਹਦੇ ਬੰਦਿਆਂ ਦੀ ਸੇਵਾ ਬਣਾ ਰੱਖਜਾ ਸੀ ਤੇ ਬਸ।

ਸਿਖ ਜਿਸ ਕੰਮ ਨੂੰ ਕਰਦੇ ਸਨ, ਇਹ ਦੋਨੋਂ ਗੱਲਾਂ ਓਹਨਾਂ ਦੀਆਂ ਅੱਖਾਂ ਦੇ ਸਾਹਮਣੇ ਰੈਂਹਦੀਆਂ ਸਨ, ਸਿਖਾਂ ਦਾ ਤਲਵਾਰ ਚਲਾਣਾ, ਪ੍ਰਵਿਰਤੀ ਤੇ ਤਜਾਗ ਆਪਣੇ ਵਯਕਤੀ ਗਤ ਲਾਭ ਤੇ ਸੁਖ ਲਈ ਨਹੀਂ ਹੋਂਦਾ ਸੀ, ਬਲਕੇ ਓਹਨਾਂ ਦੇ ਇਹ ਸਾਰੇ ਕੰਮ ਵਾਹਿਗੁਰੂ ਦੇ ਨਾਮ ਤੇ, ਅਤੇ ਵਾਹਿਗੁਰੂ ਦੀ ਰਾਹ ਤੇ ਹੋਂਦੇ ਸਨ।

ਕਨਿੰਘਮ ਸਾਹਿਬ ਨੇ ਆਪਣੀ ਕਿਤਾਬ ਵਿੱਚ ਮੈਲਕਮ ਸਾਹਿਬ ਦਾ ਲਿਖਤੀ ਬਿਆਨ ਦਿੱਤਾ ਹੈ, ਇਸ ਬਿਆਨ ਵਿੱਚ ਮੈਲਕਮ ਸਾਹਿਬ ਨੇ ਇਕ ਅਕਾਲੀ ਦੇ ਆਪਣੇ ਅੱਖੀਂ ਡਿੱਠੇ ਹਾਲ ਲਿਖੇ ਹਨ, ਮੈਲਕਮ ਕੈਂਹਦਾ ਹੈ ਕਿ:–

So strong is the feeling that a Sikh should work, or have an accupation, that one who abandons the world, and is not of a warlike turn, will still employ himself in some way for the benefit of the community. Thus the author once found an Akalee repairing, or rather making, a road, among precipitous ravines, from the plain of the Sutlej to the petty town of Keeritpoor. He avoided intercourse with the world generally.

ਸਿਖਾਂ ਦੇ ਵਿਚ ਧਰਮ ਭਾਵਨਾਂ ਇੰਨੀ ਪ੍ਰਬਲ ਸੀ ਕਿ ਹਰ ਇਕ ਸਿਖ ਕੁਝ ਨਾ ਕੁਝ ਕਰਨਾ ਜ਼ਰੂਰੀ ਸਮਝਦਾ ਸੀ, ਜਾਂ ਤਾਂ ਬਿਓਪਾਰ ਕਰਦੇ ਸੀ, ਕੋਈ ਤਜਾਰਤ ਕਰਦਾ ਸੀ, ਜੋ ਲੋਕ ਤਯਾਗੀ ਹੋਣ ਦੇ ਕਾਰਨ ਤੱਤੇ ਰਣਾਂ ਵਿਚ ਸ਼ਾਮਲ ਨਹੀਂ ਹੋਂਦੇ ਸਨ, ਆਮ ਲੋਕਾਂ ਦੀ ਭਲਾਈ ਲਈ ਓਹਨਾਂ ਨੂੰ ਵੀ ਕਿਸੇ ਨਾ ਕਿਸੇ ਕੰਮ ਵਿਚ ਲਗੇ ਰੈਹਣਾ ਪੈਂਦਾ ਸੀ, ਇਕ ਵੇਰ ਲੇਖਕਨੇ ਇਕ ਅਕਾਲੀ ਨੂੰ ਤੱਕਯਾ, ਇਹ ਸਤਲੁਜ ਦੇ ਕੰਢੇ ਤੇ ਛੋਟੇ ਕੀਰਤ ਪੁਰ ਤਕ ਵਿੰਗੀਆਂ ਪਹਾੜੀ-

ਆਂ ਨੂੰ ਕੱਟ ਕੇ ਰਾਹ ਬਣਾ ਰਿਹਾ ਸੀ, ਇਸ ਅਕਾਲੀ ਦੀ ਸਾਰੇ ਲੋਕ ਪ੍ਰਸ਼ੰਸਾ ਕਰਦੇ ਸਨ"

ਮੈਲਕਮ ਸਾਹਿਬ ਦੇ ਇਸ ਅੱਖੀਂ ਡਿੱਠੇ ਵਰਨਨ ਕੀਤੇ ਹਾਲ ਦਾ ਭਾਵ ਇਹ ਹੈ ਕਿ ਮੈਦਾਨੇ ਜੰਗ ਵਿਚ ਲੜਨ ਵਾਲੇ, ਘਰ ਦੇ ਕੰਮਾਂ ਕਾਜਾਂ ਵਿਚ ਜੀਵਣ ਬਤੀਤ ਕਰਨ ਵਾਲੇ ਤੇ ਵਾਹਿਗੁਰੂ ਦੇ ਰੰਗ ਵਿਚ ਮਸਤ ਫਿਰਨ ਵਾਲੇ ਹਰ ਤਰਾਂ ਦੇ ਸਿਖਾਂ ਦੇ ਹਥ ਸੰਸਾਰ ਦੀ ਭਲਿਆਈ ਦੀ ਕਾਰ ਵਲ ਲਗੇ ਰੈਂਹਦੇ ਸਨ।

ਸਿਖਾਂ ਨੇ ਰਬ ਦੇ ਬੰਦਿਆਂ ਦੀ ਨਿਸਕਾਮ ਸੇਵਾ ਆਪਣਾ ਮੁਖ ਪ੍ਰਯੋਜਨ ਬਣਾ ਰਖਯਾ ਸੀ। ਇੰਨੇ ਸੁਖਦਾਈ ਹੋਣ ਤੇ ਵੀ ਸਿਖਾਂ ਦੇ ਉਤੇ ਜ਼ੁਲਮ ਦੀਆਂ ਬਿਜਲੀਆਂ ਕੜਕਣ ਤੇ ਪੱਤਾ ਪੱਤਾ ਇਨ੍ਹਾਂ ਦੀ ਜਾਨ ਦਾ ਵੈਰੀ ਹੋ ਗਿਆ, ਗੁਰਧਾਮਾਂ ਦੀ ਯਾਤਰਾ ਦੇ ਉੱਤੇ ਵੀ ਕਰੜੀਆਂ ਬੰਦਸ਼ਾਂ ਲਾ ਦਿਤੀਆਂ ਗਈਆਂ, ਇਹ ਗਲਾਂ ਖਾਲਸੇ ਜੀ ਲਈ ਨਾ ਸਹਾਰੇ ਜਾਣ ਵਾਲੀਆਂ ਸਨ। ਧਰਮ ਨੂੰ ਸੰਕਟ ਵਿਚ ਪਿਆਂ ਵੇਖਕੇ ਖਾਲਸਾ ਚੁਪ ਨਹੀਂ ਕਰ ਸਕਦਾ, ਧਰਮ ਮੰਦਰ ਤੇ ਕੌਮ ਦੀ ਸ਼ਾਨ ਜਦ ਖ਼ਤਰੇ ਵਿਚ ਹੋਵੇ ਤਦ ਨਰਮ ਗਰਮ ਦਲ, ਮਿਲ-ਵਰਤਣੀ ਤੇ ਨਾ ਮਿਲਵਰਤਣੀ, ਧਨੀ ਤੇ ਨਿਰਧਨ ਸਾਰੇ ਇਕ ਥਾਂ ਤੇ ਇਕ ਜ਼ੁਬਾਨ ਹੋ ਜਾਂਦੇ ਹਨ, ਤੇ ਹਰ ਤਰਾਂ ਦੀ ਕੁਰਬਾਨੀ ਕਰਕੇ ਧਰਮ, ਧਰਮ ਅਸਥਾਨ ਤੇ ਕੌਮੀ ਆਨ ਸ਼ਾਨ ਨੂੰ ਕਾਇਮ ਰਖ ਲੈਂਦੇ ਹਨ।

ਅਗੇ ਤਾਂ ਸਿਖਾਂ ਦਾ ਕੰਮ ਇਹ ਸੀ ਕਿ ਜੰਗਲਾਂ ਪਹਾੜਾਂ, ਗ਼ਾਰਾਂ, ਤੇ ਝਾੜਾਂ ਵਿਚ ਵਿਚਰਦੇ, ਬ੍ਰਿਛਾਂ ਦੇ ਪਤਿਆਂ ਤੇ

ਨਿਰਬਾਹ ਕਰਦੇ ਤੇ ਵਾਹਿਗੁਰੂ ਦੇ ਭਜਨ ਵਿਚ ਲਗੇ ਰੈਂਹਦੇ ਸਨ, ਜਿਸ ਵੇਲੇ ਕੋਈ ਦੁਖੀ ਪੁੱਜਕੇ ਆਪਣੀ ਸਿਰੋਂ ਬੀਤੀ ਸੁਣਾਂਦਾ, ਜਾਂ ਕਿਸੇ ਪਾਸੇ ਤੋਂ ਦੇਸ ਤੇ ਪ੍ਰਜਾ ਤੇ ਆਫਤ ਆਉਣ ਦੀ ਖਬਰ ਸੁਣਦੇ, ਸਾਵਨ ਦੀ ਘਟਾਵਾਂਗ ਅਚਣਚੇਤ ਆਜਾਂਦੇ, ਦੋ ਹਥ ਵੇਖਦੇ ਤੇ ਦੋ ਵਖਾਂਦੇ, ਜ਼ਾਲਮਾਂ ਤੇ ਅਤਯਾਚਾਰੀਆਂ ਨੂੰ ਓਹਨਾਂ ਦੇ ਕੀਤੇ ਦਾ ਫਲ ਚਖਾਂਦੇ, ਲੋਹੇ ਦੇ ਚਣੇ ਚਬਵਾਂਦੇ, ਦੁਸ਼ਟਾਂ ਦੀ ਚੰਗੀ ਤਰਾਂ ਸੋਧ ਤੇ ਗਰੀਬਾਂ ਦੀ ਮਦਦ ਕਰਕੇ ਵਾਪਸ ਚਲੇ ਜਾਂਦੇ ਸਨ, ਕਿੰਤੂ ਹੁਣ ਜਦ ਓਹਨਾਂ ਨੂੰ ਪਤਾ ਲਗਾ ਕਿ ਗੁਰਦਵਾਰਿਆਂ ਦੀ ਯਾਤਰਾ ਬੰਦ ਕਰਨ ਦਾ ਹਕੂਮਤ ਵਲੋਂ ਫੈਸਲਾ ਹੋ ਗਿਆ, ਤਦ ਓਹਨਾਂ ਨੂੰ ਇਸ ਪਾਸੇ ਖਾਸ ਤਵੱਜੋ ਦੇਣੀ ਪਈ।

ਸੱਯਦ ਮੁਹੰਮਦ ਲਤੀਫ ਸਾਹਿਬ ਤਾਰੀਖ ਪੰਜਾਬ ਦੇ ਵਿੱਚ ਲਿਖਦੇ ਹਨ ਕਿ:—

"The Message would be sent round the distant villages 'who will ride tonight' the watch word for a dash to be made, to bathe in the sacred tank. *It is said that no instance was known of a sikh then captund consenting to objure his religion.*" Death was the Martyr's crown on such occasion.

ਦੂਰ ਨੇੜੇ ਦੇ ਪਿੰਡਾਂ ਵਿੱਚ ਸੁਨੇਹਾ ਭੇਜ ਦਿੱਤਾ ਜਾਂਦਾ ਸੀ ਕਿ ਅੱਜ ਰਾਤੀਂ ਕੂਚ ਹੋਵੇਗਾ, ਕੂਚ ਦੇ ਵਾਸਤੇ ਖਾਸ ਸ਼ਬਦ ਨੀਯਤ ਕਰ ਦਿੱਤੇ ਜਾਂਦੇ ਸਨ,

ਇਹ ਸ਼ਬਦ ਸ੍ਰੀ ਅੰਮ੍ਰਿਤਸਰ ਜੀ ਦੇ ਸਰੋਵਰ ਵਿੱਚ ਅਸ਼ਨਾਨ ਕਰਣ ਲਈ ਹੋਂਦੇ ਸਨ, ਇਸ ਮੌਕੇ ਤੇ ਜੋ ਸਿੱਖ ਫੜਿਆ ਜਾਂਦਾ, ਓਹ ਕਤਲ ਕਰ ਦਿੱਤਾ ਜਾਂਦਾ ਸ਼ੀ, ਇਕ ਵੀ ਮਸਾਲ ਅਜੇਹੀ ਨਹੀਂ ਮਿਲਦੀ ਕਿ ਕਿਸੇ ਸਿੱਖ ਨੇ ਧਰਮ ਛੱਡਕੇ ਜਾਨ ਬਚਾ ਲਈਹੋਵੇ, ਅਜੇਹੇ ਮੌਕੇ ਤੇ ਸ਼ਹੀਦ ਦੀ ਮੌਤ ਓਹਦੇ ਸਿਰ ਦਾ ਤਾਜ ਸਮਝੀ ਜਾਂਦੀ ਸੀ" ।

ਸੱਯਦ ਸਾਹਿਬ ਦੀ ਇਸ ਲਿਖਤ ਤੋਂ ਪ੍ਰਗਟ ਹੈ ਕਿ ਸਿਖਾਂ ਦੇ ਵਾਸਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਆਉਣਾ ਤੇ ਅਸ਼ਨਾਨ ਕਰਣਾ ਹਾਕਮਾਂ ਬੰਦ ਕਰ ਦਿੱਤਾ ਸੀ ਤੇ ਜੇਹੜਾ ਸਿੱਖ ਆਪਣੇ ਇਸ ਧਾਰਮਕ ਹੱਕ ਦੀ ਪ੍ਰਾਪਤੀ ਲਈ ਯਤਨ ਕਰਦਾ ਸੀ ਓਹ ਕਤਲ ਕਰ ਦਿੱਤਾ ਜਾਂਦਾ ਸੀ, ਗੋਯਾ ਕਿ ਸਿਖਾਂ ਨੂੰ ਆਪਣੀਆਂ ਧਾਰਮਕ ਰੀਤਾਂ ਤੇ ਰਸਮਾਂ ਕਰਨ ਦੀ ਵੀ ਆਗਿਆ ਨਹੀਂ ਸ਼ੀ, ਓਹ ਅਜੇਹੀਆਂ ਰਸਮਾਂ ਅਦਾ ਕਰਨ ਵਾਸਤੇ ਜਿਨ੍ਹਾਂ ਵਿੱਚ ਰਾਜਾ ਤੇ ਪ੍ਰਜਾ ਦਾ ਕਿਸੇ ਤਰਾਂ ਦਾ ਨੁਕਸਾਨ ਨਹੀਂ ਸੀ, ਕਤਲ ਕਰ ਦਿਤੇ ਜਾਣ ਯੋਗ ਸਮਝੇ ਜਾਂਦੇ ਸੀ। ਸੱਯਦ ਸਾਹਿਬ ਦੀ ਲਿਖਤ ਤੋਂ ਪ੍ਰਗਟ ਹੈ ਕਿ ਹਕੂਮਤ ਦੀ ਕਰੜਾਈ ਸਿਖਾਂ ਨੂੰ ਦਬਾਣ ਦੀ ਥਾਂ ਹੋਰ ਚਮਕਾਣ ਵਾਲੀ ਹੋਈ, ਖਾਲਸਾ ਜੀ ਦੇ ਜਥਿਆਂ ਦੇ ਜਥੇ ਚਾਂਈ ਚਾਂਈ ਸ੍ਰੀ ਦਰਬਾਰ ਸਾਹਿਬ ਆਉਣ ਤੇ ਸ਼ਹਾਦਤ ਪਾਉਣ ਲਗੇ, ਖਾਲਸਾ ਜੀ ਨੇ ਬੜੀ ਹੀ ਬਹਾਦਰੀ, ਦਲੇਰੀ ਤੇ ਸੂਰਮਗਤੀ ਨਾਲ ਜਾਨਾਂ ਦਿੱਤੀਆਂ, ਧਰਮ ਨਾਂ ਛਡਿਆ ਤੇ ਆਪਣੇ ਹੱਕ ਵਲੋਂ ਹੱਥ ਨਹੀਂ ਉਠਾਇਆ।

ਸੱਯਦ ਸਾਹਿਬ ਫਿਰ ਇਕ ਥਾਂ ਤੇ ਲਿਖਦੇ ਹਨਃ—

"They were looked on as martyrs to the cause but despite all, the Khalsa grew and increased in boldness. *Bands of Sikh horsemen were to be seen at dawn riding at full gallop towards Amritsar, running the gaulet of the Mohamedan troop.*

ਜੇਹੜੇ ਸਿਖ ਇਸਤਰਾਂ ਕਤਲ ਹੋਂਦੇ ਸਨ ਓਹ ਸ਼ਹੀਦ ਸਮਝੇ ਜਾਂਦੇ ਸਨ, ਇੰਨ੍ਹਾਂ ਸਾਰੀਆਂ ਬਿਪਤਾਂ ਨੂੰ ਝਾਗਦੇ ਹੋਏ ਖਾਲਸਾ ਅਗੇ ਨਾਲੋਂ ਵਧੀਕ ਦਲੇਰ ਹੋ ਗਿਆ, ਸਿਖ ਸਵਾਰਾਂ ਦੇ ਜਥਿਆਂ ਦੇ ਜਥੇ ਅੰਮ੍ਰਤ ਵੇਲੇ ਸਰਪਟ ਘੋੜੇ ਦੌੜਾਂਦੇ, ਅੰਮ੍ਰਿਤਸਰ ਵੱਲ ਜਾਂਦੇ ਵਿਖਾਈ ਦੇਂਦੇ, ਜੋ ਪੈਹਰੇਦਾਰ ਮੁਸਲਮਾਨ ਸਪਾਹੀਆਂ ਤੇ ਫਤੇ ਪਾਕੇ ਆਪਣਾ ਮਨੋਰਥ ਸਿਧ ਕਰਦੇ ਸਨ।

ਇਹ ਮਜ਼ਹਬੀ ਮਾਮਲੇ ਵਿਚ ਦਖਲ ਦੇਣ ਦੀ ਆਖ਼ਰੀ ਹਦ ਸੀ, ਜੋ ਹਾਕਮਾਂ ਵਲੋਂ ਕੀਤੀ ਗਈ, ਕਿੰਤੂ ਸਿਖਾਂ ਜਹੀ ਅਣਖ ਵਾਲੀ ਕੋਮ ਮਜ਼ਹਬ ਦੇ ਮਾਮਲਿਆਂ ਵਿਚ ਇਸ ਤਰਾਂ ਦੇ ਦਖ਼ਲ ਨੂੰ ਕਦ ਸਹਾਰ ਸਕਦੀ ਸੀ? ਭਾਈ ਸਾਹਿਬ ਭਾਈ ਮਨੀ ਸਿੰਘ ਜੀ ਹੈਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਜੀ ਦੇ ਨਿਰਦੋਸ਼ ਕਤਲ ਕੀਤੇ ਜਾਣ ਦਾ ਵਾਕਿਆ ਖਾਲਸਾ ਜੀ ਦੀਆਂ ਅੱਖਾਂ ਦੇ ਸਾਹਮਣੇ ਸੀ।

ਭਾਵੇਂ ਖਾਲਸਾ ਜੀ ਨੇ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਦੇ ਕਤਲ ਕਰਾਣ ਦੇ ਅਪਰਾਧ ਵਿਚ ਅਬਦੁਲ

ਰਜ਼ਾਕ ਖਾਂ ਨੂੰ ਜੋ ਸ੍ਰੀ ਅੰਮ੍ਰਿਤਸਰ ਜੀ ਦਾ ਹਾਕਮ ਸੀ ਫੜਕੇ ਪ੍ਰਾਣ ਤੰਗ ਦਿਤਾ ਸੀ, ਕਿੰਤੂ ਓਹ ਮੁਆਮਲਾ ਅਜੇ ਭੁਲਾ ਨਹੀਂ ਸੀ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਆਉਣ ਵਾਲਿਆਂ ਤੇ ਅਕੈਹ ਤੇ ਅਸੈਹ ਜ਼ੁਲਮ ਹੋਣ ਲਗੇ,* ਹੁਣ ਖਾਲਸਾ ਜੀ ਦੇ ਵਾਸਤੇ ਇਸ ਤੋਂ ਛੁਟ ਕੋਈ ਰਾਹ ਨਹੀਂ ਸੀ ਕਿ ਖੁਲਮ ਖੁਲਾ ਮੈਦਾਨ ਵਿਚ ਆਉਣ ਤੇ ਹਕੂਮਤ ਦੇ ਵਿਗੜੇ ਹੋਏ ਦਿਮਾਗ਼ ਨੂੰ ਠਿਕਾਣੇ ਲਿਆਉਣ:–

ਗਾਰਡਨ ਸਾਹਿਬ ਲਿਖਦੇ ਹਨ ਕਿ:–

The Sardars agreed by common consent that some one from among themselves should from time to time be appointed by the Popular voice of the Khalsa to the heads of church and state in the national council at Amritsar and to be guided by him in all matters requiring united action thus forming a federal union. The Akalies (Immortals already reffered to the stern class of zealots which originated as a special

---

*ਦਰਬਾਰ ਸਾਹਿਬ ਦੇ ਚਾਰੇ ਪਾਸੀਂ ਕਰੜੇ ਪੈਹਰੇ ਲਗ ਜਾਣ ਤੇ ਵੀ ਖਾਲਸਾ ਜੀ ਆਪਨੇ ਹੱਕ ਤੋਂ ਪਿਛੇ ਨਹੀਂ ਹਟੇ, ਮੁਸਲਮਾਨ ਹਾਕਮਾਂ ਵਲੋਂ ਕਿਹਾ ਗਿਆ ਕਿ ਸਿਖ ਚੋਰੀ ਆਕੇ ਅਸ਼ਨਾਨ ਕਰਜਾਂਦੇ ਹਨ, ਜਿਸ ਤੋਂ ਖਾਲਸਾ ਜੀ ਨੇ ਫੈਸਲਾ ਕੀਤਾ ਕਿ ਦਸਤਾਰ ਉਤਾਰਕੇ ਅਸ਼ਨਾਨ ਕੀਤਾ ਜਾਵੇ ਤਾਂ ਜੋ ਓਹਨਾਂ ਨੂੰ ਇਹ ਕੈਹਣ ਦਾ ਵੀ ਮੌਕਾ ਨਾ ਮਿਲੇ ਕਿ ਸਿਖ ਚੋਰੀ ਅਸ਼ਨਾਨ ਕਰ ਜਾਂਦੇ ਹਨ।

body under Guru Gobind Singh, formed a national League at Amritsar to maintain the primitive & reformed worship of the Sikh church **&** to watch over the general conduct of the Khalsa. They exercised a fierce scrutiny as censorsin upholding strict complaince with the militant creed of the Singhs, constituted themselves defenders of the faith against all innovations, took of prominent part in the councils, in the Planning and arranging of expedition for averting national danger and in educating the people in the doctrines of the sikh religion.''

ਸਰਦਾਰਾਂ ਨੇ ਸਰਬ ਸੰਮਤੀ ਨਾਲ ਫੈਸਲਾ ਕੀਤਾ ਕਿ ਵੇਲੇ ਕਵੇਲੇ ਸਾਡੇ ਵਿਚੋਂ ਧਾਰਮਕ ਤੇ ਰਾਜਸੀ ਕੰਮ ਕਰਨ ਲਈ ਇਕ ਜਥੇਦਾਰ ਹੋਵੇ, ਜਿਸ ਨੂੰ ਪੰਥ ਚੁਣਿਆਂ ਕਰੇ ਤੇ ਇਹ ਚੋਣ ਸ੍ਰੀ ਅੰਮ੍ਰਿਤਸਰ ਕੌਮੀ ਜੱਥੇ ਵਿਚ ਹੋਵੇ, ਤਾਂਜੋ ਸਮੁਚੇ ਪੰਥ ਦੀ ਤਾਕਤ ਵਰਤਣ ਸਮੇਂ ਅਗਵਾਈ ਕੀਤਾ ਕਰੇ, ਇਸ ਤਰਾਂ ਸਿਖਾਂ ਦੇ ਵਿਚ ਇਕ ਪੰਚਾਇਤੀ ਤਾਕਤ ਆਗਈ। ਅੰਮ੍ਰਿਤਸਰ ਵਿਚ ਅਕਾਲੀਆਂ ਦਾ ਇਕ ਜਥਾ ਬਣਗਿਆ ਜਿਨ੍ਹਾਂ ਦਾ ਫਰਜ਼ ਸੀ ਕਿ ਕੌਮ ਦੇ ਵਿਚ ਬੁਰੀਆਂ ਰੀਤਾਂ ਰਸਮਾਂ ਦਾ ਰਿਵਾਜ ਨਾ ਹੋਵੇ, ਬਹਾਦਰ ਧਰਮ ਦੀ ਰਖਜਾ ਕਰਨ, ਨੁਕਤ੍ਹਾਚੀਨੀ ਕਰਨ ਤੇ ਮਿਲਗੋਭਾ ਖਿਆਲਾਂ ਵਾਲੇ ਨਾ ਉਤਪਨ ਹੋਣ ਦੇਣ, ਅਕਾਲੀ ਕੌਮੀ ਮਸ਼ਵਰਿਆਂ, ਸੁਧਾਰ, ਉੱਨਤੀ ਦੇ ਕੰਮਾਂ ਤੇ

ਕੌਮੀ ਖ਼ਤਰਿਆਂ ਨੂੰ ਰੋਕਣ ਵਿਚ ਖਾਸ ਹਿਸਾ ਲਿਆ ਕਰਦੇ ਸੀ ਤੇ ਸਿਖਾਂ ਦੇ ਧਰਮ ਦਾ ਪ੍ਰਚਾਰ ਕੀਤਾ ਕਰਦੇ ਸਨ।

ਫਿਰ ਅਗੇ ਚੱਲਕੇ ਕਨਿੰਘਮ ਸਾਹਿਬ ਲਿਖਦੇ ਹਨ ਕਿ:–

"The akalies always dressed in the sacred blue garmets' were heavily armed and in addition carried several thin sharp edged quoits (the ancient discus) round their turbans, with which they cut down an enemy at a short distance. They kept up fighting spirit when affairs were not going well and the forlorn hope in many a fight.

ਅਕਾਲੀ ਨੀਲੇ ਬਸਤਰ ਪਾਂਦੇ, ਭਾਰੀ ਹਥਯਾਰ ਰਖਦੇ ਤੇ ਸਿਰ ਉਤੇ ਚੱਕਰ ਪੈਨਦੇ ਸਨ, ਕਈ ਵਾਰੀ ਨਿਰਾਸਤਾ ਦੇ ਵੇਲੇ ਇਨ੍ਹਾਂ ਦੀ ਬਹਾਦਰੀ ਕੌਮ ਦੀ ਸ਼ਾਨ ਨੂੰ ਕਾਇਮ ਰਖਦੀ, ਗੁਰਮਤਿਆਂ ਦੇ ਪੇਸ਼ ਹੋਣ ਸਮੇਂ: ਅਕਾਲੀ ਸੇਵਕਾਂ ਦਾ ਕੰਮ ਕਰਦੇ ਸਨ, ਅਰਥਾਤ ਕੌਮ ਨੂੰ ਸੱਦਣਾ, ਵਿਚਾਰ ਵਾਲੀ ਗਲ ਪੇਸ਼ ਕਰਨਾਂ, ਗੁਰਮਤਿਆਂ ਦਾ ਪ੍ਰਚਾਰ ਕਰਨਾਂ, ਓਹਨ੍ਹਾਂ ਨੂੰ ਆਪ ਵਰਤੋਂ ਵਿੱਚ ਲਿਆਉਣਾ ਤੇ ਦੂਜਿਆਂ ਤੋਂ ਅਮਲ ਕਰਾਣਾ।

ਜਥੇਦਾਰਾਂ ਬਾਬਤ ਇੰਜ ਲਿਖਦਾ ਹੈ:–

These Sirdars did not Exercise absolute

supermacy over their Misals the constitution of which was very democratic and these authorities of the chiefs limited...........Many of these chiefs were men of humble births-ploughmen, shephed on artisamsall loll stiring men who won their way to be heads of hands of Marauding horsemen. They ministered according to the Law laid down in the granth and levied tribute on or Protection money from the subdued tracts.

ਇਹ ਸਰਦਾਰ ਆਪਣੀਆਂ ਮਿਸਲਾਂ ਤੇ ਸ੍ਵਤੰਤ੍ਰਤਾ ਦਾ ਰਾਜ ਨਹੀਂ ਕਰਦੇ ਸੀ, ਮਿਸਲਾਂ ਦੀ ਬਨਾਵਟ ਹਦ-ਬੰਦੀ ਵਾਲੇ ਰਾਜ ਦੀ ਤਰਾਂ ਹੋਂਦੀ ਸੀ, ਅਰਥਾਤ ਸਰਦਾਰ ਦੀ ਤਾਕਤ ਪੁਰ ਜਥੇ ਦਾ ਕੁੰਡਾ ਹੋਂਦਾ ਸੀ, ਕਈ ਸਰਦਾਰ ਨਿਕੇ *ਘਰਾਂ ਦੇ ਸਨ, ਰਾਹਕ, ਆਜੜੀ, ਤੇ ਕ੍ਰਿਤੀ, ਕਿੰਤੂ ਅਸਲੀ ਬਹਾਦਰ ਜੇਹੜੇ ਕਿ ਆਪਣੀ ਸੂਰਮ ਗਤੀ ਵਿਖਾਕੇ ਸਰਦਾਰ ਬਣਦੇ ਸਨ। ਇਹ ਗੁਰੂ ਗ੍ਰੰਥ ਸਾਹਿਬ ਦੇ ਅਨੁਸਾਰੀ ਕਾਨੂੰਨ ਜਾਰੀ ਕਰਦੇ ਸਨ ਤੇ ਪ੍ਰਜਾ ਤੋਂ ਮਾਮਲਾ ਵਸੂਲ ਕਰਦੇ ਸੀ।

ਮੌਲਾਨਾ ਵਲੀ ਅੱਲਾ ਸਾਹਿਬ ਸਦੀਕੀ ਆਪਣੀ ਕਿਤਾਬ "ਆਈਨਾਏ ਬੈਰਾੜ ਬੰਸ" ਵਿੱਚ ਸਿਖਾਂ ਦੇ ਜਥੇਬੰਦ

---

*ਇਸ ਤੋਂ ਪ੍ਰਗਟ ਹੈ ਕਿ ਖਾਲਸੇ ਵਿਚ ਜਾਤ ਗੋਤ ਨੂੰ ਕੋਈ ਵਸ਼ੇਸ਼ਤਾ ਨਹੀ ਸੀ, ਸੇਵਾ ਪ੍ਰਧਾਨ ਸੀ ਤੇ ਹਰ ਇਕ ਵਾਸਤੇ ਉਨਤੀ ਦੇ ਰਾਹ ਖੁਲੇ ਸਨ।

ਹੋ ਪੰਜਾਬ ਨੂੰ ਆਪਨੇ ਪ੍ਰਬੰਧ ਵਿਚ ਕਰ ਲੈਣ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ:–

ਐਹਮਦ ਸ਼ਾਹ ਲਗਾਤਾਰ ਹਮਲਿਆਂ ਤੋਂ ਪਿੱਛੋਂ ਬਿਨਾਂ ਕਿਸੇ ਸਦੀਵ ਦੇ ਤੇ ਪਕੇ ਪ੍ਰਬੰਧ ਕੀਤੇ ਦੇ ਕਾਬਲ ਵੱਲ ਟੁਰ ਤੇ ਮੁੜ ਗਿਆ, ਆਪਣੀ ਥਾਂ ਤੇ ਕਾਬਲੀ-ਮਲ ਨੂੰ ਲਾਹੌਰ ਦਾ ਹਾਕਮ ਬਣਾਗਿਆ, ਸਿਖ ਇਕਠੇ ਹੋ ਗਏ, ਇੰਨਾਂ ਨੇ ਉਪ੍ਰੋਕਤ ਹਾਕਮ ਨੂੰ ਲਾਹੌਰ ਤੋਂ ਕਢ ਦਿਤਾ, ਦਰਯਾ ਜੇਹਲਮ ਤੋਂ ਸਤਲੁਜ ਤਕਣ ਸਾਰੇ ਇਲਾਕੇ ਆਪੋ ਵਿਚ ਵੰਡ ਲਏ, ਕੌਮੀ ਜੋਸ਼ ਦੇ ਬੁਖਾਰ ਜੋ ਮਜ਼ਹਬੀ ਰੰਗ ਨਾਲ ਰੰਗੇ ਹੋਏ ਸਨ ਦਿਲ ਖੋਹਲਕੇ ਕਢੇ, 'ਇਵਜ਼ਾ ਮੁਆਵਜ਼ਾ ਗਿਲਾ ਨਦਾਰਦ' (ਅਦਲੇ ਦਾ ਬਦਲਾ ਕੋਈ ਸ਼ਕਾਇਤ ਦੀ ਥਾਂ ਨਹੀਂ ਰਖਦਾ)

ਇਨਾਂ ਮਿਸਲਾਂ ਦਾ ਹਰ ਮਨੁਖ ਸੁਤੰਤਰ ਸੀ, ਆਜ਼ਾਦੀ ਨਾਲ ਕੰਮ ਕਰਨ ਤੇ ਸੁਤੰਤਰ ਰੈਹਣ ਦੇ ਵਿਚ ਹਰ ਇਕ ਦਾ ਆਚਾਰ, ਸਾਮਾਨ ਤੇ ਯੋਗਤਾ ਅਨੁਸਾਰ ਸੀ, ਹਰ ਇਕ ਆਕਾ (ਮਾਲਕ, ਸਰਦਾਰ) ਵੀ ਸੀ ਤੇ ਨੌਕਰ (ਸੇਵਾਦਾਰ) ਵੀ, ਸਰਦਾਰ ਵੀ ਸੀ ਤੇ ਮਾਤੈਹਤ ਵੀ, ਏਕਾਂਤ ਵਿਚ ਵਾਹਿਗੁਰੂ ਦਾ ਭਗਤ, ਫਕੀਰ ਤੇ ਸਮੁਚੇ ਪੰਥ ਦੇ ਨਾਲ ਮਿਲਕੇ ਸ਼ਤਰੂ ਦਾ ਲਹੂ ਵੀਟਣ ਵਾਲਾ ਮੌਤ ਦਾ ਫਰਿਸ਼ਤਾ, ਵਾਹਿਗੁਰੂ ਨੂੰ ਆਪਣਾ ਸੱਚਾ ਮਦਦਗਾਰ ਤੇ ਗੁਰੂ ਨਾਨਕ (ਜੀ ਸਾਹਿਬ ਦੇ) ਪੰਥ ਤੇ ਆਂਪਣੀ ਮੁਕਤੀ ਦਾ ਦਾਰੋ

ਮਦਾਰ ਸਮਝਦਾ ਸੀ, ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਸਿਖਯਾ ਦਾ ਬਖਸ਼ਿਆ ਹੋਇਆ ਲੋਹਾ ਓਹਦਾ ਹਥਯਾਰ ਸੀ''।

ਮੌਲਾਨਾ ਵਲੀ ਅੱਲਾ ਸਾਹਿਬ ਨੇ ਸਿੱਖ ਸਰਦਾਰਾਂ ਤੇ ਆਮ ਸਿੰਘਾਂ ਬਾਬਤ ਜੋ ਕੁਝ ਲਿਖਯਾ ਹੈ ਇਹ ਠੀਕ ਹੈ ਕਿ ਓਸ ਵੇਲੇ ਦੇ ਸਿਖ ਸਰਦਾਰ ਆਪਣੇ ਆਪ ਨੂੰ ਪੰਥ ਦਾ ਨਿਕੇ ਤੋਂ ਨਿੱਕਾ ਸੇਵਾਦਾਰ ਸਮਝਦੇ ਤੇ ਆਪਣੇ ਸਹ ਧਰ-ਮੀਆਂ ਦੀ ਖ਼ਿਦਮਤ ਕਰਣ ਵਿੱਚ ਆਪਣੇ ਆਪ ਨੂੰ ਸੁਭਾਗਾ ਜਾਣਦੇ ਸਨ, ਓਹਨਾਂ ਦਾ ਜੀਵਣ ਵਾਹਿਗੁਰੂ ਦੇ ਭਜਨ, ਦੇਸ਼, ਕੌਮ ਤੇ ਨਿਆਇ ਦੇ ਸ਼ਤਰੂਆਂ ਦੀ ਸੋਧ ਤੇ ਦੁਸ਼ਟਾਂ ਦੇ ਦਮਨ ਕਰਨ ਵਿੱਚ ਬਤੀਤ ਹੋਂਦਾ ਸੀ। ਕਿੰਤੂ ਕੌਮੀ ਜੋਸ਼ ਦੇ ਬੁਖ਼ਾਰ ਕਢਣ ਵਾਲੀ ਜੋ ਗੱਲ ਮੌਲਵੀ ਸਾਹਿਬ ਨੇ ਲਿਖੀ ਹੈ ਸਾਨੂੰ ਓਹਦੇ ਨਾਲ ਸੰਮਤੀ ਨਹੀਂ।

ਮੌਲਾਨਾ ਦਾ ਇਹ ਕੈਹਣਾ ਕਿ ਅਦਲੇ ਦਾ ਬਦਲਾ ਮਿਲ ਜਾਣ ਤੇ ਕੋਈ ਸ਼ਕਾਇਤ ਦੀ ਗੱਲ ਨਾਂ ਰਹੀ, ਇਹ ਪ੍ਰਗਟ ਕਰਦਾ ਹੈ ਕਿ ਪਹਿਲਾਂ ਮੁਸਲਮਾਨ ਹਾਕਮਾਂ ਨੇ ਸਿੱਖਾਂ ਤੇ ਜੋ ਅਕੈਹ ਤੇ ਅਸੈਹ ਸਖ਼ਤੀਆਂ ਕੀਤੀਆਂ ਸਨ, ਸਿੱਖਾਂ ਨੇ ਪੰਜਾਬ ਤੇ ਅਧਿਕਾਰ ਕਰਕੇ ਓਹਦਾ ਬਦਲਾ ਲਿਆ ਤੇ ਦਿਲ ਖੋਹਲ ਕੇ ਲਿਆ, ਜਿਸ ਕਰਕੇ ਓਹਦਾ ਕਿਸੇ ਤਰਾਂ ਦਾ ਗੁੱਸਾ ਉਲਾਂਭਾ ਮੁਸਲਮਾਨਾਂ ਵਲੋਂ ਨਹੀਂ ਦਿੱਤਾ ਜਾਣਾ ਚਾਹੀਦਾ, ਕਿੰਤੂ ਅਸੀਂ ਦੱਸ ਦੇਣਾ ਚਾਹੁੰਦੇ ਹਾਂ ਕਿ ਮੁਸਲਮਾਨ ਹਾਕਮਾਂ ਵਲੋਂ ਸਿੱਖਾਂ ਨਾਲ ਜੋ ਜੋ ਵਧੀਕੀਆਂ ਤੇ ਅਨੀਤੀਆਂ ਹੋਈਆਂ ਓਹਨਾਂ ਦਾ ਬਦਲਾ ਲੈਣ ਦੇ ਖ਼ਿਆਲ

ਤੇ ਖ਼ਾਲਸੇ ਨੇ ਕਦੇ ਤਲਵਾਰ ਹੱਥ ਵਿੱਚ ਨਹੀਂ ਫੜੀ ਤੇ ਨਾਂਹੀ ਕਦੇ ਇਸ ਤਰਾਂ ਦੇ ਨੀਵੇਂ ਦਰਜੇ ਦੇ ਖ਼ਿਆਲ ਖ਼ਾਲਸੇ ਦੇ ਨੇੜੇ ਢੁਕੇ ਹਨ ਤੇ ਨਾਂ ਇਸ ਖ਼ਿਆਲ ਤੋਂ ਕਿਸੇ ਦੀ ਜਾਨ ਲੈਣਾ ਖ਼ਾਲਸਾ ਉਚਿੱਤ ਸਮਝਦਾ ਹੈ। ਇਹ ਗੱਲ ਅਸੀਂ ਹੀ ਨਹੀਂ ਕੇਂਹਦੇ, ਓਸ ਵੇਲੇ ਦੇ ਮੁਸਲਮਾਨ ਇਤਹਾਸਕਾਰਾਂ ਦਾ ਵੀ ਇਹ ਹੀ ਫੈਸਲਾ ਹੈ, ਜਿਹਾ ਕਿਃ—

ਖੁਲਾਸਾ ਤੁਲ ਤਾਰੀਖ ਦਾ ਮੁਸਲਮਾਨ ਕਰਤਾ ਸਿਖਾਂ ਦੇ ਅੱਖੀਂ ਵੇਖੇ ਹਾਲਾਤ ਇੰਜ ਲਿਖਦਾ ਹੈਃ—

"ਖ਼ੇਸ਼ੋ ਬੇਗਾਨਾ ਦਰ ਨਜ਼ਰੇ ਏਸ਼ਾਂ ਯਕਸਾਂ, ਦੋਸਤੋ ਦੁਸ਼ਮਨ ਦਰ ਨਜ਼ਰੇ ਏਸ਼ਾਂ ਬਰਾਬਰ, ਬਾਦੋਸਤਾਂ ਯਕ ਰੰਗ, ਵ ਬਾ ਦੁਸ਼ਮਨਾਂ ਬੇ ਜੰਗ ਜ਼ੀਸਤ ਮੇ ਕੁਨੰਦ।

ਅਰਥਾਤ ਆਪਣਾ ਤੇ ਬਿਗਾਨਾ ਇੰਨਾਂ ਦੀ ਨਜ਼ਰ ਵਿੱਚ ਇਕੋ ਜਿਹਾ ਹੈ ਤੇ ਇਨ੍ਹਾਂ ਦੇ ਸਾਹਮਣੇ ਦੋਸਤ ਦੁਸ਼ਮਨ ਬਰਾਬਰ ਹਨ, ਦੋਸਤਾਂ ਨਾਲ ਮਿਤਰਾਈ ਤੇ ਦੁਸ਼ਮਣਾਂ ਨਾਲ ਬਿਨਾਂ ਲੜਾਈ, ਦਿਲ ਦੀ ਸਫਾਈ ਨਾਲ ਦਿਨ ਬਿਤਾਂਦੇ ਹਨ।

ਅਸਲ ਗੱਲ ਇਹ ਹੀ ਹੈ ਜੋ ਉੱਪਰ ਅਸੀਂ ਦਸ ਆਏ ਹਾਂ ਤੇ ਦੋ ਮੁਸਲਮਾਨ ਇਤਹਾਸਕਾਰਾਂ ਦੀ ਲਿਖਤ ਵਿਚੋਂ ਦੱਸ ਆਏ ਹਾਂ ਕਿ ਮੁਸਲਮਾਨ ਹਾਕਮਾਂ ਤੇ ਓਹਨਾਂ ਦੇ ਸਾਥੀਆਂ ਦੇ ਵਲੋਂ ਹਿੰਦੂ ਤੇ ਮੁਸਲਮਾਨ ਪ੍ਰਜਾ ਤੇ ਜੋ ਜ਼ੁਲਮ ਹੋਂਦੇ ਸਨ, ਓਹਨਾਂ ਤੋਂ ਪ੍ਰਜਾ ਨੂੰ ਬਚਾਣ ਵਾਸਤੇ ਖਾਲਸਾ ਜੀ ਨੇ ਸੋਧ ਦਾ ਕੰਮ ਸ਼ੁਰੂ ਕੀਤਾ, ਇਹ ਸੋਧ ਬਦਲਾ ਲੈਣ ਦੇ ਖਿਆਲ ਤੋਂ ਨਹੀਂ ਸੀ, ਬਲਕੇ ਸੁਧਾਰ ਦੇ ਖਿਆਲ

ਤੋਂ ਸੀ, ਸਾਡੀ ਇਸ ਗੱਲ ਦਾ ਪ੍ਰਮਾਣ ਇਹ ਹੈ ਕਿ ਜਿਥੇ ਖਾਲਸਾ ਜੀ ਨੇ ਸੋਧ ਸਮੇਂ ਅਨੀਤੀਆਂ ਤੇ ਵਧੀਕੀਆਂ ਕਰਣ ਵਾਲੇ ਜ਼ਾਲਮਾਂ ਤੇ ਹੈਂਕੜਖੋਰਿਆਂ ਨੂੰ ਅਸਰ ਉਤਪਨ ਕਰਨ ਵਾਲੇ ਡੰਡ ਦਿਤੇ, ਉਥੇ ਪ੍ਰਜਾ ਨੂੰ ਹਰ ਤਰਾਂ ਦੀ ਲੁਟ ਕੁਟ ਤੋਂ ਬਚਾਈ ਰੱਖਯਾ, ਜਿਹਾ ਕਿ ਸੱਯਰਉਲ ਮੁਤਾਖ਼ਰੀਨ ਦੇ ਕਰਤਾ ਨੇ ਆਪਣੀ ਅੱਖੀਂ ਡਿਠੇ ਹਾਲਾਤ ਦੇ ਅਧਾਰ ਤੇ ਲਿਖਯਾ ਹੈ ਕਿਃ—

"ਕਿੰਤੂ ਲਾਹੌਰ ਤੇ ਮੁਲਤਾਨ ਅਬਦਾਲੀ ਦੇ ਅਧੀਨ ਰਿਹਾ ਤੇ ਇਹਨਾਂ ਦੋਹਾਂ ਸੂਬਿਆਂ ਦਾ ਪ੍ਰਬੰਧ ਅਜ ਤਕ ੧੧੯੫ ਹਿਜਰੀ ਤੱਕਣ ਤਸੱਲੀ ਵਾਲਾ ਨਹੀਂ ਹੋਇਆ, ਸਿਖਾਂ ਦਾ ਖਾਸਾ ਜ਼ੋਰ ਹੈ, ਹਰ ਜ਼ਿਲੇ ਵਿੱਚ ਇਨ੍ਹਾਂ ਦੇ ਸਰਦਾਰ ਬੜੀ ਇਜ਼ਤ ਤੇ ਪਤ ਆਬਰੋ ਨਾਲ ਵਸਦੇ ਰਸਦੇ ਹਨ, ਪ੍ਰਜਾ ਨੂੰ ਇਨ੍ਹਾਂ ਨੇ ਆਪਣੇ ਚੰਗੇ ਸਲੂਕ ਨਾਲ ਖੁਸ਼ ਕਰਕੇ ਆਬਾਦ ਕਰ ਲਿਆ ਹੈ, ਕਿੰਤੂ ਲਾਹੌਰ ਸ਼ੈਹਰ ਦੀ ਓਹ ਹਾਲਤ ਨਹੀਂ ਰਹੀ, ਇਥੋਂ ਦੀ ਵੱਸੋਂ ਤੰਗੀ ਵਿੱਚ ਦਿਨਕਟੀ ਕਰਦੀ ਹੈ, ਬਹੁਤੇ ਤਾਂ ਸ਼ੈਹਰ ਛਡ ਗਏ ਹਨ ਤੇ ਬਹੁਤੇ ਆਪ-ਣੀਆਂ ਕੁੱਲੀਆਂ ਵਿੱਚ ਬੈਠੇ ਆਪਣੇ ਵਡਿਆਂ ਦਾ ਨਾਮ ਰੋਸ਼ਨ ਕਰ ਰਹੇ ਹਨ। (ਜਿਲਦ ੩ ਸਫਾ ੭੬)

ਸੱਯਰਉਲ ਮੁਤਾਖ਼ਰੀਨ ਦੇ ਲੇਖਕ ਨੇ ਓਸ ਵੇਲੇ ਦੀ ਮੁਸਲਮਾਨੀ ਹਕੂਮਤ ਦੇ ਨਾਲ ਸਿੱਖ ਰਾਜ ਦਾ ਟਾਕਰਾ ਕਰਕੇ ਦੱਸਿਆ ਹੈ, ਕਿ ਜੇਹੜੇ ਜੇਹੜੇ ਇਲਾਕੇ ਸਿੱਖਾਂ ਦੇ ਅਧੀਨ ਹੋਗਏ ਹਨ ਓਥੇ ਅਮਨ ਅਮਾਨ ਦਾ ਰਾਜ ਹੈ, ਪ੍ਰਜਾ

ਦੇ ਦੁਖ ਸੁਖ ਦਾ ਪੂਰਾ ਖਿਆਲ ਰਖਜਾ ਜਾਂਦਾ ਹੈ, ਡੰਡੇ ਦੇ ਨਾਲ ਲੋਕਾਂ ਨੂੰ ਡਰਾ ਤੇ ਧਮਕਾ ਕੇ ਝੂਠਾ ਰੋਹਬ ਬਠਾਣ ਦਾ ਯਤਨ ਨਹੀਂ ਕੀਤਾ ਜਾਂਦਾ, ਬਲਕੇ ਲੋਕਾਂ ਦੇ ਸਰੀਰਾਂ ਦੀ ਥਾਂ ਦਿਲਾਂ ਨੂੰ ਆਪਣੇ ਚੰਗੇ ਸਲੂਕ ਨਾਲ ਕਾਬੂ ਕੀਤਾ ਜਾਂਦਾ ਹੈ, ਸਰਦਾਰ ਖ਼ਲਕਤ ਤੋਂ ਖੁਸ਼ ਹਨ ਤੇ ਪ੍ਰਜਾ ਸਰਦਾਰਾਂ ਤੇ ਰਾਜ਼ੀ, ਮੁਲਕ ਸੁਖੀ ਸੁਖੀ ਵੱਸ ਰੱਸ ਰਿਹਾ ਹੈ।

ਸੱਯਰਉਲ ਮੁਤਾਖ਼ਰੀਨ ਦੇ ਕਰਤਾ ਨੇ ਅਕਬਰ ਬਾਦ-ਸ਼ਾਹ ਦੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਵਿੱਚ ਹਾਜ਼ਰ ਹੋਣ ਦਾ ਜ਼ਿਕਰ ਵੀ ਕੀਤਾ ਹੈ, ਤੇ ਲਿਖਜਾ ਹੈ ਕਿ ਜਦ ਅਕਬਰ ਗੁਰੂ ਜੀ ਨੂੰ ਮਿਲਯਾ ਤਦ ਗੁਰੂ ਸਾਹਿਬ ਨੇ ਅਕਬਰ ਨੂੰ ਕਿਹਾ ਕਿਃ—

"ਤੁਹਾਡੇ ਲਸ਼ਕਰ ਦੇ ਪੰਜਾਬ ਵਿੱਚ ਆਉਣ ਨਾਲ ਅਨਾਜ ਮੈਂਹਗਾ ਹੋ ਗਿਆ ਸੀ, ਇਸ ਕਰਕੇ ਮਾਮਲਾ ਵਧਾ ਦਿੱਤਾ ਗਿਆ, ਲਸ਼ਕਰ ਦੇ ਟੁਰ ਜਾਣ ਨਾਲ ਅਨਾਜ ਸਸਤਾ ਹੋਗਿਆ, ਪ੍ਰਜਾ ਓਹ ਵਧਿਆ ਹੋਯਾ ਮਾਮਲਾ ਦੇਣ ਤੋਂ ਅਸਮਰਥ ਹੈ।"

"ਇਹ ਗੱਲ ਸੁਣਕੇ ਅਕਬਰ ਨੇ ੧੦, ੧੨ ਦੇ ਹਿਸਾਬ ਮਾਮਲਾ ਘਟਾ ਦਿੱਤਾ ਤੇ ਹੁਕਮ ਦਿੱਤਾ ਕਿ ਕੋਈ ਹਾਕਮ ਪ੍ਰਜਾ ਨੂੰ ਮਾਮਲਾ ਵਸੂਲ ਕਰਨ ਵਿੱਚ ਤੰਗ ਨਾਂ ਕਰੇ।" [ਜਿਲਦ ੧

ਉਪ੍ਰੋਕਤ ਦੋਨਾਂ ਪ੍ਰਮਾਣਾਂ ਤੋਂ ਪ੍ਰਗਟ ਹੈ ਕਿ ਸਿਖਾਂ ਨੇ ਆਪਣੇ ਸਮੇਂ ਦੇ ਹਾਕਮ ਨੂੰ ਆਪਣੇ ਤੇ ਪ੍ਰਜਾ ਵੱਲੋਂ ਇੱਕ ਹੀ ਗਲਦਾ ਸੁਨੇਹਾ ਦਿਤਾ ਕਿ ਜ਼ੁਲਮ ਕਰਨ ਤੋਂ ਹਟ ਜਾਓ, ਤੇ

ਪ੍ਰਜਾ ਨਾ ਸਤਾਓ, ਕਿਉਂਕਿ ਇਹ ਹੀ ਦੋ ਚੀਜ਼ਾਂ ਹਨ, ਜਿਨ੍ਹਾਂ ਦੇ ਸਿਰ ਤੇ ਸਲਤਨਤ ਦੀ ਕਾਇਮੀ ਤੇ ਪਕਿਆਈ ਹੈ।

ਗੁਰੂ ਸਾਹਿਬ ਨੇ ਅਕਬਰ ਨੂੰ ਘਰ ਆਇਆਂ ਵੇਖ ਕੇ ਤੇ ਜਦ ਓਸਨੇ ਜਾਗੀਰ ਦੇਣ ਦੀ ਯਾਚਨਾ ਕੀਤੀ ਤਦ ਆਪਣੇ ਜ਼ਾਤੀ ਲਾਭ ਨੂੰ ਪਿਛੇ ਸੁੱਟ, ਰੱਬ ਦੇ ਬੰਦਿਆਂ ਦੀ ਭਲਿਆਈ ਦੀ ਪ੍ਰੇਰਨਾ ਕੀਤੀ, ਠੀਕ ਉਸੇ ਹੀ ਤਰਾਂ ਦੀ ਜਦ ਅਨਿਆਈ ਹਾਕਮਾਂ ਨੂੰ ਪ੍ਰਜਾ ਤੇ ਜ਼ੁਲਮ ਕਰਦੇ ਵੇਖਯਾ ਤਦ ਖਾਲਸੇ ਨੇ ਤਲਵਾਰਾਂ ਨਾਲ ਦੇਸ਼, ਕੌਮ ਤੇ ਮਨੁਖ ਜਾਤੀ ਦੇ ਸ਼ਤਰੂਆਂ ਦੀ ਗਰਦਨ ਕੱਟਣ ਦੀ ਛਣਕਾਰ ਤੋਂ ਓਹਨਾਂ ਦੇ ਕੰਨਾਂ ਤਕ ਇਹ ਸੰਦੇਸਾ ਪੁਚਾਇਆ:—

ਖ਼ਲਕ ਖ਼ਾਲਕ ਦੀ ਜਾਣ ਕੇ ਖ਼ਲਕ ਦੁਖਾਵੈ ਨਾਹਿ,
ਖ਼ਲਕ ਦੁਖੇ ਨੰਦ ਲਾਲ ਜੀ ਖਾਲਕ ਕੋਪਹਿ ਤਾਂਹਿ।

ਕਿੰਤੂ ਸ਼ੋਕ ਤੇ ਮਹਾਂ ਸ਼ੋਕ ਹੈ ਕਿ ਇਨ੍ਹਾਂ ਮਹਾਂ ਬੀਰਾਂ, ਮਹਾਂ ਪ੍ਰਾਕਰਮੀਆਂ, ਮਹਾਂ ਯੋਗੀਆਂ, ਮਹਾਂ ਪੁਰਸ਼ਾਂ, ਮਹਾਂ ਤਯਾਗੀਆਂ ਅਤੇ ਨੀਤੀ ਨਿਪੁੰਨ ਸਿਖਾਂ ਦੀਆਂ, ਜੀਆ ਦਾਨ ਦੇਣ ਵਾਲੀਆਂ ਜੀਵਣੀਆਂ ਤੋਂ ਹੁਣ ਤਕ ਸੰਸਾਰ ਦੇ ਕੰਨ ਅਨਜਾਣ ਹਨ, ਸੈਂਕੜੇ ਤੇ ਹਜ਼ਾਰਾਂ ਨਹੀਂ ਲਖਾਂ ਦੇਸ਼ ਤੇ ਨਿਛਾਵਰ ਹੋ ਚੁਕੀਆਂ ਪਵਿਤਰ ਆਤਮਾਂ, ਕੌਮ ਪਿਛੇ ਮਰ-ਮਿਟੇ ਸ਼ਹੀਦਾਂ, ਜਿਨਾਂ ਨੇ ਮਨੁਖਾਂ ਦੀ ਵਯਕਤੀਗਤ ਤੇ ਸਮੁਚੀ ਸੁਤੰਤਰਤਾ, ਸਹਿਨ ਸੀਲਤਾ, ਏਕਤਾ ਤੇ ਵਾਹਿਗੁਰੂ ਦੀ ਭਗਤੀ ਦੀ ਯਗਵੇਦੀ ਓਤੇ ਆਪਣੇ ਸ੍ਰੀਰ ਦੇ ਖ਼ੂਨ ਦੀ ਅੰਤਮ ਬੂੰਦ ਤੱਕਣ ਭੇਟ ਚੜ੍ਹਾ ਦਿਤੀ, ਓਹਨਾਂ ਦੇ ਨਾਮ ਤੇ ਕੰਮ ਉਤੇ ਅੰਧੇਰੇ ਦੇ ਪ੍ਰਦੇ ਪਏ ਹੋਏ ਹਨ, ਦੂਜਿਆਂ ਤਾਂ ਇਨ੍ਹਾਂ ਨੂੰ

ਰੌਸ਼ਨੀ ਵਿਚ ਲਿਆਉਣ ਦੀ ਕੀ ਕੋਸ਼ਸ਼ ਕਰਨੀ ਸੀ, ਖ਼ੁਦ ਖ਼ਾਲਸਾ ਜੀ ਨੇ ਜਿਨਾਂ ਦੇ ਨਾਲ ਇਨ੍ਹਾਂ ਦਾ ਧਰਮ ਦਾ, ਸੂਬੇ ਦਾ, ਕੌਮ ਦਾ, ਇਜ਼ਤ ਦਾ, ਵਤਨ ਦਾ ਤੇ ਖ਼ੂਨ ਦਾ ਡੂੰਘਾ ਸੰਬੰਧ ਹੈ, ਇਸ ਪਾਸੇ ਧਿਆਨ ਨਹੀਂ ਦਿਤਾ।

ਐਸ ਵੇਲੇ ਇਸ ਗਲ ਤੇ ਵਿਚਾਰ ਕਰਨ ਦੀ ਲੋੜ ਨਹੀਂ ਕਿ ਇਤਹਾਸ ਜਹੀ ਜ਼ਰੂਰੀ ਚੀਜ਼ ਦੇ ਵਲ ਸਾਨੂੰ ਧਯਾਨ ਦੇਣ ਦਾ ਸਮਾਂ ਨਹੀਂ ਮਿਲਯਾ ਜਾਂ ਅਸਾਂ ਆਪਣੀ ਬੇਪ੍ਰਵਾਹੀ ਨਾਲ ਇਧਰ ਖਿਆਲ ਨਹੀਂ ਕੀਤਾ, ਕਿੰਤੂ ਕੁਝ ਵੀ ਹੋਵੇ ਇਹ ਦਾ ਸਿੱਟਾ ਸਾਡੇ ਵਾਸਤੇ ਅਤਿ ਭਯਾਨਕ ਨਿਕਲਯਾ ਹੈ, ਤੇ ਸਾਨੂੰ ਭਾਰੀ ਨੁਕਸਾਨ ਪੁਜਾ ਹੈ, ਕਿਉਂਕਿ ਸਾਡੇ ਕਈ ਸਜਣਾਂ ਨੇ, ਈਰਖਾ ਤੇ ਦ੍ਵੈਖ ਤੋਂ ਤੇ ਕਈਆਂ ਅਨਜਾਣ ਪੁਣੇ ਸਾਡੀ ਕੌਮ ਪ੍ਰਸਤੀ ਤੇ ਦੇਸ਼ ਦੇ ਪਯਾਰ ਦੇ ਕਾਰਨਾਮਿਆਂ ਨੂੰ ਸ੍ਵਾਰਥ, ਤੇ ਧਰਮ ਦੇ ਵਾਸਤੇ ਕੀਤੀਆਂ ਕੁਰਬਾਨੀਆਂ ਨੂੰ ਜ਼ਾਤੀ ਗਲ ਦੱਸਕੇ ਸਿਖ ਇਤਹਾਸ ਨੂੰ ਇਸ ਤਰਾਂ ਦੀ ਰੰਗਤ ਦੇ ਦਿਤੀ ਹੈ, ਕਿ ਇਸ ਨੂੰ ਪੜ੍ਹਨ ਵਾਲਾ ਇਹ ਸਮਝ ਲੈਣ ਵਾਸਤੇ ਮਜਬੂਰ ਹੋ ਜਾਂਦਾ ਹੈ ਕਿਃ–

'ਇਹ ਲੋਕ ਡਾਕੂ, ਲੁਟੇਰੇ ਤੇ ਧਾੜਵੀ ਸਨ, ਜਿਨ੍ਹਾਂ ਨੇ ਦੇਸ਼ ਦੇ ਕਾਨੂੰਨ ਤੇ ਸਭਯਤਾ ਨੂੰ ਛਿਕੇ ਤੇ ਰਖ ਕੇ ਹਾਕਮਾਂ ਨੂੰ ਹੈਰਾਨ ਤੇ ਪ੍ਰਜਾ ਨੂੰ ਪ੍ਰੇਸ਼ਾਨ ਕਰ ਰਖਯਾ ਸੀ' ਕਿੰਤੂ ਇਸ ਤੋਂ ਵੀ ਵ੍ਧੀਕ ਸ਼ੋਕ ਦੀ ਗਲ ਇਹ ਹੈ ਕਿ ਜਿਨ੍ਹਾਂ ਨਾਮ ਧਰੀਕ ਸਿਖਾਂ ਨੇ ਇਤਹਾਸ ਲਿਖਣ ਲਈ ਕਲਮ ਚੁਕੀ ਹੈ, ਓਹਨਾਂ ਨੇ ਥੋੜੀ ਵਿਦਯਾ ਹੋਣ ਦੇ ਕਾਰਨ ਹੱਠ

ਧਰਮੀਆਂ ਤੇ ਸਿਖਾਂ ਦੇ ਕੱਟਰ ਵੈਰੀਆਂ ਦੀਆਂ ਲਿਖਤਾਂ ਬਿਨਾਂ ਖੋਜ ਕੀਤੇ ਤੇ ਸੋਚੇ ਸਮਝੇ ਤੁਕ ਬੰਦੀ ਕਰ ਆਪਣੇ ਨਾਮ ਤੇ ਪ੍ਰਕਾਸ਼ਤ ਕਰ ਕੇ ਆਪਣੇ ਆਪਨੂੰ "ਬੁਕਲ ਦਾ ਸਪ" ਸਾਬਤ ਕੀਤਾ ਤੇ ਕਰ ਰਹੇ ਹਨ।

ਪਾਠਕ ਅਗਲੇ ਪੰਨਿਆਂ ਵਿੱਚ ਇਸ ਭਯਾਨਕ ਸਮੇਂ ਦੇ ਇਕ ਕੌਮੀ ਸ਼ਹੀਦ ਦੇ ਹਾਲ ਪੜ੍ਹਨਗੇ ਜੋ ਆਪਣੇ ਸਮੇਂ ਦਾ ਸ਼ੇਰ ਦਿਲ, ਬਹਾਦਰ, ਸਿੱਖ ਧਰਮ ਦਾ ਮਤ-ਵਾਲਾ, ਗੁਰੂ ਪੰਥ ਦਾ ਸ਼ੁਭਚਿੰਤਕ ਤੇ ਅਨਾਥਾਂ ਤੇ ਦੁਖੀਆਂ ਦਾ ਵਾਹਰੂ ਹੋਣ ਤੇ ਵੀ ਅਸਿਖ ਤੇ ਓਹਨਾਂ ਦੇ ਪੈਤੜਿਆਂ ਤੇ ਚਲਣ ਵਾਲੇ ਸਿਖ ਇਤਹਾਸਕਾਰਾਂ ਦੀਆਂ ਅੱਖਾਂ ਵਿੱਚ ਰੜਕਦਾ ਰਿਹਾ।

ਵਾਕਿਆਤ ਨਵੇਂ ਨਹੀਂ, ਫਰਕ ਕੇਵਲ ਇੰਨਾਂ ਹੈ ਕਿ ਓਹਨਾਂ ਨੇ ਪੱਖਪਾਤੀ ਲੇਖਕਾਂ ਦੇ ਈਰਖਾ ਤੇ ਦ੍ਵੈਖ ਨਾਲ ਦਗਧ ਹੋਏ ਹੋਏ ਦਿਲਾਂ ਨਾਲ ਬਣਾਈ ਸਮਤੀ ਨੂੰ ਆਪਣੀ ਸਮਤੀ ਬਣਾਕੇ ਲਿੱਖਣ ਚਕੀ ਹੈ, ਕਿੰਤੂ ਮੈਂ ਵਾਕਿਆਤ ਪੇਸ਼ ਕਰ ਦਿਤੇ ਹਨ, ਜਿਸਤੋਂ ਨਤੀਜੇ ਵਿੱਚ ਧਰਤੀ ਤੇ ਅਕਾਸ਼ ਜਿੰਨਾਂ ਪਾੜਾ ਪੈ ਗਿਆ ਹੈ।

ਇਨ੍ਹਾਂ ਪੰਨਿਆਂ ਦੇ ਵਿਚਾਰ ਸਹਿਤ ਪਾਠ ਤੋਂ ਪਾਠਕਾਂ ਨੂੰ ਵਿੱਦਤ ਹੋ ਜਾਵੇਗਾ ਕਿ ਇਨ੍ਹਾਂ ਪੰਜਾਂ ਦਰਯਾਵਾਂ ਦੇ ਵਿਚ-ਕਾਰ ਦੀ ਧਰਤੀ ਨੇ ਕਿਸ ਕਿਸ ਤਰਾਂ ਦੇ ਬਹਾਦਰ, ਦਲੇਰ, ਨੀਤੱਗਯ, ਵਾਹਿਗੁਰੂ ਦੇ ਭਗਤ ਤੇ ਕਿਸੇਦਾ ਦਿਲ ਨਾਂ ਦੁਖਾਣ .

ਵਾਲੇ ਮਨੁਖ ਉਤਪਨ ਕੀਤੇ ਤੇ ਗੁਰੂ ਨਾਨਕ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤ੍ਰ ਬਾਣੀ ਨੇ ਆਪਣੇ ਕਰਾ-ਮਾਤੀ ਅਸਰ ਨਾਲ ਦੇਸ਼ ਭਗਤੀ, ਕੌਮੀ ਪਯਾਰ ਤੇ ਸ੍ਵੈਸਤ ਕਾਰ ਦੀ ਰੂਹ ਮਨੁਖਾਂ ਦੇ ਹਿਰਦਿਆਂ ਵਿੱਚ ਕਿਸ ਤਰਾਂ ਫੂਕੀ? ॥

ਸੇਵਾ ਸਿੰਘ
ਸ੍ਰੀ ਅੰਮ੍ਰਿਤਸਰ ਜੀ
੧–੩–੧੯੨੫



ਕਰੋੜੀਆਂ ਦੀ ਮਿਸਲ

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਸ਼ੁਭ ਸਿਖਯਾ ਆਪਣੀਆਂ ਤੇਜ਼ ਕ੍ਰਿਨਾਂ ਨਾਲ, ਮੂਰਖਤਾ ਤੇ ਅਵਿਦਯਾ ਦੇ ਬਦਲਾਂ ਨੂੰ ਮਨੁਖਾਂ ਦੇ ਦਿਲਾਂ ਵਿਚੋਂ ਉਡਾ ਰਹੀਆਂ ਸਨ, ਗੁਰੂ ਗੋਬਿੰਦ ਸਿੰਘ ਸਾਹਿਬ ਜੀਦੀ ਪਵਿੱਤਰ ਬਾਣੀ ਆਤਮਕਜਗਤ ਵਿਚ ਡੰਭ, ਫਰੇਬ, ਧੋਖੇ, ਮਕਰ ਤੇ ਫਰੇਬ ਦੇ ਜਾਲ ਵਿਛਾਣ ਵਾਲਿਆਂ ਨੂੰ ਅਸਲੀ ਸ਼ਕਲ ਵਿਚ ਵਿਖਾ ਠੰਢ ਵਰਤਾ, ਸ਼ਾਂਤੀ ਪ੍ਰਦਾਨ ਕਰ ਰਹੀ ਸੀ। ਗੁਰੂ ਸਾਹਿਬ ਦੇ ਕਰਨੀ ਵਾਲੇ ਜੀਵਣਾਂ ਦੀ ਰੌਸ਼ਨੀ ਤੋਂ ਲੋਕਾਂ ਦੇ ਦਿਲ ਰੱਬੀ ਨੂਰ ਦੇ ਨਾਲ ਤੂਰ ਪਹਾੜ ਵਾਂਗ ਜਗਮਗਾ ਰਹੇ ਸਨ।

ਇਸ ਮੁਹੱਬਤ ਤੋਂ ਖ਼ਾਲੀ, ਏਕੇ ਤੋਂ ਅਨਜਾਣ ਸਮਤਾ ਤੋਂ ਬੇਖ਼ਬਰ, ਸਹਨ ਸੀਲਤਾ ਵੱਲੋਂ ਫਾਡੀ ਤੇ ਸ਼ੁਭਗੁਣਾਂ ਵੱਲੋਂ ਬੇਨਸੀਬ ਮੁਲਕ ਦੀ ਵਸੋਂ ਦੇ ਸਾਹਮਣੇ ਖ਼ਾਲਸਾ ਜੀ ਆਪਣੀ ਕਰਨੀ ਤੇ ਕੈਹਣੀ ਦਾ ਚਾਨਣ ਮੁਨਾਰਾ ਬਣਾ, ਦੇਸ਼ ਤੇ ਕੌਮ ਦੀ ਬੇਹਤਰੀ ਦਾ ਬੁਲਾਵਾ ਤੇ ਏਕੇ ਦੀ ਦਾਵਤ ਦੇ ਰਹੇ ਸਨ, ਕਿੰਤੂ ਇਸ ਮੁਰਦੇ-ਪੂਜ ਜਗਤ ਦਾ ਇਹ ਨਿਯਮ ਹੋਗਿਆ ਹੈ ਕਿ ਜੇਹੜੇ ਇਹ ਦੇ ਕਲੇਸ਼ਾਂ ਤੋਂ ਕਲੇਸ਼ਾਂਤਰ ਹੋ ਇਸ ਦੇ ਬਚਾਓ ਦੇ ਵਾਸਤੇ ਆਪਣੇ ਸਿਰ ਤੇ ਮੁਸੀਬਤਾਂ ਦੇ ਪਹਾੜ ਓਠਾਣ ਨੂੰ ਤਯਾਰ ਹੋ ਜਾਣ, ਇਹ ਓਹਨਾਂ ਨੂੰ ਔਕੜਾਂ ਵਿਚ ਫਸਾਣ, ਦੁਖਾਂ ਦੇ ਸਾਗਰ ਵਿਚ ਡੁਬਾਣ ਤੇ ਫਾਂਸੀ ਪੁਰ

ਲਟਕਾਣ ਤੱਕ ਲਈ ਤਯਾਰ ਹੋ ਜਾਂਦੇ ਹਨ। ਕਿੰਤੂ ਜਦ ਓਹ ਇਨ੍ਹਾਂ ਦੇ ਹਥੋਂ ਇਸ ਸਰੀਰ ਨੂੰ ਤੁਛ ਜਾਣ ਤਯਾਗ ਦੇਂਦੇ ਹਨ, ਤਦ ਇਹ ਓਹਨਾਂ ਦੇ ਸੋਹਲੇ ਗਾਉਂ ਦੇ, ਪਵਿੱਤਰਤਾ ਦੇ ਰਾਗ ਅਲਾਪਦੇ ਤੇ ਗੁਣਾਂ ਦੇ ਵਰਨਨ ਕਰਦੇ ਹੋਏ ਧਰਤੀਤੇ ਅਕਾਸ਼ ਨੂੰ ਇਕ ਕਰਵਿਖਾਂਦੇ ਹਨ ਤੇ ਓਹਨਾਂ ਦੀ ਯਾਦ ਵਿਚ ਇਨ੍ਹਾਂ ਦੀਆਂ ਅੱਖੀਆਂ ਵਿਚੋਂ ਨਾ ਮੁਕਣ ਵਾਲੇ ਅਥਰੂਆਂ ਦੇ ਸੋਮੇਂ ਵਗਣੇ ਸ਼ੁਰੂ ਹੋ ਜਾਂਦੇ ਹਨ।

ਸਿਖ ਵੀ ਇਸੇ ਸੰਸਾਰ ਤੇ ਰੈਂਹਦੇ ਸਨ, ਇਨ੍ਹਾਂ ਦੇ ਨਾਲ ਇਹ ਸਲੂਕ ਹੋਣਾ ਸੁਭਾਵਕ ਸੀ, ਜਿਸ ਰਾਜ ਦਾ ਇਹ ਸੁਧਾਰ ਕਰਨਾ ਚਾਹੁੰਦੇ ਸੀ, ਓਹ ਇੰਨਾਂ ਨੂੰ ਖ਼ੁਵਾਰ ਕਰਨ ਤੇ ਤੁਲ ਗਿਆ, ਜਿੰਨਾਂ ਲੋਕਾਂ ਦੀ ਭਲਿਆਈ ਲਈ ਇਹਨਾਂ ਤਲਵਾਰ ਉਠਾਈ, ਉਲਟੇ ਓਹਨਾਂ ਨੇ ਹੀ ਇਨਾਂ ਨਾਲ ਲੜਾਈ ਛੇੜ ਦਿਤੀ, ਜਿਨ੍ਹਾਂ ਦੇ ਬਚਾਓ ਲਈ ਇਨ੍ਹਾਂ ਧਨ, ਧਾਮ ਤੇ ਆਪਣੇ ਸੁਖ ਚੈਨ ਤਯਾਗੇ, ਓਹਨਾਂ ਇਹਨਾਂ ਦੇ ਕਤਲ ਦੇ ਸਾਮਾਨ ਉਤਪਨ ਕਰਾ ਦਿਤੇ, ਕਿੰਤੂ ਇਹ ਸਭ ਕੁਝ ਹੋਂਦਿਆਂ ਵੀ ਸਿਖ ਕੌਮ ਵਧੀ, ਆਨ, ਬਾਨ ਤੇ ਸ਼ਾਨ ਨਾਲ ਵਧੀ, ਸ਼ਤਰੂਆਂ ਦੀਆਂ ਅੱਖਾਂ ਦੇ ਸਾਹਮਣੇ ਵਧੀ, ਆਪਣੀ ਸਚਾਈ ਦੇ ਜ਼ੋਰ ਨਾਲ ਵਧੀ, ਓਹਨਾਂ ਦੀਆਂ ਗਰਦਨਾਂ ਝੁਕਾਕੇ ਵਧੀ, ਸਿਖਾਂ ਦੇ ਪਵਿੱਤਰ ਜੀਵਣ ਤੇ ਬੇਦਾਗ਼ ਜ਼ਿੰਦ-ਗੀਆਂ, ਭਗਤੀ ਭਾਵ ਤੇ ਅਦੁਤੀ ਕੁਰਬਾਨੀਆਂ ਦੇ ਬਲ ਨਾਲ ਦਿਨ ਦੂਣੀ ਤੇ ਰਾਤ ਚੌਣੀ ਵਧੀ।

ਅੰਮ੍ਰਿਤਸਰ ਜੀ ਤੋਂ ੨੨ਕੁ ਮੀਲ ਦੀ ਵਿਥ ਤੇ ਨਾਰਲੀ ਨਾਮ ਦਾ ਇਕ ਪਿੰਡ ਹੈ, ਜਿਸ ਸਮੇਂ ਦਾ ਅਸੀਂ ਜ਼ਿਕਰ ਕਰਣ

ਲਗੇ ਹਾਂ ਓਹਨੀ ਦਿਨੀਂ ਇਥੇ ਸਿੱਧੂ ਜੱਟਾਂ ਦੀ ਵਸੋਂ ਸੀ, ਮਾਲੀ ਨਾਮ ਦਾ ਇਕ ਜੱਟ ਇਥੋਂ ਦਾ ਵਾਸੀ, ਆਪਣੀਆਂ ਦੁਕਾਨਾਂ, ਮਕਾਨਾਂ, ਜ਼ਮੀਨਾਂ ਤੇ ਹੋਰ ਆਰਥਕ ਸੰਪਦਾ ਦੇ ਕਾਰਨ ਸਾਰੇ ਇਲਾਕੇ ਵਿੱਚ ਮੰਨਿਆਂ ਪ੍ਰਮੰਨਿਆਂ ਮੁਖੀ ਸੀ, ਪੈਂਚ ਪੰਚਾਇਤ ਵਿੱਚ ਓਹਦੀ ਚਲੀਂਦੀ ਤੇ ਗਲੀ ਗਵਾਂਢ ਓਹਦੀ ਮਨੀਂਦੀ ਸੀ, ਵਾਹਿਗੁਰੂ ਦਾ ਦਿੱਤਾ ਹੋਰ ਸਭ ਕੁਝ ਸੀ, ਪ੍ਰੰਤੂ ਇਕ ਲੜਕੇ ਦੀ ਲੋੜ ਸੀ, ਜਿਸਦੀ ਥੋੜ ਨੇ ਇਨ੍ਹਾਂ ਦੇ ਸਾਰੇ ਸੁਖ ਤੇ ਖੁਸ਼ੀਆਂ ਤੇ ਪਾਣੀ ਫੇਰ ਰਖਯਾ ਸੀ।

ਬੁਢੇਰੀ ਅਵਸਥਾ ਵਿਚ ਮਾਲੀ ਦੀ ਆਸ ਦੀ ਡਲੀ ਨੂੰ ਭਾਗ ਲਗੇ, ਪ੍ਰਮਾਤਮਾਂ ਨੇ ਇਕ ਜੀਉਂਦਾ ਜਾਗਦਾ ਪੁਤਰ ਦਿੱਤਾ, ਜਿਸਦੇ ਚਾਨਣੇ ਨਾਲ ਇਸ ਹਨੇਰੇ ਘਰ ਵਿੱਚ ਉਜਾਲਾ ਹੋ ਗਿਆ। ਮਾਲੀ ਸਖੀ ਸੁਲਤਾਨ ਦਾ ਉਪਾਸ਼ਕ ਸੀ, ਸੋ ਸ਼ਰੀਣੀਆਂ ਤੇ ਮੰਨਤਾਂ ਚੜ੍ਹਾਈਆਂ, ਲੜਕਾ ਛੇਕੜਲੀ ਅਵਸਥਾ (ਜ਼ਿੰਦਗੀ ਦੀ ਸ਼ਾਮ ਦੇ ਵੇਲੇ) ਮਿਲਯਾ ਸੀ, ਇਸ ਕਰਕੇ ਓਹਦਾ ਨਾਮ ਸ਼ਾਮੂ ਰਖਯਾ। ਬਾਲਕ ਹੋਸ਼ ਸੰਭਾਲਦਿਆਂ ਹੀ ਸ਼ਕਲ ਤੇ ਅਕਲ ਵਿੱਚ ਆਪਣੇ ਜਿਹਾ ਇਕੋ ਹੋਣ ਦਾ ਸਬੂਤ ਦੇਣਲਗਾ, ਜਿਉਂ ਜਿਉਂ ਸ਼ਾਮੂ ਦੀ ਉਮਰ ਵਧਦੀ ਗਈ, ਓਹਦੀ ਵਿੱਦਜਾ ਤੇ ਗੁਣ ਵੀ ਵਧਦੇ ਗਏ, ਸਮਝ, ਦਲੇਰੀ ਤੇ ਮਿਲਨ-ਸਾਰੀ ਦੇ ਨਾਲ ਥੋੜੇ ਚਿਰ ਵਿੱਚ ਹੀ ਓਹ ਇੰਨਾਂ ਪ੍ਰਸਿੱਧ ਹੋਇਆ ਕਿ ਲੋਕੀ ਘਰਾਂ ਵਿੱਚ ਬੈਠਕੇ ਵੀ ਜਦ ਕਿਸੇ ਦੀ ਬਹਾਦਰੀ ਤੇ ਸਿਆਣਪ ਦਾ ਜ਼ਿਕਰ ਕਰਣ ਲਗਦੇ ਤਦ ਸ਼ਾਮੂ ਦਾ ਨਾਮ ਖਾਸ ਤੌਰ ਤੇ ਲੈਂਦੇ, ਹਰ ਵੇਲੇ ਸ਼ਾਮੂ ਦੀਆਂ ਗਲਾਂ ਸੁਣਨ ਲਈ ਪਿੰਡ ਵਾਲਿਆਂ ਦੀ ਵਹੀਰ ਓਹਦੇ ਪਾਸੀਂ

ਬੈਠੀ ਰੈਂਹਦੀ ਸੀ।

ਸ਼ਾਮੂ ਨੇ ਆਪਣੀ ਆਯੂ ਦੇ ਸਤਾਰ੍ਹਵੇਂ ਸਾਲ ਵਿਚ ਪੈਰ ਪਾਂਦਿਆਂ ਹੀ ਸਿਖਾਂ ਦੇ ਹਾਲ ਮਲੂਮ ਕਰਨੇ ਸ਼ੁਰੂ ਕੀਤੇ, ਥੋੜੇ ਹੀ ਦਿਨਾਂ ਦੀ ਵਾਕਫੀਅਤ ਨਾਲ ਸਿਖੀ ਦੇ ਅਸੂਲਾਂ ਤੇ ਸਿਖਾਂ ਦੇ ਉਚ ਜੀਵਣ ਨੇ ਓਹ ਖਿਚ ਪਾਈ ਕਿ ਸ਼ਾਮੂ ਆਪਣੇ ਪਿਤਾ ਪਿਤਾਮਾਂ ਦੇ ਧਰਮ ਵੱਲੋਂ ਉਪਰਾਮ ਹੋਗਿਆ, ਸਿਖੀ ਦੀ ਰੌਸ਼ਨੀ ਨੇ ਆਤਮਾਂ ਤੇ ਪ੍ਰਮਾਤਮਾਂ ਦੇ ਭੇਦ ਖੋਹਲ ਦਿਤੇ, ਪ੍ਰਦਾ ਉਠਗਿਆ ਤੇ ਸੱਚਾਈ ਨਜ਼ਰੀਂ ਆਗਈ।

ਉਸ ਸਮੇਂ ਸਿਖੀ ਧਾਰਨ ਕਰਨਾ ਅੱਗ ਨਾਲ ਖੇਡਣਾਂ ਤੇ ਮੌਤ ਨੂੰ ਵਾਜਾਂ ਮਾਰਨ ਦੇ ਤੁਲ ਸੀ, ਸ਼ਾਮੂ ਦਾ ਪਿਤਾ ਤੇ ਪਿੰਡ ਵਾਲੇ ਇਹ ਗਲ ਸੁਣ ਕੇ ਚਕਰਾ ਗਏ ਤੇ ਘਬਰਾਗਏ, ਉਹ ਨਹੀਂ ਚਾਹੁੰਦੇ ਸੀ ਕਿ ਇਹ ਨੌਜਵਾਨ, ਜੋ ਓਹਨਾਂਦੀ ਜ਼ਿੰਦਗੀ ਦਾ ਸਹਾਰਾ, ਅਖਾਂ ਦਾ ਚਾਨਣ, ਕੌਮ ਦੀ ਇਜ਼ਤ ਤੇ ਪਿੰਡ ਦੀ ਪੱਤ ਹੈ, ਓਹਨਾਂ ਤੋਂ ਅੱਡ ਹੋਵੇ, ਕਿੰਤੂ ਸ਼ਾਮੂ ਦੇ ਦਿਲ ਵਿਚ ਜਿਸ ਗਲ ਦੀ ਤੜਪ ਸੀ ਓਹ ਓਹਨਾਂ ਦੇ ਵੱਸ ਦੀ ਨਹੀਂ ਸੀ ਜ਼ਿੰਦਗੀ ਦੇ ਜਿਸ ਸੋਮੇਂ ਤੋਂ ਉਹ ਆਪਣੀ ਪਿਆਸ ਦੀ ਨਵਿਰਤੀ ਕਰਣਾ ਚਾਹੁੰਦਾ ਸੀ, ਉਹ ਓਹਨਾਂ ਦੇ ਪਾਸ ਨਹੀਂ ਸੀ। ਸ਼ਾਮੂ ਨੇ ਨੂਰ ਵੇਖਯਾ, ਪ੍ਰੰਤੂ ਘਰ ਵਾਲੇ ਖਿਡਾਵਣਿਆਂ ਨਾਲ ਪ੍ਰਚਾਣਾ ਚਾਹੁੰਦੇ ਹਨ, ਸ਼ਾਮੂ ਨੂੰ ਰੋਟੀ ਦੀ ਭੁਖ ਹੈ ਤੇ ਓਹਨੇ ਰੋਟੀ ਪਕੀ ਹੋਈ ਵੇਖ ਲਈ ਹੈ, ਪ੍ਰੰਤੂ ਸੰਬੰਧੀ ਪੱਥਰ ਦੇ ਟੋਟੇ ਦੇਕੇ ਸਰਚਾਂਦੇ ਹਨ, ਅਜਹੀ ਹਾਲਤ ਵਿੱਚ ਸ਼ਾਮੂ ਘਰ ਦਿਆਂ ਦਾ ਕਿਹਾ ਮੰਨੇ ਤਾਂ ਕਿਕੁਣ ਤੇ ਓਹਨਾਂ ਦਾ ਰੋਕਿਆ ਰੁਕੇ ਤਾਂ ਕਿਸ ਤਰਾਂ?

ਇਹ ਹੀ ਕਾਰਨ ਹੈ ਕਿ ਘਰ ਤੇ ਪਿੰਡ ਵਾਲਿਆਂ ਦੇ ਪ੍ਰੇਮ ਦੇ ਜਾਲ ਬੇਅਸਰ ਰਹੇ, ਤੇ ਓਹਨਾਂ ਦੀਆਂ ਮੋਹ ਦੀਆਂ ਫਾਹੀਆਂ ਤੋੜਕੇ ਸ਼ਾਮੂ ਘਰ ਤੋਂ ਨਿਕਲ ਖਲੋਤਾ ਤੇ ਭਾਈ ਮਸਤਾਨ ਸਿੰਘ ਜੀ ਦੇ ਚਰਨਾਂ ਵਿੱਚ ਅੱਪੜ ਗਿਆ।

ਭਾਈ ਮਸਤਾਨ ਸਿੰਘ ਜੀ ਓਹਨਾਂ ਗਿਣੇ ਚੁਣੇ ਸਜਣਾਂ ਵਿਚੋਂ ਇਕ ਸਨ,ਜਿਨ੍ਹਾਂ ਨੂੰ ਸ੍ਰੀ ਗੁਰੂ ਕਲਗੀਧਰ ਜੀ ਦੇ ਨਿਕਟਵਰਤੀ ਹੋਣ ਦਾ ਸੁਭਾਗ ਪ੍ਰਾਪਤ ਸੀ। ਜਦ ਸ੍ਰੀਦਸ-ਮੇਸ਼ ਪਿਤਾ ਜੀ ਦੱਖਣ ਦੇਸ਼ ਵਿੱਚ ਗਏ ਤਦ ਉਥੇ ਮਾਧੋ ਦਾਸ ਨਾਮ ਇਕ ਬੈਰਾਗੀ ਸਾਧੂ, ਜੋ ਰਿੱਧੀਆਂ ਸਿੱਧੀਆਂ ਦੇ ਕਾਰਨ ਓਸ ਧਰਤੀ ਵਿੱਚ ਮਸ਼ਹੂਰ ਤੇ ਹਜ਼ਾਰਾਂ ਚੇਲੇ ਚਾਟੜੇ ਬਣਾਈ ਬੈਠਾ ਸੀ, ਗੁਰੂ ਜੀ ਨੂੰ ਮਿਲਜਾ, ਦਰਸ਼ਨ ਕਰਦਿਆਂ ਹੀ ਸਾਰੇ ਅਡੰਬਰ ਛਡ, ਵਡਿਆਈ ਨੂੰ ਤਯਾਗ, ਗੜਗੜਾਕੇ ਗੁਰੂ ਜੀ ਦੇ ਚਰਨਾਂ ਵਿੱਚ ਇਹ ਕੈਂਹਦਾ ਡਿੱਗ ਪਿਆਃ-

'ਮੈ ਬੰਦਾ ਬੈਖਰੀਦੁ ਤੂੰ ਸਚ ਸਾਹਿਬੁ ਮੇਰਾ'

ਗੁਰੂ ਜੀ ਨੇ ਬੰਦੇ ਦਾ ਸਿਰ ਚਰਨਾਂ ਤੋਂ ਉਠਾਇਆ ਤੇ ਕਿਹਾ ਕਿਃ—

"ਆਪਣੀਆਂ ਸ੍ਰੇਰਕ ਤਾਕਤਾਂ ਨੂੰ ਸੁਸਤੀ ਤੇ ਆਲਸ ਵਿੱਚ ਪੈਕੇ ਨਕੰਮਿਆਂ ਰੈਹਕੇ ਨਸ਼ਟ ਕਰਨਾ ਵਾਹਿਗੁਰੂ ਦੀਆਂ ਦਾਤਾਂ ਦਾ ਅਕਾਰਥ ਗਵਾਣਾ ਤੇ ਓਹਨਾਂ ਤੋਂ ਲਾਭ ਨਾਂ ਉਠਾਣਾ ਹੈ, ਇਸ ਝੂਠੇ ਤਯਾਗ ਨੂੰ ਛਡਕੇ ਪੰਜਾਬ ਵਿੱਚ ਜਾਓ, ਤੁਹਾਡੀ ਮਾਤਰੀ ਭੂਮੀ ਜ਼ੁਲਮ ਤੇ ਅਨਯਾਏ ਦਾ ਸ਼ਿਕਾਰ ਹੋ ਰਹੀ ਹੈ, ਓਥੇ ਮਨੁਖਾਂ ਨੂੰ ਓਹਨਾਂ ਦੇ ਜਮਾਂਦਰੂ ਹੱਕਾਂ ਤੋਂ ਵੰਚਤ ਕਰ ਦਿੱਤਾ ਗਿਆ ਹੈ, ਧਾਰਮਕ ਸੁਤੰਤਰਤਾ

ਖੋਹ ਲਈ ਗਈ ਹੈ, ਭਰਾ ਭਰਾ ਦੀ ਰੱਤ ਦਾ ਤਿਹਾਇਆ ਹੋ ਰਿਹਾ ਹੈ, ਇਸ ਵੇਲੇ ਸਭ ਤੋਂ ਵੱਡੀ ਭਗਤੀ ਇਹ ਹੈ ਕਿ ਜ਼ੁਬਾਨ ਤੇ ਕਰਤਾਰ ਅਤੇ ਹੱਥ ਵਿੱਚ ਤਲਵਾਰ ਲੈਕੇ ਮਾਤਰੀ ਭੂਮੀ ਨੂੰ ਆਜ਼ਾਦ ਕਰਾਓ ਤੇ ਅਨਿਆਈ ਹਾਕਮਾਂ ਨੂੰ ਓਹਨਾਂ ਦੇ ਜ਼ੁਲਮ ਦਾ ਸਵਾਦ ਚਖਾਓ ਤੇ ਜਾਬਰਾਂ ਦੇ ਜਬਰ ਤੋਂ ਪ੍ਰਜਾ ਨੂੰ ਬਚਾਓ।"

ਜਦ ਬੰਦਾ ਗੁਰੂ ਸਾਹਿਬ ਦੇ ਹੁਕਮ ਵਿੱਚ ਫਕੀਰੀ ਢੰਗ ਛਡਕੇ ਪੰਜਾਬ ਵੱਲ ਆਇਆ, ਤਦ ਓਹਦੇ ਨਾਲ ਗੁਰੂ ਸਾਹਿਬ ਨੇ ਜੋ ਸਿਖ ਭੇਜੇ ਸਨ, ਓਹਨਾਂ ਵਿਚੋਂ ਇਕ ਭਾਈ ਮਸਤਾਨ ਸਿੰਘ ਜੀ ਸੀ।

ਸ੍ਰਦਾਰ ਸ਼ਾਮ ਸਿੰਘ ਜੀ ਨੇ ਭਾਈ ਮਸਤਾਨ ਸਿੰਘ ਜੀ ਦੀ ਸੰਗਤ ਵਿੱਚ ਧਾਰਮਕ ਇਕੱਠਾਂ ਤੇ ਤੱਤੇ ਰਣਾਂ ਵਿੱਚ ਰੈਹਕੇ ਇੰਨੀ ਯੋਗਤਾ ਤੇ ਪ੍ਰਸਿੱਧਤਾ ਪ੍ਰਾਪਤ ਕਰ ਲਈ ਕਿ ਭਾਈ ਮਸਤਾਨ ਸਿੰਘ ਜੀ ਦੇ ਇਕ ਯੁਧ ਵਿੱਚ ਸ਼ਹੀਦ ਹੋ ਜਾਣ ਮਗਰੋਂ ਓਹਨਾਂ ਦੇ ਡੇਰੇ ਦੇ ਪ੍ਰਬੰਧਕ ਸ੍ਰ: ਸ਼ਾਮ ਸਿੰਘ ਜੀ ਬਣਾਏ ਗਏ।

ਭਾਈ ਮਸਤਾਨ ਸਿੰਘ ਵਾਂਗ ਸ੍ਰਦਾਰ ਸ਼ਾਮ ਸਿੰਘ ਨੇ ਆਪਣੀ ਸਾਰੀ ਆਯੂ ਸਿਖ ਧਰਮ ਦੇ ਪ੍ਰਚਾਰ, ਕੌਮੀ ਹੱਕਾਂ ਦੀ ਰਾਖੀ ਤੇ ਦੇਸ਼ ਸੇਵਾ ਲਈ ਕਰਪਨ ਕਰ ਦਿੱਤੀ। ਬੰਦਾ ਬਹਾਦਰ ਦੇ ਪਿਛੋਂ ਜਦ ਖਾਲਸਾ ਜੀ ਨੇ ਸਮੇਂ ਦੀ ਲੋੜ ਅਨੁਸਾਰ ਅੱਡ ਅੱਡ ਜਥੇ ਬਣਾਏ, ਜਿਨ੍ਹਾਂ ਨੂੰ ਕਿ ਮਿਸਲਾਂ ਦੇ ਨਾਮ ਤੋਂ ਪੁਕਾਰਿਆ ਜਾਂਦਾ ਹੈ, ਤਦ ਇਕ ਜੱਥਾ ਆਪ ਨੇ ਵੀ ਤਯਾਰ ਕੀਤਾ, ਜਿਸਨੂੰ ਕਰੋੜੀਆਂ ਦੀ ਮਿਸਲ ਦੇ ਨਾਮ ਤੇ

ਸ੍ਰੱਦਿਆ ਜਾਂਦਾ ਹੈ।

੧੭੬੭ ਈ: ਨੂੰ ਜਦ ਨਾਦਰ ਸ਼ਾਹ ਨੇ ਹਿੰਦ ਤੇ ਚੜ੍ਹਾਈ ਕੀਤੀ ਤੇ ਓਹਦੇ ਹੱਥੋਂ ਰੱਬ ਦੇ ਬੰਦਿਆਂ ਨੂੰ ਛੁਡਾਨ ਵਾਸਤੇ ਖਾਲਸੇ ਨੇ ਤਲਵਾਰ ਨੂੰ ਮਿਆਨ ਵਿੱਚੋਂ ਕਢਿਆ, ਤਦ ਸਰਦਾਰ ਸ਼ਾਮ ਸਿੰਘ ਜੀ ਤੇ ਓਹਨਾਂ ਦੇ ਜਥੇ ਨੇ ਆਪਣੀ ਬੀਰਤਾ ਨਾਲ ਮੈਦਾਨੇ ਜੰਗ ਵਿਚ ਕਿਆਮਤ ਦਾ ਰੰਗ ਜਮਾ ਦਿੱਤਾ ਤੇ ਆਪ ਇਸੇ ਧਰਮ ਯੁਧ ਵਿੱਚ ਸ਼ਹੀਦ ਹੋ ਗਏ।

ਆਪ ਦੇ ਚਲਾਣਾ ਕਰਨ ਮਗਰੋਂ ਸ੍ਰਦਾਰ ਕਰਮ ਸਿੰਘ ਪੰਜਗੜ੍ਹੀਏ ਜਥੇਦਾਰ ਹੋਏ, ਆਪ ਆਪਣੇ ਸਮੇਂ ਦੇ ਸੂਰਿਮਆਂ ਵਿੱਚੋਂ ਚੋਟੀ ਦੇ ਸੂਰਮੇਂ ਸਨ, ਅਨਾਥਾਂ, ਗਰੀਬਾਂ ਤੇ ਲੋੜਵੰਦਾਂ ਦੇ ਆਪ ਸਾਥੀ ਸਨ, ਇਨ੍ਹਾਂ ਨੇ ਖ਼ਤਰੇ ਤੇ ਜਾਨ ਜੋਖੋਂ ਵਿਚ ਪੈ ਕੇ ਕੌਮ ਦੀ ਸੇਵਾ ਕੀਤੀ, ਆਪ ਦੀ ਇਸ ਬਹਾਦਰੀ ਨੂੰ ਹੀ ਵੇਖ ਕੇ ਆਪ ਦੀ ਮਿਸਲ ਦਾ ਨਾਮ ਪੰਜ-ਗੜ੍ਹੀਆ ਹੋਗਿਆ।

ਸੋਢੀ ਵਡਭਾਗ ਸਿੰਘ ਕਰਤਾਰਪੁਰ ਵਾਲਿਆਂ ਦੇ ਨਾਲ ਜਦ ਜਾਲੰਧਰ ਦੇ ਹਾਕਮ ਨਾਸਰ ਉਦੀਨ ਨੇ ਟਾਕਰੇ ਦੀ ਗਲ ਨੂੰ ਨਿਸਚੇ ਕੀਤਾ, ਤਦ ਸ੍ਰਦਾਰ ਕਰਮ ਸਿੰਘ ਨੇ ਨਾਸਰ ਉੱਦੀਨ ਦੇ ਪ੍ਰਸਿਧ ਸਿਪਾਹਸਾਲਾਰ ਦਾ ਸਿਰ ਵੱਢਕੇ ਸੋਢੀ ਵਡਭਾਗ ਸਿੰਘ ਦੇ ਅਗੇ ਲਿਆ ਰਖਿਆ।

ਆਪ ਨੂੰ ਮੈਦਾਨੇ ਜੰਗ ਦੇ ਨਾਲ ਖਾਸ ਪਯਾਰ ਸੀ, ੧੭੬੭ ਈ: ਜਦ ਨਾਦਰ ਸ਼ਾਹ ਦੇ ਨਾਲ ਲੜਾਈ ਹੋਰਹੀ ਸੀ, ਤਦ ਆਪ ਨੇ ਜਾਲੰਧਰ ਦੇ ਨਾਸਰ ਉਦੀਨ ਦੇ, ਜੋ ਆਪਣੀ ਸ਼ਾਹ ਜ਼ੋਰੀ ਦੇ ਕਾਰਨ ਪ੍ਰਸਿੱਧ ਸੀ, ਟੁਕੜੇ ਟੁਕੜੇਕਰ ਦਿਤੇ।

ਸੰਮਤ ੧੮੦੩ ਵਿਚ ਜਦ ਸ੍ਰੀ ਅੰਮ੍ਰਿਤਸਰ ਜੀ ਦੀ ਰਖਯਾ ਲਈ ਖਾਲਸੇ ਦੀ ਤੇਗਾਂ ਚਮਕ ਰਹੀਆਂ ਸਨ; ਦੁਰਾਨੀਆਂ ਦੇ ਨਾਲ ਜੰਗ ਮਚਾਂਦੇ ਆਪ ਸ਼ਹੀਦ ਹੋਗਏ।

ਆਪ ਦੀ ਥਾਂ ਸ੍ਰ: ਕਰੋੜਾ ਸਿੰਘ, ਜਥੇਦਾਰ ਬਣੇ ਆਪ ਦਾ ਪਹਿਲਾ ਨਾਮ ਕਰੋੜੀ ਮਲ ਸੀ, ੧੭੯੫ ਵਿਚ ਖਾਨ ਬਹਾਦਰ ਨੇ ਆਪ ਨੂੰ ਧੱਕੇ ਨਾਲ ਮੁਸਲਮਾਨ ਕਰ ਲਿਆ, ਖਾਲਸਾ ਜੀ ਦੇ ਮੇਲ ਗੋਲ ਨਾਲ ਆਪ ਸਿੰਘ ਸਜ ਗਏ, ਨਾਮ ਕਰੋੜੀ ਸਿੰਘ ਹੋਇਆ, ਆਪ ਦੇ ਸਮੇਂ ਵਿਚ ਆਪ ਦੀ ਮਿਸਲ ਨੂੰ ਇੰਨੀ ਉੱਨਤੀ ਪ੍ਰਾਪਤ ਹੋਈ ਤੇ ਆਪਨੇ ਇੰਨੀ ਦਲੇਰੀ, ਬਹਾਦਰੀ ਤੇ ਸੂਰਮਗਤੀ ਨਾਲ ਪੰਥਕ ਮਾਮ-ਲਿਆਂ ਵਿਚ ਹਿੱਸਾ ਲਿਆ ਕਿ ਆਪਦੇ ਨਾਮ ਤੇ ਮਿਸਲ ਦਾ ਨਾਮ ਕਰੋੜੀਆਂ ਦੀ ਮਿਸਲ ਹੋਗਿਆ।

੧੭੯੭ ਵਿਚ ਜਦ ਨਾਦਰ ਸ਼ਾਹ ਨਾਲ ਜੰਗ ਛਿੜੀ ਹੋਈ ਸੀ, ਤਦ ਆਪਨੇ ਮੈਦਾਨ ਵਿਚ ਆਪਣੀ ਜੰਗੀ ਨਿਪੁੰਨਤਾ ਦੇ ਓਹ ਗੁਣ ਵਖਾਏ ਕਿ ਆਪਦੀ ਬਹਾਦਰੀ ਦੀ ਧਾਕ ਸਾਰਿਆਂ ਦੇ ਦਿਲਾਂ ਤੇ ਬੈਠ ਗਈ, ਮਸ਼ਹੂਰ ਜਰਨੈਲ ਸ਼ਮਸ਼-ਦੀਨ ਆਪ ਦੀ ਤਲਵਾਰ ਦੀ ਹੀ ਭੇਟ ਹੋਇਆ।

੧੮੧੬ ਵਿਚ ਸ੍ਰ: ਕਰੋੜਾ ਸਿੰਘ ਨੇ ਜਾਲੰਧਰ ਦੇ ਹਾਕਮ ਅਦੀਨਾ ਬੇਗ ਦੇ ਮੁਲਾਜ਼ਮ ਦੀਵਾਨ ਬਿਸ਼ੰਭਰ ਮਲ ਤੋਂ ਹੁਸ਼ਯਾਰਪੁਰ, ਤੇ ਹਰਯਾਨਾ ਦਾ ਇਲਾਕਾ ਫਤਹੇ ਕਰ ਲਿਆ ਤੇ ਸ਼ਾਮ ਚੁਰਾਸੀ ਦੇ ਇਲਾਕੇ ਨੂੰ ਇਹਦੇ ਹਥੋਂ ਛੁਡਾਇਆ।

੧੮੧੮ ਵਿਚ ਗੁਲਾਮ ਕਾਦਰ ਰੁਹੇਲੇ ਦੇ ਨਾਲ ਤਰਾਵੜੀਦੇ ਮੁਕਾਮ ਤੇ ਜੰਗ ਹੋ ਰਹੀ ਸੀ, ਆਪ ਇਸ ਲੜਾਈ

ਵਿਚ ਸ਼ਹੀਦ ਹੋਗਏ।

ਸ੍ਰਦਾਰ ਬਘੇਲ ਸਿੰਘ

ਆਪ ਦਾ ਜਨਮ ਝਬਾਲ ਜ਼ਿਲਾ ਅੰਮ੍ਰਤਸਰ ਸੀ। ਝਬਾਲ, ਇਹ ਪੁਰਾਨੀ ਵਸੋਂ ਹੈ, ਮੁਗ਼ਲਾਂ ਦੇ ਰਾਜ ਸਮੇਂ ਇਥੋਂ ਦੇ ਚੌਧਰੀ ਆਪਣੇ ਧਨ, ਜ਼ਨ ਤੇ ਪਤਆਬਰੋ ਦੇ ਕਾਰਨ ਸਾਰੇ ਇਲਾਕੇ ਵਿਚ ਇਜ਼ਤ ਦੀ ਨਿਗਾਹ ਨਾਲ ਵੇਖੇ ਜਾਂਦੇ ਤੇ ਸਰਕਾਰੇ ਦਰਬਾਰੇ ਮਾਣ ਪਾਂਦੇ ਸੀ। ਜਿਸ ਤਰਾਂ ਦੁਨੀਆਂ ਦਾਰੀ ਦੇ ਪਹਿਲੂ ਤੋਂ ਇਨ੍ਹਾਂ ਨੂੰ ਵਾਹਿਗੁਰੂ ਨੇ ਸਭ ਕੁਝ ਦੇਰਖਯਾ ਸੀ, ਕਿਸੇ ਗਲ ਦੀ ਕਮੀਂ ਨਹੀਂ ਸੀ, ਇਤਹਾਸ ਦੱਸਦਾ ਹੈ ਕਿ ਇਸੇ ਤਰਾਂ ਆਤਮਕ ਧਨ ਨਾਲ ਵੀ ਖੁਸ਼ਹਾਲ ਤੇ ਮਾਲਾ ਮਾਲ ਸਨ, ਇਥੇ ਦੇ ਚੌਧਰੀਆਂ ਨੇ ਆਮ ਤੌਰ ਤੇ, ਤੇ ਪਿੰਡ ਵਾਲਿਆਂ ਨੇ ਖਾਸ ਤੌਰ ਤੇ ਲੋੜ ਸਮੇਂ ਕੌਮ ਦੇ ਵਾਸਤੇ ਇੰਨੀ ਭਗਤੀ ਤੇ ਸ਼ਰਧਾ ਵਿਖਾਈ ਤੇ ਪੰਥ ਨੂੰਅਜਹੇ ਸੂਰਮੇ ਤੇ ਕੁਰਬਾਨੀ ਦੇ ਪੁਤਲੇ ਮਨੁਖ ਦਿਤੇ ਕਿ ਜਿਨ੍ਹਾਂ ਨੇ ਔਖੇ ਵੇਲੇ ਸੰਸਾਰਕ ਮਾਲ, ਧਨ, ਤੇ ਪਤ ਆਬਰੋ ਦੀ ਭੰਨੀ ਕੌਡੀ ਜਿੰਨੀ ਵੀ ਪ੍ਵਾਹ ਨਾ ਕਰਦੇ ਹੋਏ ਗੁਰੂ ਤੇ ਪੰਥ ਦਾ ਸਾਥ ਦਿਤਾ।

ਗੁਰੂ ਹਰਿ ਗੋਬਿੰਦ ਸਾਹਿਬ ਆਪਣੀ ਸੁਭਾਗੀ ਬੀਬੀ ਭਾਨੀ ਦੇ ਵਿਵਾਹ ਦੇ ਪ੍ਰਬੰਧ ਵਿੱਚ ਹਨ, ਬਰਾਤ ਆਉਣ

ਵਿੱਚ ਇਕ ਅੱਧ ਦਿਨ ਦੀ ਹੀ ਕਸਰ ਹੈ, ਲਾਹੌਰ ਦੇ ਹਾਕਮ ਨੇ ਫੌਜ ਲੈਕੇ ਅੰਮ੍ਰਤਸਰ ਤੇ ਚੜ੍ਹਾਈ ਕਰ ਦਿੱਤੀ, ਸਮਾਂ ਬੜਾ ਨਾਜ਼ਕ ਸੀ, ਝਬਾਲ ਦਾ ਚੌਧਰੀ ਲੰਗਾਹ ਜੋ ੮੪ ਪਿੰਡਾਂ ਦਾ ਮਾਲਕ ਸੀ ਤੇ ਤਿੰਨ ਲੱਖ ਰੁਪਯਾ ਸਾਲਾਨਾ ਦਾ ਸਰਕਾਰੀ ਠੇਕੇਦਾਰ ਸੀ, ਅੰਮ੍ਰਤਸਰ ਆਕੇ ਗੁਰੂ ਜੀ ਦੇ ਹਜ਼ੂਰ ਹਾਜ਼ਰ ਹੋਇਆ, ਗੁਰੂ ਜੀ ਬੀਬੀ ਵੀਰੋ ਨੂੰ ਝਬਾਲ ਲੈਗਏ, ਸ਼ਾਦੀ ਦੀਆਂ ਰਸਮਾਂ ਪੂਰੀਆਂ ਹੋਈਆਂ।

ਇਹ ਸੰਭਵ ਸੀ ਕਿ ਲਾਹੌਰ ਦਾ ਹਾਕਮ ਇਸ ਗਲੇ ਗੁੱਸੇ ਹੋਕੇ ਚੌਧਰੀ ਲੰਗਾਹ ਦੀ ਸਾਰੀ ਸੰਪਤੀ ਜ਼ਬਤ ਕਰ ਲਵੇ, ਕਿੰਤੂ ਚੌਧਰੀ ਲੰਗਾਹ ਸਮਝਦਾ ਸੀ ਕਿ ਗੁਰੂ ਸਾਹਿਬ ਦੀ ਖੁਸ਼ੀ ਤੇ ਸਿਖੀ ਦੇ ਮੁੱਲ ਬਦਲੇ ੮੪ ਪਿੰਡ ਕੀ ਦੋਵੇਂ ਜਹਾਨ ਕੋਈ ਮੁਲ ਨਹੀਂ ਰਖਦੇ, ਇਸ ਕਰਕੇ ਓਸਨੇ ਦੁਨਯਾਵੀ ਬਾਦਸ਼ਾਹ ਦੇ ਟਾਕਰੇ ਤੇ ਸਚੇ ਪਾਤਸ਼ਾਹ ਦੇ ਪਲੇ ਨੂੰ ਵਧੀਕ ਜ਼ੋਰ ਨਾਲ ਫੜਿਆ।

ਔਰੰਗਜ਼ੇਬ ਤੇ ਦਾਰਾ ਸ਼ਕੋਹ ਵਿੱਚ ਜੰਗ ਛਿੜੀ ਹੋਈ ਸੀ, ਦਾਰਾ ਸ਼ਕੋਹ ਪੰਜਾਬ ਆਇਆ, ਗੁਰੂ ਸਾਹਿਬ ਦੀ ਸੇਵਾ ਵਿੱਚ ਹਾਜ਼ਰ ਹੋਕੇ ਪਨਾਹ ਮੰਗੀ ਤੇ ਬਿਨੈ ਕੀਤੀ ਕਿ ਔਰੰਗਜ਼ੇਬ ਦੀ ਫੌਜ ਕੂਚ ਕਰਦੀ ਆ ਰਹੀ ਹੈ, ਓਹਦੇ ਹਥੋਂ ਕਿਸੇ ਤਰਾਂ ਰੱਖਯਾ ਕੀਤੀ ਜਾਏ। ਗੁਰੂ ਸਾਹਿਬ ਨੇ ਝਬਾਲ ਦੇ ਚੌਧਰੀ ਸਕੰਦਰ ਨੂੰ ਲਿਖਯਾ, ਇਹ ਚੌਧਰੀ ੧੦੫ ਪਿੰਡਾਂ ਦਾ ਮਾਲਕ ਸੀ, ਗੁਰੂ ਜੀ ਦਾ ਹੁਕਮ ਮਿਲਦੇ ਸਾਰ ਆਪਣੀ ਸੈਨਾਂ ਲੈਕੇ ਗੋਇੰਦਵਾਲ ਦੇ ਪੱਤਨ ਤੇ ਬਿਆਸਾਂ ਦੇ ਕੰਢੇ ਔਰੰਗਜ਼ੇਬ ਦੀ ਫੌਜ ਨੂੰ ਰੋਕ ਖਲੋਤਾ।

ਚੌਧਰੀ ਸਿਕੰਦਰ ਜਹੇ ਮਨੁਖ ਲਈ ਦਿਲੀ ਦੇ ਬਾਦਸ਼ਾਹ ਦੇ ਟਾਕਰੇ ਤੇ ਖੜਾ ਹੋਣਾ ਸਾਧਾਰਣ ਗੱਲ ਨਹੀਂ ਸੀ, ਸ਼ਾਹੀ ਖਾਨਦਾਨ ਨਾਲ ਇਨ੍ਹਾਂ ਦੇ ਸੰਬੰਧ ਬਹੁਤ ਡੂੰਘੇ ਸਨ, ਜਾਗੀਰਾਂ ਮਿਲੀਆਂ ਹੋਈਆਂ ਸਨ ਤੇ ਹਰ ਤਰਾਂ ਦੀ ਇੱਜ਼ਤ ਹਾਸਲ ਸੀ, ਸ਼ਾਹੀ ਦਰਬਾਰ ਵਿੱਚ ਸਭ ਤੋਂ ਪਹਿਲਾਂ ਇਨ੍ਹਾਂ ਦੀ ਪੁੱਛ ਹੋਂਦੀ ਸੀ, ਬਾਦਸ਼ਾਹ ਦੇ ਵਿਰੁਧ ਹੋਣ ਤੇ ਅੱਖ ਦੇ ਫੋਰ ਵਿੱਚ ਇਹ ਸਭ ਕੁਝ ਜਾਂਦਾ ਰੈਹਣਾਂ ਯਕੀਨੀ ਸੀ, ਕਿੰਤੂ ਚੌਧਰੀ ਸਿਕੰਦਰ ਨੇ ਆਪਣੇ ਪਿਤਾ ਵਾਂਗ ਦੀਨ ਦੀ ਖ਼ਾਤਰ ਦੁਨੀਆਂ ਨੂੰ ਨਿਛਾਵਰ ਕਰਨ ਦੀ ਠਾਨ ਲਈ ਤੇ ਗੁਰੂ ਸਾਹਿਬ ਦੇ ਹੁਕਮ ਨੂੰ ਪੂਰਾ ਕੀਤਾ।

ਆਨੰਦ ਪੁਰ ਸਾਹਿਬ ਦੇ ਕਿਲੇ ਵਿਚੋਂ ਸ੍ਰੀ ਗੁਰੂ ਕਲਗੀਧਰ ਜੀ ਨਿਕਲੇ, ਸ਼ਾਹੀ ਫੌਜ ਨੇ ਬਚਨ ਭੰਗ ਕਰਕੇ ਤੇ ਸੌਹਾਂ ਸੁਗੰਧਾਂ ਨੂੰ ਛਿਕੇ ਤੇ ਰਖ ਕੇ ਹੱਲਾ ਬੋਲ ਦਿਤਾ, ਮਾਈ ਭਾਗੋ ਇਹ ਖਬਰ ਸੁਣਕੇ ਖੜੀ ਹੋਈ, ਬੇਦਾਵਾ ਲਿਖਕੇ ਦੇ ਅਉਣ ਵਾਲੇ ਸਿਖਾਂ ਦੀ ਅਣਖ ਨੂੰ ਟੁੰਬ ਕੇ ਉਭਾਰਿਆ ਤੇ ਇਲਾਕੇ ਵਿਚੋਂ ਹੋਰ ਸਿਖਾਂ ਨੂੰ ਨਾਲ ਲੈਕੇ ਖਿਦਰਾਣੇ ਮੁਕਤਸਰ ਦੇ ਮੁਕਾਮ ਤੇ ਸ਼ਾਹੀ ਫੌਜ ਨਾਲ ਜਾ ਜੰਗ ਛੇੜੀ ਤੇ ਵੈਰੀ ਨੂੰ ਓਹ ਭਾਂਜ ਦਿਤੀ ਕਿ ਓਹਨੇ ਨਸ ਕੇ ਜਾਨ ਬਚਾਈ।

ਅੱਜ ਗੁਰਦਵਾਰਿਆਂ ਦੀ ਹਾਲਤ ਫਿਰ ਸੁਧਾਰ ਚੌਧਰੀ ਵੇਖ ਝਬਾਲ ਦੇ ਇਕ ਪਤਵੰਤੇ ਖਾਨਦਾਨ ਦੇ ਮੈਂਬਰ ਸ੍ਰ: ਅਮਰ ਸਿੰਘ, ਸ੍ਰ: ਸਰਮੁਖ ਸਿੰਘ, ਤੇ ਸ੍ਰ: ਜਸਵੰਤ ਸਿੰਘ ਜੀ ਤਿੰਨੇ ਭਰਾ ਸੁਤੀ ਹੋਈ ਕੌਮ ਨੂੰ ਜਗਾਣ ਤੇ ਗੁਰਦਵਾਰਿਆਂ ਨੂੰ ਮਹੰਤਾਂ ਦੇ ਕਬਜ਼ੇ ਵਿਚੋਂ ਕਢਾਣ ਦੀ ਲੜਾਈ ਦੀ ਪਹਿਲੀ

ਕਤਾਰ ਵਿਚ ਝੰਡਾ ਹਥ ਵਿਚ ਫੜੀ ਖੜੇ ਹਨ, ਨੁਕਸਾਨ ਤੇ ਨੁਕਸਾਨ ਉਠਾ ਰਹੇ ਹਨ, ਦੁਖਾਂ ਤੇ ਦੁਖ ਪਾ ਰਹੇ ਹਨ ਕਿੰਤੂ ਫਿਰ ਵੀ ਉਸੇ ਉਤਸ਼ਾਹ ਤੇ ਉਮਾਹ ਦੇ ਨਾਲ ਕੌਮਦੀ ਸੇਵਾ ਵਿਚ ਜੁਟੇ ਹੋਏ ਕੈਹ ਰਹੇ ਹਨ ਕਿ:–

ਨੁਸਖੇ ਖ਼ੁਮਾਰ ਸ਼ਿਕਨੀ ਮਸੀਹਾ ਹਜ਼ਾਰ ਦੇ,
ਇਹ ਉਹ ਨਸ਼ੇ ਨਹੀਂ ਜਿਨ੍ਹੂੰ ਤੁਰਸ਼ੀ ਉਤਾਰ ਦੇ।

ਇਸੇ ਝਬਾਲ, ਹਾਂ ! ਇਸੇ ਸ਼ਹੀਦਾਂ ਦੀ ਨਗਰੀ ਝਬਾਲ ਵਿਚ ਸ੍ਰਦਾਰ ਬਘੇਲ ਸਿੰਘ ਨੇ ਜਨਮ ਲਿਆ, ਕੌਮ ਤੇ ਮੁਸੀਬਤ ਆਈ ਵੇਖ ਕੇ ਆਪ ਦੀਆਂ ਰਗਾਂ ਵਿਚ ਖ਼ੂਨ ਉਬਾਲੇ ਖਾਣ ਲਗਾ, ਕੌਮੀ ਅਣਖ ਤੇ ਗ਼ੈਰਤ ਨੇ ਇਸ ਗਲ ਦੀ ਆਗਿਆ ਨਾ ਦਿਤੀ ਕਿ ਪੰਥ ਤਾਂ ਦੁਖ ਸਹੇ, ਤੇ ਇਹ ਸੁਖ ਦੇ ਨਾਲ ਘਰ ਰੈਹਣ, ਬਚਪਨ ਵਿਚ ਨੌਜਵਾਨਾ ਜਿਹਾ ਜੋਸ਼ ਸੀਨੇ ਵਿਚ ਲੈਕੇ ਕਰੋੜੀਆਂ ਦੀ ਮਿਸਲ ਵਿਚ ਆਪ ਸ਼ਾਮਲ ਹੋਗਏ।

ਸਰਦਾਰ ਕਰੋੜਾ ਸਿੰਘ ਦੇ ਸ਼ਹੀਦ ਹੋਣ ਮਗਰੋਂ ਜਦ ਜਥੇਦਾਰੀ ਦੀ ਚੋਣ ਹੋਣ ਲੱਗੀ, ਤਦ ਸਰਬ ਸੰਮਤੀ ਨਾਲ ਆਪ ਨੂੰ ਜਥੇਦਾਰ ਚੁਣਿਆਂ ਗਿਆ, ਆਪ ਦੀ ਸਿਆ-ਣਪ, ਦੂਰ ਦਰਸ਼ਤਾ, ਕੌਮੀ ਪਯਾਰ, ਸਿਖੀ ਸਿਦਕ, ਦੇਸ਼ ਭਗਤੀ ਤੇ ਇਕ ਸੂਰਮਾਂ ਸਿਪਾਹੀ ਹੋਣ ਦੇ ਗੁਣਾਂ ਨੇ ਆਪ ਦੀ ਸ਼ਾਨ ਨੂੰ ਇੰਨਾਂ ਉੱਚਾ ਕਰ ਰਖਿਆ ਸੀ ਕਿ ਆਪ ਦੇ ਜਥੇਦਾਰ ਬਣਾਏ ਜਾਣ ਦੀ ਖਬਰ ਨੇ ਬਾਕੀ ਦੇ ਸਾਰੇ ਜਥਿਆਂ ਵਿੱਚ ਵੀ ਖੁਸ਼ੀ ਤੇ ਪ੍ਰਸੰਨਤਾ ਦੀ ਲੈਹਰ ਚਲਾ

ਦਿੱਤੀ, ਧਾਲੀ ਵਾਲ ਤੇ ਦਸਤਾਰ ਬੰਨਣ ਦੀ ਰਸਮ ਅਦਾ ਹੋਈ।

ਸਰਦਾਰ ਬਘੇਲ ਸਿੰਘ ਤੇ ਸਰਦਾਰ ਰਾਮ ਸਿੰਘ ਭੰਗੀ ਨੇ ਦਰਯਾਇ ਜਮਨਾਂ ਦੇ ਕੰਢੇ ਬਿਸ਼ਤ ਦਵਾਬੇ ਦੇ ਇਲਾਕੇ ਦੇ ਕੁਝ ਹਿੱਸੇ ਤੇ ਕਬਜ਼ਾ ਕੀਤਾ ਹੋਇਆ ਸੀ, ਨਾਜ਼ਰ-ਉੱਦੌਲਾ ਦਾ ਇਲਾਕਾ ਇਨ੍ਹਾਂ ਦੇ ਨਾਲ ਮਿਲਦਾ ਸੀ, ਜਿਸ ਤੋਂ ਆਪੋ ਵਿੱਚ ਖਿੱਚਾ ਖਿੱਚੀ ਬਣੀ ਰੈਂਹਦੀ ਸੀ।

ਨਾਜ਼ਰ ਉੱਦੌਲਾ ਆਪਣੇ ਗਵਾਂਢ ਸਿਖਾਂ ਦੀ ਤਾਕਤ ਵਧਦੀ ਵੇਖ ਸੜਦਾ ਤੇ ਕੁੜ੍ਹਦਾ ਰੈਂਹਦਾ ਸੀ, ਕਿੰਤੂ ਓਹਦੇ ਵਿੱਚ ਇੰਨੀ ਸ਼ਕਤੀ ਨਹੀਂ ਸੀ ਕਿ ਇਨ੍ਹਾਂ ਨੂੰ ਜ਼ੋਰ ਨਾਲ ਇਸ ਇਲਾਕੇ ਵਿਚੋਂ ਕੱਢ ਸਕੇ, ਕਈ ਵੇਰ ਈਰਖਾ ਤੇ ਦ੍ਵੈਖ ਦੀ ਅਗਨੀ ਇਹਦੇ ਸੀਨੇ ਵਿੱਚ ਭੜਕੀ, ਕਿੰਤੂ 'ਜੇ ਹਾਂਡੀ ਉਬਲੇਗੀ ਤਾਂ ਆਪਣੇ ਹੀ ਕੰਢੇ ਸਾੜੇਗੀ' ਵਾਲੀ ਗੱਲ ਹੋਂਦੀ ਸੀ, ਜਿਸਤੋਂ ਚੁਪ ਕਰਕੇ ਰੈਹ ਜਾਂਦਾ, ਜਦ ਦ੍ਵੈਖ ਤੇ ਦ੍ਵੈਸ਼ ਨੇ ਹਦੋਂ ਵਧਕੇ ਤੰਗ ਕਰ ਦਿਤਾ ਤਦ ਮਹਾਰਾਸ਼ਟਰ ਦੇ ਮਰਹਟਿਆਂ ਤੋਂ ਮਦਦ ਮੰਗੀ ਤਾਂ ਜੋ ਇਕ ਵੇਰ ਕਿਸਮਤ ਦਾ ਪਾਸਾ ਢਾਲ ਵੇਖੇ, ਕਿੰਤੂ ੧੭੭੦ ਈਸਵੀ ਵਿੱਚ ਇਹ ਦੁਖ ਦਿਲ ਵਿੱਚ ਲੈਕੇ ਇਸ ਸੰਸਾਰ ਤੋਂ ਕੂਚ ਕਰ ਗਿਆ, ਅਗੋ ਜੇ ਰੱਤੀ ਮਾਸਾ ਸ੍ਰ: ਬਘੇਲ ਸਿੰਘ ਦੇ ਰਾਹ ਵਿੱਚ ਰੁਕਾਵਟ ਸੀ ਤਾਂ ਹੁਣ ਓਹ ਵੀ ਨਾ ਰਹੀ।

ਨੂਰ ਮਹਲ, ਭੰਗਾ, ਹਰਯਾਨਾ, ਗੜ੍ਹ ਦਿਆਲਾ, ਹੁਸ਼ਿਆਰ ਪੁਰ, ਦਵਾਬੇ ਦਾ ਇਲਾਕਾ, ਸਤਲੁਜ ਦਾ ਓਸ ਪਾਰ ਤੇ ਬਿਸਤ ਜਾਲੰਧਰ ਦਾ ਥੋੜਾ ਜਿਹਾ ਇਲਾਕਾ ਆਪ ਦੇ

ਕਬਜ਼ੇ ਵਿੱਚ ਸੀ, ਫੀਰੋਜ਼ ਪੁਰ ਤੋਂ ਲੈਕੇ ਕਰਨਾਲ ਤਕ ਦੀ ਧਰਤੀ ਆਪ ਦੇ ਅਧੀਨ ਸੀ, ਆਪ ਦੀ ਆਮਦਨੀ ੪ ਲੱਖ ਰੁਪਯਾ ਸਾਲਾਨਾ ਸੀ ਤੇ ੧੨ ਹਜ਼ਾਰ ਲੜਾਕੇ ਸੂਰਮੇ ਘੋੜ ਸਵਾਰ ਹਰ ਵੇਲੇ ਆਪ ਦੇ ਪਾਸ ਰੈਂਹਦੇ ਸਨ, ਆਪ ਨੇ ਆਪਣੀ ਰਾਜਧਾਨੀ ਛਲੌਂਦੀ ਤੇ ਕਰਨਾਲ ਵਿੱਚ ਬਣਾਈ ਤੇ ਇਨ੍ਹਾਂ ਦੋਨਾਂ ਜਗਾਂ ਤੇ ਕਿਲੇ ਉਸਾਰੇ।

ਆਪ ਦਾ ਜੀਵਣ ਸਿਖਾਂ ਵਾਲਾ ਸਾਦਾ ਤੇ ਸੁਭਾਓ ਫਕੀਰਾਂ ਵਾਲਾ ਸੀ, ਆਪ ਹਮੇਸ਼ਾ ਲੜਾਈ ਨਾਲੋਂ ਸੁਲਾਹਨੂੰ ਵਧੀਕ ਪਸੰਦ ਕਰਦੇ ਰਹੇ, ਕਿੰਤੂ ਹੋਸ਼ ਸੰਭਾਲ ਕੇ ਕਰੋੜੀਆਂ ਦੀ ਮਿਸਲ ਵਿਚ ਸ਼ਾਮਲ ਹੋਣ ਦੇ ਦਿਨ ਤੋਂ ਪਿਛੋਂ ਖਾਲਸਾ ਜੀ ਨੂੰ ਜਿਨੀਆਂ ਲੜਾਈਆਂ ਲੜਨੀਆਂ ਪਈਆਂ, ਆਪ ਓਹਨਾਂ ਸਾਰੀਆਂ ਵਿਚ ਨਾਕੇਵਲ ਸ਼ਾਮਲ ਹੋਏ, ਬਲਕੇ ਹਮੇਸ਼ਾਂ ਹਰ ਮੈਦਾਨ ਅਗਲੀ ਕਤਾਰ ਵਿਚ ਵੇਖੇ ਗਏ।

ਨਾਦਰ ਸ਼ਾਹ, ਐਹਮਦ ਸ਼ਾਹ ਤੇ ਤੈਮੂਰ ਸ਼ਾਹ ਆਦਿਕਾਂ ਦੇ ਹਮਲਿਆਂ ਦੇ ਸਮੇਂ ਆਪਨੇ ਮੁਲਕ ਤੇ ਕੌਮ ਦੀ ਰਖਯਾ ਵਾਸਤੇ ਬਹੁਮੁਲੀਆਂ ਸੇਵਾ ਕੀਤੀਆਂ।

ਦਿੱਲੀ ਦੇ ਮੁਗ਼ਲੀਆ ਰਾਜ ਦਾ ਦੀਵਾ ਬੁਝਦਾ ਵੇਖ ਮਰਹੱਟਿਆਂ ਨੇ ਸਿਰ ਚੁੱਕਿਆ, ਬਿਸ਼ਵਾਸ਼ਰਾਓ, ਝਨਕਾਰ-ਰਾਓ, ਤੇ ਰਾਘੋਰਾਓ ਨੇ ਇਕਠੇ ਹੋ, ਤਿੰਨ ਲਖ ਸਵਾਰ ਲੈਕੇ ਦਿੱਲੀ ਵਲ ਮੂੰਹ ਕੀਤਾ, ਨਵਾਬ ਸ਼ੁਜਾਉਦੋਲਾ, ਦੋਂਦੇਖਾਂ, ਐਹਮਦ ਖਾਂ ਫਰਖਾ ਬਾਦੀ, ਹਾਫਜ਼ ਰੈਹਮਤ ਖਾਂ ਤੇ ਨਜ਼ੀਬ ਖਾਂ ਰੁਹੇਲਾ ਸ਼ਾਹੀ ਫੌਜ ਲੈਕੇ ਸਾਹਮਣੇ ਆਏ, ਕਿੰਤੂ ਸ਼ਕਸਤ

ਖਾਕੇ ਨਸ ਗਏ, ਮਰਹੱਟਿਆਂ ਨੇ ਦਿੱਲੀ ਤੇ ਕਬਜ਼ਾ ਕਰ ਲਿਆ।

ਨਜੀਬ ਖਾਂ ਹਾਰ ਖਾਕੇ ਬਦਲਾ ਲੈਣ ਦੀ ਤਯਾਰੀ ਕਰਨ ਲਗਾ, ਕਿੰਤੂ ਇਸ ਵਿਚਾਰੇ ਦੀ ਪਾਇਆਂ ਹੀ ਕੀ ਸੀ, ਜੋ ਮਰਹੱਟਿਆਂ ਦਾ ਟਾਕਰਾ ਕਰ ਸਕਦਾ, ਪ੍ਰੰਤੂ ਜੋਹੜੀ ਗੁੱਸੇ ਦੀ ਅੱਗਨੀ ਅੰਦਰ ਭੜਕ ਰਹੀ ਸੀ, ਓਹ ਚੈਨ ਨਹੀਂ ਲੈਣ ਦੇਂਦੀ ਸੀ, ਇਸ ਨੇ ਐਹਮਦ ਸ਼ਾਹ ਅਬਦਾਲੀ ਨੂੰ ਹਿੰਦ ਵਿਚ ਆਉਣ ਦੀ ਚਿਠੀ ਲਿਖੀ ਤੇ ਬਿਨੇ ਕੀਤੀ ਕਿ ਜੇ ਕਦੀ ਇਹ ਦੀ ਸਹਾਇਤਾ ਕਰਕੇ ਦਿੱਲੀ ਵਾਪਸ ਦਵਾਈ ਜਾਏ, ਤਦ ਹਿੰਦ ਦੀ ਲੁਟ ਤੋਂ ਵਖਰਾ ਤਿੰਨ ਕਰੋੜ ਰਪਯਾ ਨਜ਼ਰ ਭੇਟ ਕੀਤਾ ਜਾਵੇਗਾ।

ਇਹ ਖ਼ਬਰ ਮਿਲਦੇ ਹੀ ੧॥ ਲਖ ਆਦਮੀ ਨਾਲ ਲੈਕੇ ਐਹਮਦ ਸ਼ਾਹ ਨੇ ਹਿੰਦ ਤੇ ਚੜ੍ਹਾਈ ਕੀਤੀ, ਮੁਲਕ ਨੂੰ ਲੁੱਟਦਾ, ਪੁੱਟਦਾ ਤੇ ਕੁੱਟਦਾ, ਪਿੰਡਾਂ ਨੂੰ ਸਾੜਦਾ ਤੇ ਸ਼ੈਹਰ ਉਜਾੜਦਾ 'ਪਾਨੀ ਪਤ' ਤੇ ਜਾ ਪੁਜਾ।

ਉਧਰੋਂ ਮਰਹਟਾ ਸਰਦਾਰ ਬਿਸ਼ਵਾਸ਼ ਰਾਓ ਦੋ ਲਖ ਸਵਾਰ ਨਾਲ ਲੈਕੇ ਸਾਹਮਣੇ ਆਇਆ, ਕਿੰਤੂ ਭਾਗਾਂ ਨੇ ਸਾਥ ਨਾ ਦਿਤਾ, ੮੦ ਹਜ਼ਾਰ ਦੇ ਕਰੀਬ ਮਰਹਟੇ ਮਾਰੇ ਗਏ, ਬਿਸ਼ਵਾਸ਼ ਰਾਓ ਤੇ ਓਹਦਾ ਸਾਥੀ ਦਤਾ ਸਿੰਧੀਆ ਮੈਦਾਨੇ ਜੰਗ ਵਿਚਕੰਮ ਆਏ, ਲਖਾਂ ਰਪਯੇ ਦਾ ਮਾਲ ਐਹਮਦ ਸ਼ਾਹ ਨੂੰ ਮਿਲਯਾ, ਕਿਹਾ ਜਾਂਦਾ ਹੈ ਕਿ ਬਿਸ਼ਵਾਸ਼ ਰਾਓ ਦੀਆਂ ਪੂਜਾ ਕਰਨ ਵਾਲੀਆਂ ਮੂਰਤੀਆਂ ਤੇ ਓਹਨਾਂ ਦਾ ਹੋਰ ਸਾਮਾਨ ਜੋ ਐਹਮਦ ਸ਼ਾਹ ਦੇ ਹਥ ਆਇਆ, ੨੦ ਲੱਖ ਦਾ ਸੀ।

ਐਹਮਦ ਸ਼ਾਹ ਅਗੇ ਵਧਿਆ, ਅਗੇ ਹੁਲਕਰ ਮਰਹਟਾ ਰਾਹ ਰੋਕੀ ਖਲੋਤਾ ਸੀ, ਓਹਦੇ ਨਾਲ ੨ ਲੱਖ ੯੨ ਹਜ਼ਾਰ ਜਵਾਨ ਸਨ, ਬੜੀ ਬਹਾਦਰੀ ਤੇ ਦਲੇਰੀ ਨਾਲ ਲੜਿਆ, ਪ੍ਰੰਤੂ ਐਹਮਦ ਸ਼ਾਹ ਦੀ ਵਜੋਈ ਸੈਨਾਂ ਦੇ ਪਾਨੀ ਪਤ ਦੀ ਜਿਤ ਤੋਂ ਹੌਸਲੇ ਇੰਨੇ ਵਧੇ ਹੋਏ ਸਨ ਕਿ ੪ ਦਿਨ ਦੀ ਜੰਗ ਵਿਚ ਹੀ ਓਹਨਾਂ ਮਰਹੱਟਿਆਂ ਦੇ ਪੈਰ ਉਖੇੜ ਦਿਤੇ, ਐਹਮਦ ਸ਼ਾਹ ਦੇ ਹਥ ਬੇਅੰਤ ਮਾਲ ਧਨ ਆਇਆ।

ਤੀਜੀ ਵੇਰ ਸ਼ਿਵਦੇਵ ਰਾਓ ੧ ਲੱਖ ੪੦ ਹਜ਼ਾਰ ਜਵਾਨ ਲੈਕੇ ਟਾਕਰੇ ਲਈ ਆਇਆ, ਇਹ ਵੀ ਕਾਮਯਾਬ ਨਾਂ ਹੋਇਆ, ੨੦ ਹਜ਼ਾਰ ਜਵਾਨ ਤੀਵੀਆਂ ਤੇ ਲੜਕੇ ੫੦ ਲੱਖ ਰੁਪਯਾ ਨਕਦ ਤੇ ੫੦੦੦ ਬਹੁ ਮੁੱਲੇ ਘੋੜੇ ਐਹਮਦ ਸ਼ਾਹ ਦੇ ਹੱਥ ਲਗੇ।

ਐਹਮਦ ਸ਼ਾਹ ਇੰਜ ਹਿੰਦ ਦੇ ਧਨ ਤੋਂ ਮਾਲਾ ਮਾਲ ਤੇ ਹਜ਼ਾਰਹਾ ਤੀਵੀਆਂ ਤੇ ਬੱਚੇ ਨਾਲ ਲੈਕੇ ਦਿਲੀ ਤੋਂ ਮੁੜਿਆ, ਇਤਹਾਸਕਾਰਾਂ ਦਾ ਕਥਨ ਹੈ ਕਿ ਇਸ ਹਮਲੇ ਵਿੱਚ ਐਹਮਦ ਸ਼ਾਹ ਦੇ ਹੱਥ ਇੰਨਾਂ ਮਾਲ ਧਨ ਆਇਆ ਕਿ ਇਸ ਤੋਂ ਪਹਿਲਾਂ ਕਦੇ ਨਹੀਂ ਆਇਆ ਸੀ।

ਇਹ ਖ਼ਬਰ ਖ਼ਾਲਸਾ ਜੀ ਦੇ ਕੰਨਾਂ ਵਿੱਚ ਵੀ ਪੁੱਜੀ, ਮੁਲਕ ਦੀ ਤਬਾਹੀ ਤੇ ਬਰਬਾਦੀ ਦਾ ਹਾਲ ਸੁਣ ਇਹਨਾਂ ਦੇ ਲੂੰ ਕੰਡੇ ਹੋ ਗਏ, ਬੇ ਗੁਨਾਹ ਤੀਵੀਆਂ ਦੇ ਫੜੇ ਜਾਣ ਦੀ ਖਬਰ ਤੋਂ ਇਹਨਾਂ ਦੀਆਂ ਅੱਖਾਂ ਵਿੱਚੋਂ ਅੱਗ ਦੇ ਸ਼ੋਅਲੇ ਨਿਕਲਣੇ ਲਗੇ, ਮੁਸੀਬਤ ਦੇ ਮਾਰਿਆਂ ਤੇ ਦੁਖਯਾਰਿਆਂ ਦੀ ਸਹਾਇਤਾ ਲਈ ਖ਼ਾਲਸਾ ਜੀ ਨੇ ਤਲਵਾਰ ਹੱਥ ਵਿੱਚ ਫੜੀ

ਤੇ ਜੰਗਲਾਂ ਤੇ ਪਹਾੜਾਂ ਵਿਚੋਂ ਨਿਕਲਕੇ ਦਰਯਾਏ ਬਿਆਸ ਦੇ ਕੰਢੇ ਗੋਇੰਦਵਾਲ ਦੇ ਮੁਕਾਮ ਨੂੰ ਰਣਭੂਮੀ ਬਣਾ ਦਿੱਤਾ, ਲੜਾਈ ਦਾ ਮੈਦਾਨ ਗਰਮ ਹੋਗਿਆ, ਦੋਹਾਂ ਪਾਸਿਆਂ ਦੇ ਬਹਾਦਰ ਦਰਯਾਦਿਲੀ ਜਾਨਾਂ ਦੇਣ ਲਗੇ, ਧਰਮ ਰਾਜ ਦੇ ਦੂਤਾਂ ਪਾਸੋਂ ਜਾਨਾਂ ਦਾ ਸੰਭਾਲਣਾ ਮੁਸ਼ਕਲ ਹੋਗਿਆ, ਦਰ-ਯਾਏ ਬਿਆਸ ਦੇ ਨਾਲ ਨਾਲ ਇਕ ਹੋਰ ਖ਼ੂਨ ਦਾ ਦਰਯਾ ਵਗ ਤੁਰਿਆ, ਸ੍ਰਦਾਰ ਬਘੇਲ ਸਿੰਘ ਤੇ ਹੋਰ ਸਿਖ ਸਰਦਾਰਾਂ ਨੇ ਖ਼ੂਬ ਬਹਾਦਰੀ ਵਿਖਾਈ, ਐਹਮਦ ਸ਼ਾਹ ਦੀ ਫੌਜ ਦੇ ਪੈਰ ਉਖੜ ਗਏ, ਹਿੰਦੂ ਤੀਵੀਆਂ ਤੇ ਬੱਚੇ ਜੋ ਕੈਦੀ ਬਣਾਏ ਗਏ ਸਨ, ਛਡਕੇ ਤੇ ਹਿੰਦ ਦੀ ਲੁਟ ਦਾ ਮਾਲ ਖਾਲਸਾ ਜੀ ਦੀ ਭੇਟਾ ਚੜ੍ਹਾਕੇ ਪੈਰ ਸਿਰ ਤੇ ਰੱਖ ਨਸਕੇ ਮੁਸ਼ਕਲ ਜਾਨ ਬਚਾਈ ਤੇ ਕਾਬਲ ਵਿੱਚ ਜਾ ਸਾਹ ਲਿਆ।

ਸੰਮਤ ੧੮੨੩ ਐਹਮਦ ਸ਼ਾਹ ਦੇ ਚਾਚੇ ਦੇ ਪੁਤ ਭਰਾ ਸਰ ਬਲੰਦ ਖਾਂ ਨੇ ਜੋਰ ਫੜਿਆ ਤੇ ਸਿੱਖਾਂ ਦੇ ਟਾਕਰੇ ਲਈ ਖੜਾ ਹੋਇਆ, ਸ੍ਰਦਾਰ ਬਘੇਲ ਸਿੰਘ ਜੀ ਨੇ ਇਹਦੀ ਹੋਸ਼ ਠਿਕਾਣੇ ਲਿਆਉਣ ਲਈ ਤਲਵਾਰ ਕੱਢੀ, ਵਟਾਲਾ ਜ਼ਿਲਾ ਗੁਰਦਾਸਪੁਰ ਜੰਗ ਦਾ ਮੈਦਾਨ ਬਣਿਆ, ਸ੍ਰ: ਬਘੇਲ ਸਿੰਘ ਦੇ ਪਹਿਲੇ ਹਮਲੇ ਨਾਲ ਹੀ ਸਰ ਬਲੰਦ ਖ਼ਾਂ ਦੀ ਫੌਜ ਦੇ ਦਿਲ ਅਜਹੇ ਟੁੱਟੇ ਤੇ ਹੌਸਲੇ ਅਜਹੇ ਛੁੱਟੇ ਕਿ ਫਿਰ ਹਜ਼ਾਰ ਕੋਸ਼ਸ਼ ਕਰਣ ਤੇ ਵੀ ਓਹ ਫੌਜ ਨੂੰ ਟਾਕਰੇ ਤੇ ਨਾ ਲਿਆ ਸਕਿਆ "ਸਰ ਬਲੰਦ ਖ਼ਾਂ" ਦਾ "ਸਿਰ ਨੀਵਾਂ ਹੋਇਆ" ਤੇ ਜ਼ਖ਼ਮੀ ਹੋਕੇ ਨੱਸ ਗਿਆ।

ਸਰਦਾਰ ਬਘੇਲ ਸਿੰਘ ਦਾ ਇਲਾਕਾ ਦਿੱਲੀ ਦੇ

ਨਾਲ ਮਿਲਦਾ ਸੀ, ਦਿੱਲੀ ਵਲੋਂ ਖਾਲਸਾ ਜੀ ਤੇ ਜਿੰਨੀਆਂ ਚੜ੍ਹਾਈਆਂ ਹੋਈਆਂ, ਸਭ ਤੋਂ ਪਹਿਲਾਂ ਇਹਨਾਂ ਦੇ ਨਾਲ ਹੀ ਹਮਲਾ ਕਰਣ ਵਾਲਿਆਂ ਦਾ ਵਾਹ ਪੈਂਦਾ ਸੀ, ਆਪ ਦਾ ਯਤਨ ਹੋਂਦਾ ਸੀ ਕਿ ਜਿਵੇਂ ਕਿਵੇਂ ਹੋਵੇ, ਇਹ ਬਲਾ ਖਾਲਸਾ ਤੱਕਣ ਨਾਂ ਪੁਜ ਸਕੇ, ਜੇ ਉਹ ਇਸ ਗੱਲ ਵਿੱਚ ਕਾਮਯਾਬ ਹੋ ਜਾਂਦੇ ਤਦ ਸੁਖ, ਨਹੀਂ ਤਾਂ ਇਹ ਹਮਲਾ ਕਰਨ ਵਾਲੇ ਦੇ ਨਾਲ ਮਿਲ ਜਾਂਦੇ, ਇਨ੍ਹਾਂ ਦੇ ਨਾਲ ਹੋਣ ਤੋਂ ਪੰਥ ਨੂੰ ਇਹ ਲਾਭ ਪੁਜਦਾ ਕਿਃ—

(੧) ਹਮਲਾ ਕਰਨ ਵਾਲੇ ਦੇ ਹਾਲ ਚਾਲ ਤੋਂ ਆਪ ਪੰਥ ਨੂੰ ਖਬਰਦਾਰ ਕਰਦੇ ਰੈਂਹਦੇ।

(੨) ਹਮਲਾ ਕਰਣ ਵਾਲਾ ਕੋਈ ਕਰੜੀ ਕਾਰ-ਰਵਾਈ ਨਾ ਕਰ ਸਕਦਾ।

(੩) ਸਰਦਾਰ ਬਘੇਲ ਸਿੰਘ ਸਦਾ ਹੀ ਕਿਸੇ ਅਜਹੇ ਸਮੇਂ ਦੀ ਭਾਲ ਵਿੱਚ ਰੈਂਹਦੇ ਕਿ ਸੁਲਾਹ ਦੀ ਗੱਲ ਸ਼ੁਰੂ ਹੋਕੇ ਕਿਸੇ ਅਜਹੇ ਢੰਗ ਨਾਲ ਫੈਸਲਾ ਹੋ ਜਾਵੇ ਕਿ ਪੰਥ ਦੀ ਆਨ, ਬਾਨ ਤੇ ਸ਼ਾਨ ਕਾਇਮ ਰਹੇ, ਪੱਤ ਤੇ ਆਬਰੋ ਬਣੀ ਰਹੇ, ਖਾਲਸਾ ਜੀ ਦਾ ਬੋਲ ਬਾਲਾ ਹੋਵੇ, ਸਿਖ ਰਈਸ ਤੇ ਜਾਗੀਰਦਾਰ ਵਧਦੇ ਫਲਦੇ ਤੇ ਫੁਲਦੇ ਰੈਹਣ, ਸਿਖ ਰਿਆਸਤਾਂ ਕੌੜੀ ਵੇਲ ਵਾਂਗਣ ਤਰੱਕੀ ਕਰਨ ਤੇ ਵੈਰੀ ਨਾਕਾਮਯਾਬ ਹੋਕੇ ਮੁੜੇ।

ਇਹ ਹੀ ਕਾਰਨ ਹੈ ਕਿ ਦਿੱਲੀ ਵਲੋਂ ਜਿੰਨੇ ਹਮਲੇ ਸਿੱਖਾਂ ਤੇ ਹੋਏ ਸਰਦਾਰ ਬਘੇਲ ਸਿੰਘ ਹਮਲਾ ਕਰਨ ਵਾਲਿਆਂ ਨਾਲ ਵੇਖੇ ਗਏ, ਕਿੰਤੂ ਹਮਲਾ ਕਰਨ ਵਾਲੇ ਦੇ

ਨਿਸ਼ਚਤ ਥਾਂ ਤੇ ਪੁੱਜਣ ਤੱਕ ਸ੍ਰ: ਬਘੇਲ ਸਿੰਘ ਦੀ ਅਕਲ-ਮੰਦੀ ਤੇ ਦਾਨਾਈ ਨਾਲ ਹਾਲਤ ਇਸ ਤਰਾਂ ਬਦਲ ਜਾਂਦੀ ਰਹੀ ਕਿ ਹਮਲਾ ਕਰਨ ਵਾਲੇ ਨੂੰ ਸ਼ਰਮਿੰਦਾ ਹੋਕੇ ਮੁੜਨਾ ਪਿਆ।

ਅਸੀਂ ਉੱਪਰ ਦਸ ਚੁਕੇ ਹਾਂ ਕਿ ਸਰਦਾਰ ਬਘੇਲ ਸਿੰਘ ਨੇ ਹੋਸ਼ ਸੰਭਾਲਣ ਦੇ ਦਿਨ ਤੋਂ ਹੀ ਖਾਲਸਾ ਜੀ ਦੀ ਭਲਿਆਈ ਤੇ ਸੇਵਾ ਲਈ ਜੀਵਨ ਲਾ ਦਿਤਾ ਤੇ ਹਰ ਮੈਦਾਨ ਵਿੱਚ ਕੌਮ ਦਾ ਸਾਥ ਦਿੱਤਾ। ਓਹ ਲੜਾਈਆਂ ਜਿਨ੍ਹਾਂ ਵਿੱਚ ਉਹਨਾਂ ਹਿੱਸਾ ਲਿਆ ਅਣਗਿਣਤ ਹਨ, ਪ੍ਰੰਤੂ ਕੁਝਕ ਦਾ ਵਰਨਨ ਅਸੀਂ ਅਗੇ ਕਰਦੇ ਹਾਂ॥

ਘੱਲੂ ਘਾਰਾ

ਅਬ ਤਉ ਜਰੇ ਮਰੇ ਸਿਧਿ ਪਾਈਐ,
ਲੀਨੋ ਹਾਥਿ ਸੰਧਉਰਾ।

ਫ਼ਰਵਰੀ ੧੭੬੩ ਨੂੰ ਹਿੰਦੋਸਤਾਨ ਤੇ ਸਤਵੀਂ ਵਾਰ ਐਹਮਦ ਸ਼ਾਹ ਨੇ ਝੜਾਈ ਕੀਤੀ, ਇਸ ਵਾਰ ਹਮਲਾ ਕਰਨ ਦਾ ਸੱਦਾ, ਜੰਡਯਾਲਾ ਗੁਰੂ ਦੇ ਮਹੰਤ ਆਕਲ ਦਾਸ, ਭੀਖਣ ਖਾਂ ਤੇ ਲਾਹੌਰ ਦੇ ਹਾਕਮ ਨੇ ਦਿੱਤਾ ਸੀ, ਇਸ਼ ਕਰਕੇ ਇਸ ਚੜ੍ਹਾਈ ਦਾ ਇਕੋ ਮੰਤਵ ਸੀ ਤੇ ਓਹ ਆਪਣੇ ਖਿਆਲ ਵਿੱਚ ਸਿਖਾਂ ਦਾ ਖੁਰਾ ਖੋਜ ਮਿਟਾਣਾ ਸੀ।

ਪਿਛਲੇ ਹਮਲਿਆਂ ਤੋਂ ਐਹਮਦ ਸ਼ਾਹ ਨੂੰ ਪਤਾ ਲੱਗ ਚੁਕਾ ਸੀ ਕਿ ਕਾਬਲ ਤੋਂ ਲੈਕੇ ਦਿੱਲੀ ਤੱਕ ਪੁੱਜਣ ਵਿਚ ਜੇ ਕੋਈ ਰੋਕ ਹੈ ਤਦ ਓਹ ਸਿਖ ਹੀ ਹਨ, ਪਹਿਲੇ ਹਮਲਿਆਂ ਦੇ ਸਮੇਂ ਸਿਖਾਂ ਦੇ ਹਥੋਂ ਜੋ ਨੁਕਸਾਨ ਓਹਦਾ ਹੋਇਆ ਉਹ ਸਹਜੇ ਹੀ ਭੁਲ ਜਾਣ ਵਾਲਾ ਨਹੀਂ ਸੀ, ਤੇ ਇਹ ਇਸ ਹਡ ਬੀਤੀ ਤੋਂ ਜਾਣਦਾ ਸੀ ਕਿ ਅੱਜ ਜਾਂ ਕੱਲ ਸਿਖ ਕੌਮ ਨੇ ਇਸ ਸਾਰੇ ਮੁਲਕ ਨੂੰ ਆਪਣੇ ਅਧੀਨ ਕਰ ਲੈਣਾ ਹੈ, ਇਸ ਕਰਕੇ ਜਦ ਉਹਨੂੰ ਇਹ ਪਤਾ ਲੱਗਾ ਕਿ ਪੰਜਾਬ ਦੇ ਲੋਕ ਹੀ ਇਨ੍ਹਾਂ ਦੇ ਸ਼ਤਰੂ ਬਣ ਗਏ ਹਨ, ਤਦ ਓਹਦੀ ਖੁਸ਼ੀ ਦੀ ਕੋਈ ਹੱਦ ਨਹੀਂ ਰਹੀ ਤੇ ਰੈਹਣੀ ਵੀ ਨਹੀਂ ਚਾਹੀਦੀ ਸੀ। ਇਸ ਸਮੇਂ ਨੂੰ ਅਨਕੂਲ ਜਾਣ ੪੦ ਹਜ਼ਾਰ ਪਿਆਦੇ ਤੇ ਸਵਾਰ ਲੈਕੇ ਹਿੰਦ ਵਲ ਟੁਰ ਪਿਆ, ਦਰਯਾਏ ਜੇਹਲਮ ਲੰਘਕੇ ਲਾਹੌਰ ਪੁੱਜਾ, ਇਥੇ ਆਣਕੇ ਇਸ ਨੂੰ ਪਤਾ ਲਗਾ ਕਿ ੩੦ ਹਜ਼ਾਰ ਦੇ ਕਰੀਬ ਸਿਖ ਜਿਨ੍ਹਾਂ ਵਿੱਚ ਮਰਦ, ਤੀਵੀਆਂ, ਬੱਚੇ ਤੇ ਬੁੱਢੇ ਵੀ ਸ਼ਾਮਲ ਹਨ, ਐਸ ਵੇਲੇ ਸਰਹੰਦ ਦੇ ਇਲਾਕੇ ਵਿੱਚ ਜਾ ਰਹੇ ਹਨ, ਪਿੰਡ ਭਲੇਵਾਲ ਤੇ ਕੁਤਬੂ ਬਾਹਮਨੀ ਦਾ ਇਲਾਕਾ ਰਣਭੂਮੀ ਬਣਿਆਂ ਹੋਇਆ ਹੈ, ਪਾਇਲ, ਜਗਰਾਓ ਤੇ ਮਾਲੇਰ ਕੋਟਲਾ ਦੇ ਲਾਗੇ ਸਰਹੰਦ ਦੇ ਸੂਬੇ ਜ਼ੈਨ ਖਾਂ ਨੇ ਇਨ੍ਹਾਂ ਦੇ ਨਾਲ ਜੰਗ ਛੇੜ ਰੱਖੀ ਹੈ, ਐਹਮਦ ਸ਼ਾਹ ਨੇ ਫੌਜ ਨੂੰ ਝਟ ਪਟ ਕੂਚ ਦਾ ਹੁਕਮ ਦਿੱਤਾ। ਜਿਸ ਵੇਲੇ ਇਹ ਲਸ਼ਕਰ ਉਥੇ ਪੁੱਜਾ ਤਦ ਸਰਹੰਦ ਦੇ ਸੂਬੇ ਜ਼ੈਨ ਖਾਂ, ਲਛਮੀ ਰਾਏ, ਦੀਵਾਨ ਰਾਏ ਕੋਟ ਤੇ ਮਾਲੇਰ ਕੋਟਲੇ ਦੇ ਪਠਾਣ ਤੇ ਭੀਖਣ ਖ਼ਾਂ ਦੀ ਫੌਜ ਨੇ ਖਾਲਸਾ ਜੀ

ਦੇ ਸਾਹਮਣੇ ਤੇ ਸੱਜੇ ਪਾਸਿਓਂ ਧਾਵਾ ਬੋਲ ਦਿੱਤਾ, ਐਹਮਦ ਸ਼ਾਹ ਦੀ ਫੌਜ ਨੇ ਪਿਛੋਂ ਤੇ ਖਬੇ ਪਾਸਿਓਂ ਹੱਲਾ ਕਰ ਦਿੱਤਾ, ਇਸ ਤਰਾਂ ਸਿਖਾਂ ਨੂੰ ਘੇਰੇ ਵਿੱਚ ਲੈਕੇ ਚਾਰੇ ਪਾਸਿਆਂ ਤੋਂ ਇਕੋ ਵਾਰ ਅਗ ਵਰਸਾਣੀ ਸ਼ੁਰੂ ਕਰ ਦਿੱਤੀ।

ਇਸ ਸਮੇਂ ਖਾਲਸਾ ਜੀ ਦੀ ਦਸ਼ਾ ਉਸ ਜਹਾਜ਼ ਵਾਂਗ ਸੀ, ਜੋ ਤੂਫਾਨ ਆਏ ਸਮੁੰਦਰ ਵਿਚ ਘਿਰਿਆ ਹੋਇਆ ਹੋਵੇ, ਲੈਹਰਾਂ ਦੇ ਥਪੇੜਿਆਂ ਨਾਲ ਡਗਮਗਾ ਤੇ ਪਾਣੀ ਦੇ ਉਤਾਰ ਚੜ੍ਹਾਓ ਨਾਲ ਕਦੇ ਅਕਾਸ਼ ਤੇ ਕਦੇ ਪਤਾਲ ਦੀਆਂ ਖਬਰਾਂ ਲਿਆ ਰਿਹਾ ਹੋਵੇ ਤੇ ਉਲਟੀ ਹਵਾ ਦੇ ਝਕੋਲਿਆਂ ਨੇ ਓਹਦੀ ਹੋਂਦ ਨੂੰ ਤੌਖਲੇ ਵਿਚ ਪਾ ਰਖਯਾ ਹੋਵੇ।

ਖਾਲਸਾ ਜੀ ਦੇ 'ਰਣ ਪੰਡਤ' ਮੁਖੀਏ ਵਿਚਾਰ ਕਰਨ ਲਈ ਬੈਠ ਗਏ, ਸਰਦਾਰ ਜਸਾ ਸਿੰਘ ਆਹਲੂਵਾਲੀਆ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਸ੍ਰ: ਬਘੇਲ ਸਿੰਘ ਤੇ ਸ੍ਰ: ਚੜ੍ਹਤ ਸਿੰਘ ਲੜਾਈ ਦੀ ਹਾਲਤ ਤੇ ਵਿਚਾਰ ਕਰਣ ਲਗੇ, ਅੰਤ ਨੂੰ ਫੈਸਲਾ ਹੋਇਆ ਕਿ:—

(੧) ਕਿਲਾ ਬਣਾਕੇ ਲੜਾਈ ਕੀਤੀ ਜਾਵੇ।

(੨) ਲੜਾਈ ਵੀ ਕੀਤੀ ਜਾਵੇ ਤੇ ਨਾਲ ਹੀ ਕੂਚ ਵੀ ਕੀਤਾ ਜਾਵੇ, ਇਸਤਰਾਂ ਦੁਸ਼ਮਨ ਨੂੰ ਮਾਲਵੇ ਦੇ ਮਾਰੂਥਲ ਵਿੱਚ ਪੁਚਾਕੇ ਲੋਹੇ ਦੇ ਚਣੇ ਚਬਵਾਏ ਜਾਣ।

ਪਹਿਲੀ ਗੱਲ ਨੂੰ ਵਰਤੋਂ ਵਿੱਚ ਲਿਆਉਣ ਲਈ ਰਸਦ ਤੇ ਹੋਰ ਸਭ ਸਾਮਾਨ, ਤੀਵੀਆਂ, ਬੱਚੇ, ਬੁੱਢੇ ਬੀਮਾਰ ਤੇ ਫੱਟੜਾਂ ਨੂੰ ਵਿਚਕਾਰ ਕਰ ਲਿਆ ਗਿਆ ਤੇ ਨਕੇਈ, ਫੈਜ਼ੁਲਾ ਪੁਰੀਏ, ਕਰੋੜੀਏ ਤੇ ਸ਼ਹੀਦਾਂ ਦੀ ਮਿਸਲ


ਸ: ਜੱਸਾ ਸਿੰਘ ਸਾਹਿਬ ਰਾਮਗੜ੍ਹੀਆ

ਸਰਦਾਰ ਨੇ ਆਪਣੇ ਸੂਰਮੇਂ ਲੈਕੇ ਚਾਰੇ ਪਾਸੀਂ ਹੋਗਏ।

ਸਭ ਤੋਂ ਅਗਲੇ ਪਾਸੇ ਸ੍ਰਦਾਰ ਸ਼ਾਮ ਸਿੰਘ ਤੇ ਸ: ਬਘੇਲ ਸਿੰਘ, ਸਜੇ ਹਥ ਸ: ਜੱਸਾ ਸਿੰਘ ਆਹਲੂਵਾਲੀਆ ਖੱਬੇ ਹੱਥ ਸ: ਚੜ੍ਹਤ ਸਿੰਘ ਤੇ ਪਿਛਲੇ ਪਾਸੇ ਰਾਮਗੜ੍ਹੀਏ ਸਰਦਾਰ ਨੀਯਤ ਹੋਏ।

ਇਸ ਤਰਹ ਕਿਲਾ ਬਨਾ ਕੇ ਖਾਲਸਾ ਜੀ ਨੇ ਚਾਰੋਂ ਪਾਸੀਂ ਹਮਲਾ ਕਰਨ ਵਾਲਿਆਂ ਨੂੰ ਉਲਝਾ ਦਿਤਾ, ਆਪ ਦੁਸ਼ਮਣਾਂ ਤੇ ਵਾਰ ਕਰਕੇ ਉਨਾਂ ਨੂੰ ਪਿਛੇ ਹਟਾਂਦੇ ਹੋਏ ਮਾਲਵੇ ਵਲ ਵਧਣਾ ਸ਼ੁਰੂ ਕੀਤਾ।

ਦੁਵੱਲੀ ਇਕ ਦੂਜੇ ਦੇ ਲਹੂ ਦੇ ਤਿਹਾਏ ਹੋਕੇ ਇਕ ਦੂਜੇ ਤੇ ਵਾਰ ਕਰਨ ਲਗੇ, ਮਾਨੋਂ ਦੋ ਵਡੇ ਬਦਲ ਹਵਾ ਦੇ ਥਪੇੜਿਆਂ (ਦਿਲੀ ਜਜ਼ਬਾਤ ਦੇ ਜੋਸ਼) ਨਾਲ ਆਪਸ ਵਿਚ ਟਕਰਾ ਗਏ, ਖੁਲ੍ਹੇ ਮੈਦਾਨ ਦੀ ਓਚੀ ਨੀਵੀਂ ਧਰਤੀ ਕੋਹਾਂ ਤੀਕ ਆਦਮੀ ਵਿਚ ਲੁਕ ਗਈ, ਸਬਜ਼, ਕਾਲੇ ਬਸੰਤੀ ਅਰ ਪੀਲੇ ਰੰਗ ਦੇ ਝੰਡੇ ਜਿਨਾਂ ਤੇ ਚੰਦ੍ਰਮਾਂ (ਹਲਾਲ) ਦੇਵੀ, ਦੇਵਤਿਆਂ ਅਰ ਖੰਡੇ ਦੀਆਂ ਤਸਵੀਰਾਂ ਬਨੀਆਂ ਹੋਈਆਂ ਸਨ, ਲੈਹਰਾਨ ਲਗੇ, ਸੰਖ, ਤੁਰੀ, ਸਰਨਾ ਵਜਨ ਲਗੇ, ਦਮਾਮਿਆਂ ਦੀ ਅਵਾਜ਼ ਨਾਲ ਅਸਮਾਨ ਗੂੰਜ ਉਠਿਆ। ਤਲ-ਵਾਰਾਂ ਦੀ ਛਨਕਾਰ, ਤੀਰਾਂ ਦੇ ਸੱਨਾਟੇ, ਕਮਾਨਾਂ ਦੀ ਕੜਕ, ਨੇਜ਼ਿਆਂ ਦਾ ਆਪਸ ਵਿਚ ਟਕਰਾ ਕੇ ਟੁਟਣਾ, ਜਖਮੀਆਂ ਦਾ ਘੋੜਿਆਂ ਤੋਂ ਲੈਹਰਾ ਲੈਹਰਾ ਕੇ ਡਿਗਨਾ ਹੋਸ਼ ਭੁਲਾਣ ਵਾਲਾ ਸੀਨ ਸੀ।

ਪੰਥ ਪ੍ਰਕਾਸ਼ ਵਿਚ ਏਸ ਲੜਾਈ ਦਾ ਵਰਨਨ ਕਰਦੇ ਹੋਏ ਲਿਖਿਆ ਹੈ ਕਿਃ—

"ਛੁਟੇ ਰਾਮ ਜੰਗੇ ਦੁਹੂੰ ਓਰ ਭਾਰੇ। ਲਗਜੇ ਹੋਨ ਜੰਗੈਂ ਅਭੰਗੈਂ ਅਪਾਰੇ। ਤੜੱਕੈਂ ਕਮੰਠੇ ਸੜੱਕੈਂ ਸੁਤੀਰੰ। ਭੜੱਕੈਂ ਜ੍ਵਾਨੰ ਗੜੱਕੈਂ ਗੰਭੀਰੰ। ਕੜੱਕੈਂ ਬੰਦੂਖਾਂ ਫੁੜੱਕੈਂ ਸੁਢਾਲੈਂ। ਬੜੱਕੈਂ ਸੁਗੋਲੀ ਪੜੱਕੈਂ ਬਿਸਾਲੈਂ। ਧਮੱਕੈਂ ਸੁਧੌਸੇ ਰਣਕੇ ਨਗਾਰੇ। ਹਿਣੱਕੈ ਸੁ ਬਾਜੀ ਝਿਣੱਕੈਂ. ਸੁਡਾਰੇ। ਚਿਲੱਕੈਂ ਨਿਸਾਨੰ ਕਿਲੱਕੈਂ ਸੁ ਸੂਰੇ। ਝਲਿੱਕੈਂ ਦੁਧਾਰੇ ਬਲਿੱਕੈਂ ਸੁ ਕੂਰੇ। ਤਰੱਜੈਂ ਗਰੱਜੈਂ ਨ ਲੱਜੈਂ ਹਠੀਲੇ। ਨ ਭੱਜੈਂ ਨਰੱਜੈਂ ਕਟੰਤੇ ਕਟੀਲੇ। ਦਪੱਟੈਂ ਸੁਝੱਟੈਂ ਲਪੱਟੈਂ ਲੜਾਕੇ। ਉਘੱਟੈਂ ਕਿਕੱਟੈਂ ਸੜਾਕੰ ਸੜਾਕੇ। ਬਜੈ ਬਾਦ ਮਾਰੂ ਦੁਹੂੰ ਓਰ ਭਾਰੀ। ਲਰੈਂ ਬੀਰ ਬਾਂਕੇ ਹਕਾਰੰ ਹਕਾਰੀ। ਕਹੂੰ ਲੈ ਗਦਾ ਸੂਲ ਔ ਖਗ ਟੂਕੰ। ਕਰੈਂ ਦੂਰ ਢਾਲੇਂ ਲਰੈਂ ਢੂਕ ਢੂਕੰ। ਕਹੂੰ ਤਾਨ ਕਾਮਾਨ ਔਬਾਨ ਛੋਰੈਂ। ਕਹੂੰ ਰਾਮ ਜੰਗਾਂਨਸੋ ਅੰਗ ਫੋਰੈਂ। ਕਹੂੰ ਚੱਕ੍ਰ ਬੱਕ੍ਰੀ ਤਚੇਹੈਂ ਅਕਾਲੀ। ਫਿਰੈਂ ਵੀਚ ਆਕਾਸ ਜਜੌਂ ਗੀਧ ਮਾਲੀ। ਕਹੂੰ ਦੀਹ ਦੰਡੇ ਛੁਟੈ ਡਾਂਗ ਸੋਟੇ। ਧਰੈਂ ਮੂੰਡ ਜਾਂਕੇ ਕਰੈਂ ਲੋਟ ਪੋਟੇ। ਸਫਾ ਜੰਗ ਛੋਹੀ ਛੁਟੈਂ ਛੰਗ ਸੇਲੇ। ਕਰੈਂ ਅੰਗ ਭੰਗੀ ਭਲੇ ਭੂਮਿ ਮੇਲੇ। ਕਹੂੰ ਸਾਯਕੰ ਸੂੰਕਤੇ ਲੱਛ ਲੱਛੀ। ਫਿਰੈਂ ਫੂੰਕਤੇ ਸਾਂਪ ਜਯੋਂ ਹੈ ਸਪੱਛੀ। ਕਹੂੰ ਸੈਹਥੀ ਸਾਰਕੀ ਲਹਿ ਲਹਾਤੀ। ਘਨੀ ਨਾਗਨੀ ਜਜੋਂ ਫਿਰੈਂ ਪਰਾਨ ਖਾਤੀ। ਕਹੂੰ ਕਾਲਕੀ ਜੀਹਸੀ ਤੇਗ ਛੂਟੈ। ਛੁਹੈ ਅੰਗ ਜਾਂਕੇ ਤਿਸੈ ਪ੍ਰਾਨ ਘੂਟੈ। ਕਹੂੰ ਸੇਲ ਭਾਲੇਂ ਚਲੈਂ ਤੇਜ ਸਾਰੇ। ਕਵੈ ਭੇਦ ਸੰਜੋਇ ਕੈ ਸੋ ਦੁਸਾਰੇ। ਲਰੈਂ ਬੀਰ

ਬਾਂਕੇ ਹਠੀ ਢੂਕ ਢੂਕੈਂ। ਗਿਰੈਂ ਜੂਝ ਔਨੈ ਭਵੈਂ ਟੂਕ ਟੂਕੈਂ।"

ਘਾਇਲ ਸਿਪਾਹੀਆਂ ਦੀ ਕੁਰਲਾਟ, ਹਾਥੀਆਂ ਦੀ ਚੰਘਾੜ, ਘੋੜਿਆਂ ਦੀ ਹਿਣ ਹਿਣਾਟ ਅਤੇ ਸੂਰਬੀਰਾਂ ਦੇ ਨ੍ਹਾਰਿਆਂ ਨਾਲ ਕੰਨ ਪਾਟਦੇ ਜਾਂਦੇ ਸਨ। ਖਿਚੀਆਂ ਹੋਈਆਂ ਤਲਵਾਰਾਂ ਉਤੇ ਸੂਰਜ ਦੀ ਲਿਸ਼ਕ ਨਾਲ ਨਿਗਾਹ ਦਾ ਠੈਹਰਨਾਂ ਕਠਨ ਸੀ। ਹੱਥ ਭਰ ਦੀ ਵਿਥ ਤੇ ਲੱਖਾਂ ਬਿਜਲੀਆਂ ਚਮਕ ਜਾਂਦੀਆਂ ਸਨ, ਅਰ ਅਨਗਿਣਤ ਸਿਰ ਗੜਿਆਂ ਵਾਂਗਰ ਡਿਗ ਪੈਂਦੇ ਸਨ। ਢਾਲਾਂ ਦਾ ਬੱਦਲ ਗੜ ਗੜ ਕਰਦਾ ਆਉਂਦਾ ਸੀ ਅਰ ਤਲਵਾਰਾਂ ਦੀ ਤੇਜ਼ ਹਵਾ ਨਾਲ ਬਹੁਤ ਛੇਤੀ ਹੀ ਅੱਡ ੨ ਹੋ ਜਾਂਦਾ ਸੀ, ਧਰਤੀ ਤੇ ਤਾਜ਼ੇ ਲਹੂ ਦਾ ਦਰਯਾ ਲੈਹਰਾਂ ਮਾਰ ਰਿਹਾ ਸੀ, ਜੀਹਦੇ ਵਿੱਚ ਹਜ਼ਾਰਾਂ ਸਿਪਾਹੀਆਂ ਦੇ ਸਿਰ ਤੇ ਧੜ ਵਹੇ ਜਾਂਦੇ ਸਨ।

ਹੌਲੀ ਹੌਲੀ ਦਿਨ ਬੀਤ ਗਿਆ, ਸੂਰਜ ਨੇ ਕਈ ਹਜ਼ਾਰ ਜਵਾਨਾਂ ਦੇ ਕਟ ਮਰਨ ਨੂੰ ਨਾਂ ਵੇਖ ਸਕਨ ਦੇ ਕਾਰਨ ਮੂੰਹ ਤੇ ਪੱਲਾ ਲੈ ਲਿਆ, ਅਕਾਸ਼ ਦੀ ਲਾਲੀ ਲਹੂ ਵਿੱਚ ਡੁਬੀ ਧਰਤੀ ਦੀ ਅਕਸੀ ਤਸਵੀਰ ਖਿੱਚੀ। ਹਰ ਪਾਸੇ ਇਕ ਵਹਸ਼ਤ ਦਾ ਸੱਨਾਟਾ ਛਾ ਗਿਆ, ਪਰਿੰਦਿਆਂ ਨੇ ਆਹਲਣਿਆਂ ਅਰ ਦੁਨੀਆਂਦਾਰਾਂ ਨੇ ਘਰਾਂ ਵਿਚ ਬਿਸਰਾਮ ਕੀਤਾ, ਪਰ ਏਸ ਜੰਗ ਵਿੱਚ ਉਲਝੇ ਹੋਏ ਬਹਾਦਰ ਹੁਣ ਤੀਕ ਅਪਣੀ ਤਲਵਾਰਾਂ ਤੋਂ ਕੰਮ ਲੈ ਰਹੇ ਹਨ॥

ਰਾਤ ਦਾ ਹਨੇਰਾ ਚੁਤਰਫੀ ਫੈਲ ਗਿਆ, ਮਿਤ੍ਰ ਤੇ ਦੁਸ਼ਮਨ ਦੀ ਪਛਾਣ ਜਾਂਦੀ ਰਹੀ। ਘੋੜਿਆਂ ਦੇ ਪੈਰ ਲੜ-

ਖੜਾਨ ਲਗੇ, ਸਿਪਾਹੀਆਂ ਦੇ ਹਥੋਂ ਤਲਵਾਰਾਂ ਆਪ ਤੋਂ ਆਪ ਡਿਗਣ ਲੱਗੀਆਂ, ਜਬਾਨਾਂ ਸੁਕ ਗਈਆਂ, ਅੱਖਾਂ ਸੜਨ ਲੱਗੀਆਂ, ਕਲੇਜਾ ਮੂੰਹ ਨੂੰ ਆਓਣ ਲੱਗਾ, ਪਰ ਆਪਸ ਵਿੱਚ ਗੁੱਥਮ ਗੁੱਥਾ ਹੋਏ ਲਸ਼ਕਰ ਅੱਡ ਨਾਂ ਹੋਏ। ਏਸ ਤਰਾਂ ਰਾਤ ਭਰ ਰਣਭੂਮੀ ਵਿਚ ਲੜਾਈ ਗਰਮ ਰਹੀ, ਫੇਰ ਦਿਨ ਚੜ੍ਹ ਆਇਆ, ਜਾਨਵਰਾਂ ਨੇ ਅਪਣੇ ਬੱਚਿਆਂ ਨੂੰ ਦੁਧ ਪਿਆਇਆ, ਪਰ ਖ਼ੂਨ ਨਾਲ ਲੱਥ ਪੱਥ ਹੋਏ ਸ਼ੇਰਾਂ ਦੇ ਸੰਘ ਵਿੱਚ ਪਾਣੀ ਪਾਉਣ ਵਾਲਾ ਕੋਈ ਨਜ਼ਰੀ ਨਾਂ ਆਇਆ?

ਬਲੰਦ ਖ਼ਾਂ ਲਲਕਾਰਦਾ ਹੋਇਆ ਅਗੇ ਵਧਿਆ, ਸ੍ਰ: ਚੜ੍ਹਤ ਸਿੰਘ ਨੇ ਸਾਹਮਣੇ ਹੋਕੇ ਇਕੁਣ ਨੇਜ਼ਾ ਚਲਾਇਆ ਕਿ ਸੰਜੋਹ ਨੂੰ ਕੱਟਦਾ ਛਾਤੀ ਦੇ ਉਸ ਪਾਰ ਨਿਕਲ ਗਿਆ। ਬਲੰਦ ਖ਼ਾਂ ਨੂੰ ਏਸ ਤਰਾਂ ਡਿਗਦਾ ਵੇਖਕੇ ਜਹਾਨ ਖ਼ਾਂ ਬਿਜਲੀ ਵਾਂਗਰ ਤਲਵਾਰ ਚਮਕਾਉਂਦਾ ਹੋਇਆ ਆਇਆ, ਪਰ ਸਰਦਾਰ ਜੱਸਾ ਸਿੰਘ ਦੇ ਤੀਰ ਨੇ ਓਹਨੂੰ ਵੀ ਧਰਤੀ ਤੇ ਖ਼ੂਨ ਵਿੱਚ ਲਿਟਾ ਦਿੱਤਾ, ਸਰਦਾਰ ਜੱਸਾ ਸਿੰਘ ਰਾਮ-ਗੜ੍ਹੀਆ ਅਰ ਜ਼ੈਨ ਖਾਂ ਦਾ ਟਾਕਰਾ ਹੋਇਆ। ਦੋਨਾਂ ਨੇ ਤਲਵਾਰਾਂ ਦੇ ਵਾਰ ਕਰਨੇ ਅਰੰਭ ਕਰ ਦਿਤੇ, ਜ਼ੈਨ ਖ਼ਾਂ ਦੀ ਤਲਵਾਰ ਨਾਲ ਸਰਦਾਰ ਜੱਸਾ ਸਿੰਘ ਜੀ ਦਾ ਘੋੜਾ ਡਿਗ ਪਿਆ। ਸਰਦਾਰ ਸਾਹਿਬ ਨੇ ਨੇਜ਼ੇ ਨੂੰ ਘੁਮਾਕੇ ਏਸਤਰਾਂ ਮਾਰਿਆ ਕਿ ਜ਼ੈਨ ਖ਼ਾਂ ਕਾਰੀ ਜ਼ਖ਼ਮ ਖਾਕੇ ਨੱਸ ਗਿਆ। ਏਨੇ ਵਿੱਚ ਸ੍ਰਦਾਰ ਜੱਸਾ ਸਿੰਘ ਦੀ ਨਜ਼ਰ ਐਹਮਦ ਸ਼ਾਹ ਤੇ ਪਈ, ਇਹ ਅਪਣੇ ਘੋੜੇ ਨੂੰ ਅਡੀ ਲਾਕੇ ਸਾਹਮਣੇ ਜਾ ਖੜੋਤਾ

ਅਰ ਕਿਹਾ ਐਹਮਦ ਸ਼ਾਹ ! ਅੱਜ ਰਬ ਨੇ ਸਾਨੂੰ ਇਕ ਦੂਜੇ ਦੇ ਸਾਹਮਣੇ ਲਿਆ ਖੜਾ ਕੀਤਾ ਹੈ, ਫੌਜ ਨੂੰ ਐਵੇਂ ਕਟਵਾਨ ਦਾ ਕੀ ਅਰਥ? ਆਓ ਦੋ ਹੱਥ ਵੇਖੋ ਤੇ ਦੋ ਵਿਖਾਓ।

ਭਲਾ ਐਹਮਦ ਸ਼ਾਹ ਵਿੱਚ ਏਨੀਂ ਤਾਕਤ ਕਿੱਥੇ ਸੀ ਕਿ ਸ਼ੇਰਾਂ ਦੇ ਸਾਹਮਣੇ ਖੜਾ ਹੁੰਦਾ, ਯਾ ਤਾਂ ਸਿਖ ਫੌਜ ਵੰਨੇਂ ਵਧਦਾ ਚਲਿਆ ਆ ਰਿਹਾ ਸੀ ਯਾ ਸਰਦਾਰ ਜੱਸਾ ਸਿੰਘ ਦੇ ਵਲੋਂ ਦਿਤੇ ਜੰਗ ਦੇ ਨੇਉਤੇ ਤੋਂ ਪਿਛਲੇ ਪੈਰੀਂ ਨੱਸਿਆ, ਸ੍ਰਦਾਰ ਜੀ ਨੇ ਐਹਮਦ ਸ਼ਾਹ ਦੇ ਕਈ ਅਫਸਰਾਂ ਨੂੰ ਜ਼ਿੰਦਗੀ ਦੇ ਘਾਟੋਂ ਪਾਰ ਕੀਤਾ, ਤੇ ਓਹਦੀ ਫੌਜ ਤੇ ਟੁੱਟ ਪਏ, ਹਰ ਪਾਸੇ ਮੌਤ ਦਾ ਬਜ਼ਾਰ ਗਰਮ ਹੋਗਿਆ, ਹਜ਼ਾਰਾਂ ਜਾਨਾਂ ਦੁਨੀਆਂ ਤੋਂ ਚਲ ਵੱਸੀਆਂ, ਇਨਸਾਨੀ ਜੋੜ ਇਕ ਦੂਜੇ ਦਾ ਸਾਥ ਛੱਡਣ ਲਗੇ, ਆਬਦਾਰ ਤਲਵਾਰਾਂ ਖ਼ੂਨ ਵਿੱਚ ਡੁਬ ਡੁਬਕੇ ਲਾਲ ਹੋਗਈਆਂ, ਜ਼ਖਮੀ ਸਿਪਾਹੀ ਅੱਡੀਆਂ ਰਗੜ ਰਗੜ ਕੇ ਦਮ ਤੋੜਨ ਲਗੇ, ਮੁਸਲਮਾਨਾਂ ਨੇ 'ਯਾ ਅਲੀ' ਦਾ ਨਾਅਰਾ ਲਾਇਆ, ਹਿੰਦੂਆਂ ਨੇ 'ਜੈ ਮਹਾਂ-ਬੀਰ, 'ਜੈ ਦੁਸ਼ਟ ਦਮਨੀ' 'ਦੁਰਗਾ' 'ਭਗਵਤੀ ਦੀ ਜੈ' ਦੀ ਅਵਾਜ਼ ਉੱਚੀ ਕੀਤੀ। ਖਾਲਸਾ ਜੀ ਨੇ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾਇਆ ਅਤੇ ਫੇਰ ਜ਼ੋਰ ਸ਼ੋਰ ਨਾਲ ਲੜਾਈ ਤੇ ਜ਼ੋਰ ਅਜ਼ਮਾਈ ਹੋਣ ਲੱਗੀ।

ਗਹਲ ਨਾਮ ਇਕ ਪਿੰਡ ਰਸਤੇ ਵਿਚ ਆਇਆ, ਖਾਲਸੇ ਜੀ ਨੇ ਫੈਸਲਾ ਕੀਤਾ ਕਿ ਤ੍ਰੀਵੀਆਂ ਤੇ ਬੱਚਿਆਂ ਨੂੰ ਏਥੇ ਛੱਡਕੇ ਇਕ ਵੇਰ ਜੰਗ ਕੀਤਾ ਜਾਵੇ, ਪਿੰਡ ਵਾਲਿਆਂ ਨੇ ਬਾਦਸ਼ਾਹ ਤੋਂ ਡਰਦੇ ਮਾਰੇ ਦਰਵਾਜ਼ੇ ਬੰਦ ਕਰ ਲੀਤੇ,

ਅਹਮਦ ਸ਼ਾਹ ਨੇ ਤੀਵੀਆਂ ਤੇ ਬੱਚਿਆਂ ਨੂੰ ਫੌਜ ਤੋਂ ਅੱਡ ਵੇਖਕੇ ਉਧਰ ਮੂੰਹ ਮੋੜਿਆ ਅਰ ਇਕੇ ਵਾਰ ਬਾਰਾਂ ਹਜ਼ਾਰ ਸਿਪਾਹੀ ਲੈਕੇ ਓਹਨਾਂ ਤੇ ਹਮਲਾਆਵਰ ਹੋਇਆ, ਬਹੁਤ ਸਾਰੀਆਂ ਤੀਵੀਆਂ ਤੇ ਬੱਚੇ ਸ਼ਹੀਦ ਹੋਏ, ਐਹਮਦ ਸ਼ਾਹ ਨੂੰ ਏਸ ਤਰਾਂ ਤੀਵੀਆਂ ਤੇ ਬਚਿਆਂ ਉਤੇ ਹਮਲਾਆਵਰ ਹੁੰਦੇ ਵੇਖਕੇ ਸ੍ਰਦਾਰ ਚੜ੍ਹਤ ਸਿੰਘ ਨੇ ਫੌਜ ਲੇਕੇ ਉਧਰ ਹੱਲਾ ਕੀਤਾ, ਜਾਂਦੇ ਸਾਰ ਹੀ ਐਹਮਦ ਸ਼ਾਹ ਦੀ ਫੌਜ ਨੂੰ ਅਗੇ ਧਰ ਲੀਤਾ।

ਇਸ ਤਰਹ ਲੜਦੇ ਭਿੜਦੇ ਮਾਲਵੇ ਵਿਚ ਪੁਜੇ, ਹੁਣ ਦੁਪੈਹਰ ਦੀ ਧੁਪ ਚਾਰੇ ਪਾਸੀਂ ਅੱਗ ਵਰਸਾਨ ਲਗੀ। ਬਲਦੀ ਰੇਤ ਤੇ ਪੈਰ ਰਖਣਾ ਕਠਨ ਸੀ। ਮੀਲਾਂ ਤੀਕ ਪਾਨੀ ਵੇਖਣਾ ਨਹੀਂ ਸੀ ਮਿਲਦਾ, ਐਹਮਦ ਸ਼ਾਹ ਚਕਰਾ ਗਿਆ ਅਰ ਓਹਦੀ ਫੌਜ ਬਿਨਾ ਆਈ ਮੌਤ ਤੋਂ ਮਰਨ ਲਗੀ, ਲਾਚਾਰ ਅਪਨੀ ਬਦਕਿਸਮਤੀ ਨੂੰ ਰੋਂਦਾ ਹੋਇਆ ਅਹਮਦ ਸ਼ਾਹ ਵਾਪਸ ਮੁੜ ਗਿਆ, ਖਾਲਸੇ ਜੀ ਨੇ ਵੀ ਸਮੇਂ ਤੋਂ ਲਾਭ ਉਠਾ ਕੇ ਬਠਿੰਡੇ ਦਾ ਰਸਤਾ ਲੀਤਾ।

ਤਾਰੀਖਾਂ ਵਿਚ ਏਸ ਲੜਾਈ ਦਾ ਨਾਮ ਵਡਾ ਘੱਲੂ ਘਾਰਾ ਲਿਖਿਆ ਹੈ, ਮੁਸਲਮਾਨਾਂ ਦਾ ਕਥਨ ਹੈ, ਏਸ ਲੜਾਈ ਵਿਚ ੨੦ ਹਜ਼ਾਰ ਦੇ ਕਰੀਬ ਸਿਖ ਸ਼ਹੀਦ ਹੋਏ।

ਏਸ ਜੰਗ ਵਿਚ ਸ੍ਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ੨੨ ਜਖਮ ਲਗੇ ਅਰ ਸਰਦਾਰ ਚੜ੍ਹਤ ਸਿੰਘ ਦੇ ਜਿਸਮ ਤੇ ੧੯ ਨਿਸ਼ਾਨ ਆਏ।

ਸਰਹੰਦ ਦੇ ਗੁਰਦਵਾਰੇ

ਹਿੰਦੁਸਤਾਨ ਵਿੱਚ ਜਦ ਮੁਗ਼ਲੀਆ ਖਾਨ-ਦਾਨ ਦੀ ਉੱਨਤੀ ਦਾ ਸੂਰਜ ਮਧਯਾਸਨ ਤੇ ਚਮਕ ਰਿਹਾ ਸੀ, ਉਹਨੀ ਦਿਨੀਂ ਸ਼ੈਹਰ ਸਰਹੰਦ ਇਕ ਸੂਬੇ ਦੀ ਰਾਜਧਾਨੀ ਹੋਣ ਤੋਂ ਛੁਟ ਮੁਸਲਮਾਨ "ਉਲਮਾ" "ਫਜ਼ੁਲਾ" 'ਫ਼ੁਕਾਰਾ, 'ਉਮਰਾ' ਤੇ ਰਈਸਾਂ ਦੇ ਰੈਹਣ ਦੀਵੀ ਥਾਂ ਸੀ, ਤਿਜਾਰਤ ਦੀ ਮੰਡੀ ਤੇ ਨਿਤਾ ਪ੍ਰਤਿ ਦੀ ਲੁੱਟ ਕੁੱਟ ਕਰ ਲੈਣ ਦੇ ਕਾਰਨ ਏਥੋਂ ਦੇ ਵਸਨੀਕ ਖ਼ੁਸ਼ਹਾਲ ਤੇ ਮਾਲਾ ਮਾਲ ਸਨ।

ਸ਼ੈਹਰ ਸਰਹੰਦ ਦੀਆਂ ਸ਼ਾਨਦਾਰ ਇਮਾਰਤਾਂ, ਖ਼ੂਬ-ਸੂਰਤ ਮਕਾਨ, ਅਦੁਤੀ ਮਹਲ, ਘਰ ਤੇ ਵੇਖਣ ਯੋਗ ਬਾਗ਼ਾਂ ਦੇ ਕਾਰਨ ਉਹ ਸਜ ਧਜ ਰੱਖਦਾ ਸੀ ਕਿ ਓਪਰੇ ਦੀ ਨਿਗਾਹ ਨੂੰ ਬੜੀ ਖਿੱਚ ਦੇ ਨਾਲ ਅਪਨੇ ਵੱਲ ਖਿੱਚ ਲੈਂਦਾ ਸੀ।

ਵਜੀਦ ਖਾਂ ਸੂਬੇ ਦੇ ਦਰਬਾਰ ਵਿੱਚ ਨਿਮਕ ਹਰਾਮ ਗੰਗੂ ਬ੍ਰਾਹਮਨ ਦੀ ਤੁਫੈਲ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਦੋ ਛੋਟੇ ਸਾਹਿਬਜ਼ਾਦੇ ਬਾਬਾ ਫਤਹ ਸਿੰਘ ਅਤੇ ਜੋਰਾਵਰ ਸਿੰਘ ਸਾਹਿਬ ਜੀ ਪਹੁੰਚੇ, ਏਸ ਧਰੋਹੀ ਬ੍ਰਾਹਮਨ ਨੇ ਪੈਹਲੇ ਤਾਂ ਸਾਹਿਬਜ਼ਾਦਿਆਂ ਦੇ ਕੋਲ ਜਿੰਨਾਂ ਮਾਲ ਧਨ ਸੀ ਓਹ ਉਡਾਇਆ, ਪਰ ਜਦ ਏਸ ਤਰਾਂ ਵੀ ਓਹਦੀਆਂ ਅੱਖਾਂ ਨਾ ਭਰੀਆਂ, ਅਤੇ ਏਸ ਨੂੰ ਸਬਰ ਨਾ ਆਇਆ, ਤਦ ਇਸ ਨੰਗੇ ਕੌਮ ਨੇ ਦੋ ਸੌ ਰੁਪਯੇ ਇਨਾਮ ਦੇ ਬਦਲੇ ਦੋਨੋ ਸਾਹਿਬਜ਼ਾਦੇ

ਵਜੀਰ ਖਾਂ ਦੇ ਹਥ ਦੇ ਦਿਤੇ, ਬਾਬਾ ਜ਼ੋਰਾਵਰ ਸਿੰਘ ਦੀ ਉਮਰ ੯ ਅਤੇ ਬਾਬਾ ਫਤਹ ਸਿੰਘ ਦੀ ਉਮਰ ੭ ਬਰਸਾਂ ਦੀ ਸੀ। ਜਦ ਏਨਾਂ ਦੋਨਾਂ ਨੂੰ ਦਰਬਾਰ ਵਿਚ ਪੁਚਾਇਆ ਗਿਆ, ਤੱਦ ਵਜੀਰ ਖਾਂ ਨੇ ਬੜੀ ਨਰਮੀ ਅਰ ਹਮਦਰਦੀ ਨਾਲ ਓਨਾਂ ਨੂੰ ਮੁਸਲਮਾਨ ਹੋਣ ਦੀ ਪ੍ਰੇਰਨਾ ਕੀਤੀ ਅਰ ਦਸਿਆ ਕਿ ਜੇ ਕਰ ਉਹਦਾ ਕੈਹਣਾ ਮਨ ਲੈਣਗੇ ਤਾਂ ਉਨ੍ਹਾਂ ਲਈ ਹਰ ਪ੍ਰਕਾਰ ਦੇ ਸੁਖ ਦੇ ਸਾਧਨ ਦਿਤੇ ਜਾਣਗੇ, ਰੈਹਨ ਲਈ ਵਡੇ ਮਕਾਨ, ਸੇਵਾ ਲਈ ਨੌਕਰ ਚਾਕਰ, ਲੋੜ ਲਈ ਜਾਗੀਰਾਂ ਦਿਤੀਆਂ ਜਾਣਗੀਆਂ, ਨਵਾਬਾਂ ਦੀਆਂ ਲੜਕੀਆਂ ਨਾਲ ਓਨਾਂ ਦੀਆਂ ਸ਼ਾਦੀਆਂ ਕਰ ਦਿਤੀਆਂ ਜਾਣਗੀਆਂ, ਅਰ ਨੌਕਰਾਨੀਆਂ ਤੇ ਬਾਂਦੀਆਂ ਆਦਿ ਤੋਂ ਕਿਸੇ ਤਰਾਂ ਦੀ ਕਮੀ ਨਹੀਂ ਰਹੇਗੀ।

ਨਵਾਬ ਦੇ ਏਹ ਲਫਜ਼ ਸੁਣ ਕੇ ਦਰਬਾਰ ਵਾਲਿਆਂ ਦੀਆਂ, ਅੱਖਾਂ ਓਹਨਾ ਛੋਟੇ ੨ ਮਾਹਸੂਮ ਸਾਹਿਬ ਜ਼ਾਦਿਆਂ ਵਨੇ ਝੁਕੀਆਂ ਅਰ ਓਨਾਂ ਦੇ ਕੰਨ ਓਨਾਂ ਦੇ ਮੂੰਹ ਤੋਂ ਨਿਕਲਨ ਵਾਲੀ ਆਵਾਜ਼ ਦੇ ਵਲ ਲਗ ਗਏ।

ਬਾਬਾ ਫਤਹ ਸਿੰਘ ਨੇ ਬਾਬਾ ਜ਼ੋਰਾਵਰ ਸਿੰਘ ਦੇ ਵਲ ਦੇਖਿਆ, ਅਰ ਬਾਬਾ ਜ਼ੋਰਾਵਰ ਸਿੰਘ ਨੇ ਬਾਬਾ ਫਤਹ ਸਿੰਘ ਜੀ ਵੱਲ ਤਕਿਆ, ਫੇਰ ਬਾਬਾ ਜ਼ੋਰਾਵਰ ਸਿੰਘ ਨੇ ਨਵਾਬ ਵਨੇ ਮੂੰਹ ਕਰਕੇ ਕਿਹਾ:—

"ਮਜ਼ਹਬ ਦਿਲ ਦਾ ਸੌਦਾ ਹੈ, ਜੇਕਰ ਆਪ ਇਸਲਾਮ ਨੂੰ ਠੀਕ ਸਮਝਦੇ ਹੋ ਤਾਂ ਏਹ ਮਜ਼ਹਬ ਆਪ ਨੂੰ ਮੁਬਾਰਕ ਹੋਵੇ ਪਰ ਸਾਡਾ ਦਿੱਲ ਸਿਖ ਧਰਮ ਤੇ ਪਰਪਕ ਹੈ, ਅਰ ਅਸੀਂ

ਉਹ ਨੂੰ ਅਪਨੀ ਮੁਕਤੀ ਦਾ ਸਾਧਨ ਜਾਣਦੇ ਹਾਂ, ਅਰ ਮੰਨਦੇ ਹਾਂ, ਬੇਸ਼ਕ ਸਾਡੇ ਜਿਸਮ ਆਪ ਦੇ ਕਾਬੂ ਵਿਚ ਹਨ, ਪਰ ਸਾਡੀਆਂ ਆਤਮਾਂ ਆਜ਼ਾਦ ਹਨ, ਆਪ ਉਹਨਾਂ ਨੂੰ ਕੈਦ ਨਹੀਂ ਕਰ ਸਕਦੇ, ਆਪ ਨੂੰ ਭਰੋਸਾ ਰਖਣਾ ਚਾਹੀਦਾ ਹੈ ਕਿ ਭਾਵੇਂ ਅਸੀਂ ਉਮਰ ਵਿਚ ਛੋਟੇ ਹਾਂ, ਪਰ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਆਤਮਜ ਹਾਂ। ਸਾਡੀਆਂ ਰਗਾਂ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਖ਼ੂਨ ਫਿਰ ਰਿਹਾ ਹੈ। ਅਸੀਂ ਸ਼ਹੀਦਾ ਦੇ ਸਰਮੌਰ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੇ ਨਾਮ ਲੈਣ ਵਾਲੇ ਹਾਂ। ਸਾਥੋ ਆਪ ਨੂੰ ਇਹ ਆਸ ਨਹੀਂ ਰਖਣੀ ਚਾਹੀ ਦੀ ਕਿ ਕਿਸੇ ਤਰਾਂ ਦੇ ਲਾਲਚ ਪਿਛੇ ਆਪਣੇ ਖਾਲਸਾ ਧਰਮ ਨੂੰ ਛੱਡ ਦੇਵਾਂਗੇ।

ਇਨਾਂ ਛੋਟੇ ਬਚਿਆਂ ਦੇ ਮੂੰਹ ਤੋਂ ਏਹ ਉਤਰ ਸੁਣ ਕੇ ਦਰਬਾਰੀ ਹੱਕੇ ਬੱਕੇ ਰੈਹ ਗਏ, ਏਹ ਉਮਰ ਤੇ ਏਹ ਖਿਆਲ, ਨਵਾਬ ਤੋਂ ਲੈਕੇ ਕਾਜ਼ੀ ਮੁਫਤੀ, ਵਜ਼ੀਰ, ਅਮੀਰ, ਜਿਨੇ ਵੀ ਲੋਕ ਓਥੇ ਬੈਠੇ ਸੀ ਸਾਰੇ ਦੰਦਾਂ ਵਿਚ ਉਂਗਲੀਆਂ ਟੁਕਣ ਲਗੇ।

ਬਾਬਾ ਜ਼ੋਰਾਵਰ ਸਿੰਘ–ਜੀ ਦੇ ਇਸ ਆਜ਼ਾਦਨਾ, ਬੇਬਾਕਾਨਾ, ਅਤੇ ਆਸ ਤੇ ਉਮੈਦੇ ਦੇ ਵਿਰੁਧ ਉਤਰ ਨੂੰ ਸੁਣ ਕੇ ਨਵਾਬ ਗੁਸੇ ਨਾਲ ਥਰ ਥਰ ਕੰਬਣ ਲਗਾ, ਉਸ ਦੀਆਂ ਅੱਖਾਂ ਵਿਚੋਂ ਅੱਗ ਦੇ ਅੰਗਾਰੇ ਵਸਨ ਲਗੇ, ਅਰ ਗੁਸੇ ਨਾਲ ਝੁੰਜਲਾ ਕੇ ਬੋਲਿਆਂ:–

"ਆਪ ਦੇ ਪਿਤਾ ਤੋਂ ਕਿਲਾ ਅਨੰਦ ਪੁਰ ਲੈ ਲੀਤਾ ਗਿਆ ਹੈ, ਸਿਖ ਓਨ੍ਹਾਂ ਦਾ ਸਾਂਥ ਛਡ ਗਏ ਹਨ, ਓਹ

ਅਪਨੀ ਫੌਜ ਤੋਂ ਅੱਡ ਹੋ ਗਏ ਹਨ, ਆਪ ਇਕਲੇ ਰੈਹ ਗਏ ਹਨ, ਫੌਜਾਂ ਓਨਾਂ ਦੀ ਗਰਿਫਤਾਰੀ ਲਈ ਫਿਰ ਰਹੀਆਂ ਹਨ ਤੇ ਅੱਜ ਕੱਲ ਵਿਚ ਹੀ ਉਹ ਗਰਿਫਤਾਰ ਕਰ ਲਏ ਜਾਣਗੇ ।

ਬਾਬਾ ਜ਼ੋਰਾਵਰ ਸਿੰਘ-ਨਵਾਬ ਸਾਹਿਬ! ਜ਼ਬਾਨ ਨੂੰ ਸੰਭਾਲੋ ਅਰ ਸੋਚਕੇ ਮੂਹੋਂ ਗੱਲ ਕਢੋ, ਸਾਡੇ ਪਿਤਾ ਜੀ ਇਸ ਵੇਲੇ ਇਥੇ ਨਹੀਂ, ਓਨ੍ਹਾਂ ਦੀ ਸ਼ਾਨ ਵਿੱਚ ਅਯੋਗ ਲਫਜ਼ਾਂ ਦਾ ਵਰਤਨਾ ਸਭਯਤਾ ਦੇ ਉਲਟ ਹੈ। ਆਪ ਨਹੀਂ ਜਾਣਦੇ ਕਿ ਆਪ ਦੀਆਂ ਫੌਜਾਂ ਉਨ੍ਹਾਂ ਨੂੰ ਗਰਿਫਤਾਰ ਕਰਕੇ ਲਿਆਓਨਗੀਆਂ ਯਾ ਓਨਾਂ ਦੇ ਸਿਖ ਆਪ ਨੂੰ ਏਸ ਜਬਰ ਤੇ ਜ਼ੁਲਮ ਦਾ ਮਜ਼ਾ ਛਖਾਣ ਲਈ ਗਰਿਫਤਾਰ ਕਰਨਗੇ ।

ਨਵਾਬ—ਤੁਸੀਂ ਅੱਜੇ ਬਚੇ ਹੋ ਅਰ ਜਮਾਨੇ ਦੀ ਗਰਮੀ ਸਰਦੀ ਤੋਂ ਅਨਜਾਣ,ਇਸ ਲਈ ਇੰਨਾਂ ਕਚੇ ਖ਼ਿਆਲਾਂ ਨੂੰ ਦਿਲੋ ਕਢ ਦੇਓ ਅਰ ਇਸਲਾਮ ਦੇ ਧਨ ਨਾਲ ਅਪਨੇ ਆਪ ਨੂੰ ਸੁਭਾਗ ਬਨਾਓ, ਨਹੀਂ ਤਾਂ ਜੀਓਂਦੇ ਜ਼ਮੀਨ ਵਿਚ ਗਡਵਾਇਆ ਜਾਂ ਕੰਧ ਵਿਚ ਚਿਣਵਾਇਆ ਜਾਏਗਾ, ਫਿਰ ਆਪ ਨੂੰ ਖਾਲਸਾ ਧਰਮ ਦੀ ਅਸਲੀਅਤ ਮਲੂਮ ਹੋਵੇਗੀ।

ਬਾਬਾ ਜ਼ੋਰਾਵਰ ਸਿੰਘ—ਆਪ ਦਾ ਸਾਨੂੰ ਡਰਾਉਣਾ, ਧਮਕਾਉਣਾ ਅਤੇ ਗੱਲਾਂ ਦੇ ਜਾਲ ਵਿੱਚ ਫਸਾਉਣਾ ਬਿਅਰਥ ਹੈ, ਅਸੀਂ ਕਿਸੇ ਕੀਮਤ ਤੇ ਵੀ ਅਪਨੇ ਖਾਲਸਾ ਧਰਮ ਨੂੰ ਨਹੀਂ ਛੱਡ ਸਕਦੇ । ਇਹ ਸਰੀਰ ਜਾਂਦਾ ਹੈ ਤਾਂ ਜਾਵੇ, ਪਰਵਾਹ ਨਹੀਂ, ਏਹ ਕੀ ਅਜਹੇ ਕਰੋੜਾਂ

ਸਰੀਰ ਖਾਲਸਾ ਧਰਮ ਤੋਂ ਵਾਰੇ ਜਾ ਸਕਦੇ ਹਨ ਪਰ ਖਾਲਸਾ ਧਰਮ ਨੂੰ ਨਹੀਂ ਛਡਿਆ ਜਾ ਸਕਦਾ, ਅਸੀਂ ਹਰ ਪ੍ਰਕਾਰ ਦੀਆਂ ਤਕਲੀਫਾਂ ਸਹਨ ਨੂੰ ਤਿਆਰ ਹਾਂ, ਜੇਕਰ ਦੁੱਖਾਂ ਦੇ ਪਹਾੜ ਸਾਡੇ ਤੇ ਡਿਗਦੇ ਹਨ ਤਾਂ ਡਿਗਣ, ਅਸੀਂ ਹਸਦੇ ਖੇਡਦੇ ਸਹਾਰ ਲਵਾਂਗੇ, ਜੇ ਮੌਤ ਆਉਂਦੀ ਹੈ ਤਾਂ ਆਵੇ, ਅਸੀਂ ਖੁਸ਼ੀ ੨ ਓਹਨੂੰ ਜੀ ਆਇਆਂ ਆਖਾਂਗੇ, ਪਰ ਅਸੀਂ ਅਪਣੇ ਧਰਮ ਤੋਂ ਨਹੀਂ ਫਿਰਾਂਗੇ।

ਨਵਾਬ—ਫਜ਼ੂਲ ਗੱਲਾਂ ਕਰਨ ਅਤੇ ਬਿਅਰਥ ਲਫਜ਼ ਜਬਾਨ ਤੇ ਲਿਆਉਣ ਦਾ ਕੁਝ ਲਾਭ ਨਹੀਂ, ਯਕੀਨ ਜਾਣੋ ਕਿ ਆਪ ਦੀ ਇਸ ਜ਼ਿੰਦਗੀ ਦਾ ਦਾਰੋ ਮਦਾਰ ਇਸਲਾਮ ਕਬੂਲ ਕਰਨ ਤੇ ਨਿਰਭਰ ਰਖਦਾ ਹੈ।

ਬਾਬਾ ਜੋਰਾਵਰ ਸਿੰਘ—ਜਿਸ ਇਸਲਾਮ ਦੀ ਆਪ ਦਾਵਤ ਦੇ ਰਹੇ ਹੋ ਆਪ ਨੂੰ ਓਹਦਾ ਅਮਲੀ ਨਮੂਨਾ ਸਮਝਿਆ ਜਾ ਸਕਦਾ ਹੈ, ਅਰ ਇਹ ਯਕੀਨ ਕਰਨ ਵਿੱਚ ਅਸੀਂ ਸਚਾਈ ਤੇ ਹੋਵਾਂਗੇ ਕਿ ਇਸਲਾਮ ਅਪਣੀ ਤਾਲੀਮ ਤੋਂ ਤੁਹਾਡੇ ਜਹੇ ਕੰਮ ਕਰਣ ਵਾਲੇ ਆਦਮੀ ਬਣਾ ਸਕਦਾ ਹੈ।

ਧਿਆਨ ਕਰੋ ਕਿ ਅਸਾਂ ਤੁਹਾਡਾ ਕੀ ਵਿਗਾੜਿਆ ਹੈ? ਏਸਤੇ ਵੀ ਸਾਡੀ ਜਾਨ ਲੈਣ ਵਾਲੇ ਬਣ ਗਏ ਹੋ, ਮਜ਼ਹਬੀ ਫ਼ਰਕ ਦੇ ਕਾਰਨ ਇੰਨਾਂ ਜ਼ੁਲਮ? ਮਜ਼ਹਬ ਦੇ ਨਾਮ ਤੇ ਅਮਿੱਟ ਧੱਬਾ ਹੈ।

ਉਹ ਪਵਿਤ੍ਰ ਆਤਮਾਂ ਜੋ ਇਸ ਸੰਸਾਰ ਤੇ ਪਰੇਮ, ਰੱਬ

ਤਰਸੀ, ਨੇਕੀ, ਸੱਮਤਾ ਤੇ ਏਕਤਾ ਦਾ ਸੁਨੇਹਾ ਲੈਕੇ ਆਈ ਹੈ, ਉਸਦੇ ਸ਼ਤਰੂ ਬਣ ਰਹੇ ਹੋ?

ਜੇਕਰ ਇਸਲਾਮ ਏਹੋ ਕੁਝ ਹੈ ਜੋ ਆਪ ਅਪਣੇ ਕੰਮ ਤੋਂ ਸਾਨੂੰ ਦਸ ਰਹੇ ਹੋ, ਤਾਂ ਅਸੀਂ ਸਾਫ ਕੈਹ ਦੇਂਦੇ ਹਾਂ ਕਿ:-

ਇਸ ਇਸਲਾਮ ਦੀ ਸਾਨੂੰ ਲੋੜ ਨਹੀਂ,
ਜੋ ਜੀ ਵਿੱਚ ਆਵੇ ਕਰੋ ॥

ਨਵਾਬ—ਏਹ ਗਲਾਂ ਬਨਾਣੀਆਂ ਤੇ ਸੁਨਾਣੀਆਂ ਉਦੋਂ ਤੀਕਰ ਹੀ ਹਨ ਜਦ ਤਕ ਮੈਂ ਤੁਹਾਡੀ ਸੁੰਦ੍ਰਤਾ, ਜਵਾਨੀ, ਛੋਟੀ ਉਮਰ ਤੇ ਕੋਮਲਤਾ ਨੂੰ ਮੁਖ ਰਖਕੇ ਮੇਹਰਬਾਨੀ ਨਾਲ ਪੇਸ਼ ਆ ਰਿਹਾ ਹਾਂ, ਨਹੀਂ ਤਾਂ ਤੁਸੀਂ ਨਹੀਂ ਜਾਣਦੇ ਕਿ ਮੈਂ ਕੌਣ ਹਾਂ? ਮੈਂ ਓਹ ਵਜ਼ੀਰ ਖਾਂ ਹਾਂ, ਜਿਸਦਾ ਨਾਮ ਸੁਣਕੇ ਰੁਸਤਮ ਜਹੇ ਪਹਿਲਵਾਨ ਕੰਬਦੇ ਤੇ ਅਫਸੰਦ ਯਾਰ ਜਹੇ ਬਹਾਦਰ ਸਾਹਮਣੇ ਆਉਂਦੇ ਥਰਥਰਾਂਦੇ ਹਨ, (ਤਲਵਾਰ ਮਿਆਨੋਂ ਕਢਕੇ ਤੇ ਵਿਖਾਕੇ) ਮੇਰੀ ਤਲਵਾਰ ਦੇ ਜੌਹਰ ਹੁਣ ਤੀਕ ਤੁਸਾਂ ਨਹੀਂ ਵੇਖੇ, ਨਹੀਂ ਤਾਂ ਇਸਤਰਾਂ ਦੀ ਗੁਸਤਾਖ਼ੀ ਵਾਲੀਆਂ ਗਲਾਂ ਕਰਨ ਦੀ ਜੁਰਤ ਨਾ ਕਰਦੇ।

ਬਾਬਾ ਜ਼ੋਰਾਵਰ ਸਿੰਘ—ਬੇ ਅਦਬੀ ਮੁਆਫ, ਅਸਾਂ ਆਪਦੀ ਬਹਾਦਰੀ ਦੇ ਕਾਰਨਾਮੇ ਤੇ ਜਵਾਂ ਮਰਦੀ ਦੇ ਕਿੱਸੇ ਨਾ ਕੇਵਲ ਸੁਣੇ ਸਗੋਂ ਆਪਣੀਆਂ ਅੱਖੀਆਂ ਨਾਲ ਦੇਖੇ ਹਨ। ਅਜੇ ਕੱਲ ਦੀ ਗਲ ਹੈ ਕਿ ਜਦ ਆਪ ਨੇ ਅਪਣੀ ਇਸੇ ਤੇਜ਼ ਧਾਰ ਦੀ ਤਲਵਾਰ ਨੂੰ ਵਿਖਾਂਦੇ ਹੋਏ ੨੨ ਹਜਾਰ ਸਿਪਾਹ ਲਈ ਕਿਲਾ ਅਨੰਦ ਪੁਰ ਤੇ ਹੱਲਾ ਕੀਤਾ ਸੀ, ਅਰ

ਦਿੱਲੀ ਤੋਂ ਸ਼ਹਿਨਸ਼ਾਹ ਔਰੰਗਜ਼ੇਬ ਦੇ ਮਸ਼ਹੂਰ ਸਿਪਾਹ ਸਾਲਾਰ ਅਮੀਰ ਖਾਂ, ਨਜਾਬਤ ਖਾਂ, ਅਰ ਵਹੀਦ ਖਾਂ ਟਿਡੀ-ਦੱਲ ਫੌਜ ਲੈਕੇ ਆਪ ਦੇ ਨਾਲ ਹੋਏ, ਅਰ ਹਿੰਦੂ ਪਹਾੜੀ ਰਾਜੇ ਬਹੁਤ ਸਾਰੀ ਗਿਣਤੀ ਵਿਚ ਲਾਓ ਲਸ਼ਕਰ ਲਈ ਤੁਹਾਡਾ ਸਾਥ ਦੇਨ ਲਗੇ, ਪੰਜ ਦਿਨ ਦੀ ਜਾਨਹੂਲਵੀ ਲੜਾਈ ਵਿਚ ਆਪਦੇ ਹਜ਼ਾਰਾਂ ਸਾਥੀ ਤਲਵਾਰ ਦੀ ਭੇਟ ਹੋਏ, ਆਪ ਨੇ ਮੈਦਾਨ ਵਿਚ ਆਕੇ ਲੜਾਈ ਦੀ ਚਾਹ ਪ੍ਰਗਟ ਕੀਤੀ, ਜਿਸ ਨੂੰ ਮੰਨ ਕੇ ਉਂਗਲੀਆਂ ਤੇ ਗਿਣੇ ਜਾਣ ਵਾਲੇ ਸਿਖ ਤੁਹਾਡੇ ਕੀੜੀ ਦਲ ਲਸ਼ਕਰ ਦੇ ਸਾਹਮਣੇ ਆਏ ਤੇ ਕਿਆਮਤ ਦਾ ਨਕਸ਼ਾ ਬੰਨ ਵਿਖਾਯਾ, ਰਾਜਾ ਅਜਮੇਰ ਚੰਦ ਫਟੜ ਹੋਇਆ, ਰਾਜਾ ਹਰੀ ਚੰਦ ਮਾਰਿਆ ਗਿਆ ਅਜੀਮ ਖਾਂ ਸਰਦਾਰ ਤੇ ਪੈਂਦੇ ਖਾਂ ਸਿਪਾਹ-ਸਾਲਾਰ ਨੂੰ ਲਹੂ ਵਿਚ ਡਿਗਾ ਵੇਖ ਤੁਹਾਡੀ ਫੌਜ ਨਸ ਗਈ, ਤੁਸੀ ਨੱਸਣ ਵਿਚ ਅਪਣੀ ਫੌਜ ਨਾਲੋਂ ਵੀ ਅਗੇ ਵਧਗਏ, ਰੋਪੜ ਤੀਕ ਖਾਲਸਾ ਨੇ ਤੁਹਾਡਾ ਪਿਛਾ ਕੀਤਾ।

ਹਾਂ, ਉਹ ਸਮਾਂ ਆਪ ਲਈ ਅਪਨੀ ਤਾਕਤ ਅਤੇ ਦਲੇਰੀ ਦਖਾਉਨ ਤੇ ਰੁਸਤਮ ਤੇ ਅਸਫੰਦ ਯਾਰ ਦੇ ਕੰਮ ਨੂੰ ਜੀਉਂਦੇ ਜਾਗਦੇ ਦੱਸਨ ਦਾ ਸੀ, ਪਰ ਉਸ ਸਮੇਂ ਤੁਹਾਡੇ ਕੋਲੋਂ ਨੱਸਣ ਤੋਂ ਛੁਟ ਹੋਰ ਕੁਛ ਨਾ ਹੋ ਸਕਿਆ, ਏਹ ਚਮਕਦੀ ਤਲਵਾਰ ਜੋ ਅੱਜ ਅਸਾਂ ਮਸੂਮ ਬਾਲਾਂ ਨੂੰ ਵਿਖਾ ਰਹੇ ਹੋ, ਉਸ ਵੇਲੇ ਕਿਥੇ ਗਈ ਸੀ?

ਨੰਵਾਬ—(ਸਾਹਿਬਜ਼ਾਦਿਆਂ ਦੇ ਇਸ ਕਥਨ ਤੋਂ ਚਿੜ ਕੇ) ਮੈਂ ਤੁਹਾਡੀ ਛੋਟੀ ਆਯੂ, ਸੋਹਲ ਅੰਗ ਅਤੇ ਬਾਲ

ਪਨ ਦੇ ਕਾਰਨ ਨਰਮ ਵਰਤਾਵਾ ਕੀਤਾ, ਪਰ ਤੁਸੀ ਉਸ ਤੋਂ ਲਾਭ ਉਠਾਨ ਦੀ ਥਾਂ ਮੈਂਨੂੰ ਤਾੜਨਾ ਅਰੰਭ ਕਰ ਦਿਤਾ ਹੈ, ਇਸ ਲਈ ਤੁਹਾਨੂੰ ਅਜਹੀ ਸਿਖਜਾ ਯੋਗ ਡੰਡ ਦਿੱਤਾ ਜਾਵੇਗਾ ਕਿ ਦੁਨੀਆਂ ਯਾਦ ਰਖੇਗੀ ਕਿ ਵਜ਼ੀਰ ਖਾਂ ਦਾ ਹੁਕਮ ਨਾ ਮਨਣ ਵਾਲੇ ਕਿਸ ਹਾਲ ਨੂੰ ਪਹੁੰਚਦੇ ਹਨ ।

ਏਹ ਕੈਹਕੇ ਵਜ਼ੀਰ ਖਾਂ ਨੇ ਜੱਲਾਦਾਂ ਨੂੰ ਹੁਕਮ ਦਿੱਤਾ ਕਿ ਏਹਨਾਂ ਸਾਹਿਬਜ਼ਾਦਿਆਂ ਨੂੰ ਕੰਧ ਵਿਚ ਚਿਨਵਾ ਦਿੱਤਾ ਜਾਵੇ ।

ਨਵਾਬ ਦੇ ਮੂੰਹੋਂ ਹੁਕਮ ਨਿਕਲਨ ਦੀ ਦੇਰ ਸੀ ਕਿ ਇੱਟਾਂ ਤੇ ਚੂਨਾ ਆ ਗਿਆ, ਗੁਰੂ ਗੋਬਿੰਦ ਸਿੰਘ ਸਾਹਿਬ ਜੀਦੇ ਨੌਨਿਹਾਲਾਂ ਨੂੰ ਖੜਾ ਕਰਕੇ ਕੰਧ ਦੀ ਚਿਣਵਾਈ ਆਰੰਭ ਹੋਈ, ਜਦ ਕੰਧ ਲੱਕ ਤੱਕ ਪੁੱਜ ਗਈ ਤਾਂ ਫੇਰ ਨਵਾਬ ਨੇ ਆਖਿਆ,

ਮੈਨੂੰ ਤੁਹਾਡੀਸ਼ਕਲ ਤੇ ਅਕਲ ਵੇਖਕੇ ਤਰਸ ਆਉਂਦਾ ਹੈ, ਅਜੇ ਵੇਲਾ ਜੇ ਮੇਰਾ ਕਹਿਆ ਮਨ ਲੌ ਤੇ ਇਸਲਾਮ ਕਬੂਲ ਕਰ ਲੌ, ਤੁਹਾਡੀ ਜਾਨ ਬਖਸ਼ੀ ਜਾਵੇਗੀ ।

ਇੱਟਾਂ ਦੇ ਦਬਾ ਨਾਲ ਸਾਹਿਬਜ਼ਾਦਿਆਂ ਦਾ ਦਮ ਘੁਟੀਂਦਾ ਹੈ, ਛਾਤੀ ਤੋਂ ਹੇਠਲਾ ਹਿੱਸਾ ਹਿਲਣੋਂ ਜੁਲਣੋਂ ਰੈਂਹਦਾ ਜਾਂਦਾ ਹੈ, ਮੌਤ ਸਾਮ੍ਹਣੇ ਬਾਹਾਂ ਪਸਾਰੀ ਜੱਫੀ ਪਾਣ ਲਈ ਖੜੀ ਦਿੱਸ ਰਹੀ ਹੈ।

ਪਾਠਕ ਜੀ! ਤੁਸੀ ਜਾਣਦੇ ਹੋ ਕਿ ਅਜਹੇ ਸਮੇਂ ਸਾਹਿਬ ਜ਼ਾਦਿਆਂ ਨੇ ਏਹ ਜਾਨ ਬਖਸ਼ੀ ਦਾ ਸੁਣੇਹਾ ਕਿਸ ਤਰਾਂ ਸੁਣਿਆ, ਅਤੇ ੯ ਤੇ ੭ ਸਾਲ ਦੇ ਨੌਨਿਹਾਲਾਂ ਨੇ ਨਵਾਬ ਨੂੰ ਕੀਹ ਉਤਰ ਦਿੱਤਾ? ਹਾਂ, ਏਹਨਾਂ ਸਾਹਿਬਜ਼ਾਦਿਆਂ ਨੇ ਓਹ

ਉਤਰ ਦਿੱਤਾ ਜੋ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਸ਼ਾਨ ਦੇ ਯੋਗ ਸੀ ਤੇ ਖਾਲਸਾ ਜੀ ਲਈ ਫਖਰ ਦਾ ਕਾਰਨ ਸੀ ਤੇ ਜਿਸ ਦੀ ਆਸ ਐਨੀ ਛੋਟੀ ਆਯੂ ਦੇ ਬਚਿਆਂ ਤੋਂ ਕਿਸੇ ਤਰਾਂ ਭੀ ਨਹੀਂ ਹੋ ਸਕਦੀ। ਉਹਨਾ ਨੇ ਆਖਿਆਃ– ਮਰਨਾ ਸੱਚ ਹੈਃ–

"ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੇ ਕਾਲ"

ਅਸੀ ਖੁਸ਼ ਹਾਂ ਕਿ ਅਸੀ ਜ਼ਾਲਮ ਬਣ ਕੇ ਨਹੀਂ, ਮਜ਼ਲੂਮ ਹੋਕੇ, ਗੁਨਾਹਗਾਰ ਨਹੀਂ ਸਗੋਂ ਪਵਿਤਰ ਰੈਹਕੇ ਤੇ ਝੂਠ ਲਈ ਨਹੀਂ, ਸਗੋਂ ਸਚਾਈ ਪਿਛੇ ਕੁਰਬਾਨ ਹੋ ਜਾਨਾਂ ਦੇ ਰਹੇ ਹਾਂ, ਅਸੀਂ ਪ੍ਰਸੰਨ ਹਾਂ ਕਿ ਸਾਡੇ ਸ੍ਰੀਰ ਆਪਨੇ ਪਿਤਾ ਦੇ ਉੱਦੇਸ਼ ਲਈ ਭੇਟ ਹੋ ਰਹੇ ਹਨ, ਅਸੀਂ ਗਮ ਗੁਸੇ ਨਾਲ ਨਹੀਂ ਸਗੋਂ ਖੁਸ਼ੀ ਖੁਸ਼ੀ ਮੌਤ ਨਾਲ ਗਲ ਵਿਕੜੀ ਪਾਉਣੀ ਚਾਹੁੰਦੇ ਹਾਂ, ਕਿਉਂਕਿ ਧਰਮ ਦੀ ਖ਼ਾਤਰ ਆਈ ਮੌਤ, ਮੌਤ ਨਹੀਂ ਸਗੋਂ ਜੀਵਨ ਹੈ ਤੇ ਜੀਵਣ ਵੀ ਸਦੀਵ ਦਾ ਹੈ।

ਨਵਾਬ ਦੀ ਸੈਨਤ ਨਾਲ ਰਾਜਾਂ ਨੇ ਛੇਤੀ ੨ ਰੱਦੇ ਲਾਉਨੇ ਸ਼ੁਰੂ ਕੀਤੇ, ਦੇਖਦਿਆਂ ਕੰਧ ਗਰਦਨਾਂ ਤੱਕ ਪੁਜ ਗਈ।

ਮਜ਼ਹਬ ਦੇ ਨਾਮ ਤੇ ਧਰਮ ਦੀ ਹਤਯਾ ਧਰਮ ਦੇ ਨਾਮ ਤੇ ਅਧਰਮ, ਇਨਸਾਫ ਦੇ ਨਾਮ ਤੇ ਜ਼ੁਲਮ ਅਤੇ ਰਬ ਦੇ ਨਾਮ ਤੇ ਸ਼ੈਤਾਨ੍ ਦੇ ਹੋਸ਼ ਭੁਲਾ ਦੇਣ ਵਾਲੇ ਕੰਮ ਵਜ਼ੀਰ ਖਾਂ ਨਵੇਂ ਸੂਰਜ ਸਰਹੰਦੀਆਂ ਦੇ ਸਾਹਮਨੇ ਕਰਦਾ ਹੈ, ਪਰ ਇਸ ਡੂਢ ਲੱਖ ਦੀ ਵਸੋਂ ਵਿਚੋਂ ਕਿਸੇ ਦਾ ਮੂੰਹ ਸਚਾਈ ਲਈ ਨਹੀਂ

ਖੁਲਦਾ, ਰਬ ਨੂੰ ਮਿਲਾਣ ਦੇ ਦਾਵੇਦਾਰ ਅਤੇ ਆਪਣੇ ਆਪ ਨੂੰ ਇਨਸਾਫ ਦੇ ਹਾਮੀ ਦੱਸਣ ਵਾਲੇ ਪੀਰ ਅਤੇ ਕਾਜ਼ੀ ਪਾਸ ਖੜੇ ਦੇਖ ਰਹੇ ਹਨ, ਪਰ ਕਿਸੇ ਦੇ ਮੂੰਹੋ ਇਸ ਅੱਤ ਜ਼ੁਲਮ ਦੇ ਵਿਰੁਧ ਆਵਾਜ਼ ਨਾ ਨਿਕਲੀ।

ਔਹ ਦੇਖੋ! ਕੰਧ ਗਰਦਨਾ ਤੋਂ ਭੀ ਉਚੀ ਨਿਕਲਣ ਲਗੀ, ਪਰ ਸਾਹਿਬਜ਼ਾਦਿਆਂ ਦੇ ਚੇਹਰੇ ਤੇ ਡਰ, ਤੇ ਭੈ ਦਾ ਨਾਂ ਤੱਕ ਨਹੀਂ, ਨਿਰਾਸਤਾ ਤੇ ਨਾ ਉਮੈਦੀ ਦੀ ਝਲਕ ਨਹੀਂ, ਅੱਖਾਂ ਵਿਚ ਅਥਰੂ ਨਹੀਂ, ਬੁਲਾਂ ਤੇ ਕਾਂਬਾ ਨਹੀਂ, ਬਾਹਵਾਂ ਵਿਚ ਖੱਲੀਆਂ ਨਹੀਂ, ਚੇਹਰੇ ਦਾ ਰੰਗ ਨਹੀਂ ਉਡਆ, ਮਥੇ ਤੇ ਤਰੇਲੀ ਨਹੀਂ ਆਈ, ਤੇਉੜੀ ਨਹੀਂ ਪਈ, ਦ੍ਰਿੜ੍ਹਤਾ ਹਥੋਂ ਨਹੀਂ ਗਵਾਈ। ਹੌਸਲਾ ਪਕਾ ਹੈ, ਹਿਮਤ ਜਿਊਂ ਦੀ ਤਿਉਂ ਹੈ, ਚਿੱਤ ਸ਼ਾਂਤ ਹੈ, ਚੇਹਰਿਆਂ ਤੇ ਇਕ ਖਾਸ ਕਿਸਮ ਦਾ ਨੂਰ ਚਮਕ ਰਹਿਆ ਹੈ, ਅੱਖੀਆਂ ਵਿਚੋਂ ਪ੍ਰੇਮ ਵਸ ਰਹਿਆ ਹੈ, ਪਲੋ ਪਲੀ ਵਿਚ ਕੰਧ ਸਿਰ ਤੋਂ ਉਚੀ ਚਲੀ ਗਈ ਤੇ ਉਹ ਸਾਹਿਬਜ਼ਾਦੇ ਉਸ ਪਵਿਤਰ ਸੁਨੇਹੇ ਉਤੇ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੁਨੀਆਂ ਦੇ ਮਨੁਖਾਂ ਲਈ ਲਿਆਏ ਸਨ ਅਪਨੇ ਲਹੂ ਨਾਲ ਸਹੀ ਪਾਕੇ ਖਾਲਸਾ ਜੀ ਨੂੰ ਜਿਊਂਦਾ ਕਰ ਗਏ।



ਸਰਹੰਦ ਦਾ ਸਾਕਾ

ਦੇਰ ਹੈ ਹਨੇਰ ਨਹੀਂ

ਹੋ ਣਾ ਹੈ ਉਸ ਆਕੀ ਪਾਪੀ ਅਤੇ ਜ਼ੁਲਮ ਕਰਣ ਵਾਲੇ ਸ਼ੈਹਰ ਤੇ, ਜਿਸਨੇ ਬਾਣੀ ਨੂੰ ਨਹੀਂ ਸੁਣਿਆ ਤੇ ਉਸ ਤੋਂ ਸਿਖਜਾ ਨਹੀਂ ਲੀਤੀ, ਰੱਬ ਤੇ ਭਰੋਸਾ ਨਹੀਂ ਰਖਿਆ ਤੇ ਓਹ ਆਪਣੇ ਵਾਹਿਗੁਰੂ ਦੇ ਨੇੜੇ ਨਹੀਂ ਆਇਆ, ਉਸ ਦੇ ਵਿਚਕਾਰ ਉਸਦੇ ਸਰਦਾਰ ਗਜਣ ਵਾਲੇ ਬਬਰ ਹਨ, ਇਥੋਂ ਦੇ ਕਾਜ਼ੀ ਬਘਿਆੜ ਹਨ ਜੋ ਤ੍ਰਕਾਲਾਂ ਨੂੰ ਨਿਕਲਦੇ ਤੇ ਹਡੀਆਂ ਖਾਣ ਦਾ ਕੰਮ ਸਵੇਰ ਤਕ ਨਹੀਂ ਛਡਦੇ, ਇਸ ਦੇ ਨਬੀ ਦਗਾਬਾਜ਼ ਤੇ ਸ਼ੇਖੀਖੋਰੇ ਹਨ, ਇਸ ਦੇ ਧਾਰਮਕ ਆਗੂਆਂ ਨੇ ਪਵਿਤ੍ਰ ਨੂੰ ਅਪਵਿਤ੍ਰ ਕਰ ਦਿਤਾ, ਓਹਨਾਂ ਨੇ ਸ਼ਰਾ ਤੋਂ ਇਨ-ਕਾਰ ਕੀਤਾ। ਰਬ ਜੋ ਸਚਾ ਹੈ ਇਸ ਦੇ ਵਿਚਕਾਰ ਹੈ, ਓਹ ਕੁਛ ਬੇਇਨਸਾਫੀ ਨਹੀਂ ਕਰੇਗਾ, ਓਹ ਹਰ ਦਿਨ ਚੜੇ ਅਦਾਲਤ ਤੇ ਚਾਨਣਾ ਪਾਉਂਦਾ ਹੈ, ਉਸ ਵਿਚ ਕਸਰ ਨਹੀਂ, ਪਰ ਬੇਇਨਸਾਫ ਆਦਮੀ ਸ਼ਰਮ ਨੂੰ ਨਹੀਂ ਜਾਣਦਾ। ਮੈਂ ਕੋਮਾਂ ਨੂੰ ਪਾੜ ਸੁਟਿਆ, ਓਹਨਾ ਦੇ ਬੁਰਜ ਨਾਸ ਕੀਤੇ, ਮੈਂ ਓਹਨਾਂ ਦੀਆਂ ਗਲੀਆਂ ਨੂੰ ਵੈਰਾਨ ਕੀਤਾ ਕਿ ਓਹਨਾ ਵਿਚ ਕੋਈ ਨਹੀਂ ਤੁਰਦਾ, ਓਹਨਾਂ ਦੇ ਸ਼ੈਹਰ ਅਜਿਹੇ ਉਜਾੜੇ ਹੋਏ ਕਿ ਕੋਈ ਆਦਮੀ ਨਹੀਂ, ਕੋਈ ਵਸਨੀਕ ਨਹੀਂ। [ਸਫਨਿਆਹ

"ਲਹੂ ਲਿਬੜੇ ਸ਼ੈਹਰ ਤੇ ਵੈਂਵੇਲਾ! ਓਹ ਝੂਠ ਅਤੇ ਲੁਟ ਨਾਲ ਭਰਿਆ ਹੋਇਆ ਹੈ, ਓਹ ਸ਼ਕਾਰ ਨੂੰ

ਨਿਕਲਣ ਨਹੀਂ ਦੇਂਦਾ, ਚਾਬਕ ਦੀ ਅਵਾਜ਼ ਤੇ ਪਹੀਆਂ ਦਾ ਖੜਾਕ ਤੇ ਘੋੜਿਆਂ ਦੀ ਹਿਣ ਹਣਾਟ, ਤੇ ਉਛਲਣ ਵਾਲੇ ਦੀ ਕੁਰਲਾਹਟ ਹੈ, ਘੋੜ ਚੜਿਆਂ ਦਾ ਸਵਾਰ ਹੋ ਜਾਨਾ ਤੇ ਤਲਵਾਰਾਂ ਦੀ ਚਮਕ ਤੇ ਭਾਲਿਆਂ ਦੀ ਝਲਕ ਹੋਜਾਂਦੀ ਅਤੇ ਵਢਿਆਂ ਹੋਇਆਂ ਦਾ ਢੇਰ ਤੇ ਲੋਥਾਂ ਦਾ ਸਥਰ ਹੈ, ਲਾਸ਼ਾਂ ਦਾ ਅੰਤ ਨਹੀਂ। [(ਨਹੂਮ

"ਰੱਬ ਦਾ ਵਡਾ ਦਿਨ ਨੇੜੇ ਹੈ, ਹਾਂ ਨੇੜੇ ਹੈ, ਤੇ ਬੜੀ ਛੇਤੀ ਕਰਦਾ, ਹਾਂ! ਰਬ ਦੇ ਦਿਨ ਦੀ ਅਵਾਜ਼ ਹੁੰਦੀ ਹੈ, ਓਥੇ ਜ਼ੋਰਾਵਰ ਆਦਮੀ ਡਾੜ੍ਹਾਂ ਮਾਰਕੇ ਰੋਵੇਗਾ, ਓਹ ਦਿਨ ਕੈਹਰ ਦਾ ਦਿਨ ਹੈ, ਦੁਖ ਅਤੇ ਰੰਜ ਦਾ ਦਿਨ, ਵੈਰਾਨੀ ਅਤੇ ਖਰਾਬੀ ਦਾ ਦਿਨ। ਮੈਂ ਆਦਮੀ ਤੇ ਮੁਸੀਬਤ ਪਾਵਾਂਗਾ, ਐਥੋਂ ਤਕ ਕਿ ਉਹ ਅੰਨ੍ਹਿਆਂ ਵਾਂਗ ਤੁਰਨਗੇ, ਇਸ ਲਈ ਕਿ ਓਹ ਰੱਬ ਦੇ ਦੋਸੀ ਹੋਏ, ਓਹਨਾਂ ਦਾ ਲਹੂ ਮਿੱਟੀ ਵਾਂਗ ਵੀਟਿਆ ਜਾਵੇਗਾ, ਓਹਨਾਂ ਦਾ ਮਾਸ ਗੋਹ ਵਾਂਗ, ਰੱਬ ਦੇ ਕੈਹਰ ਦੇ ਦਿਨ। ਨਾਂ ਓਹਨਾਂ ਦੀ ਚਾਂਦੀ ਤੇ ਨਾਂ ਸੋਨਾ ਓਹਨਾਂ ਨੂੰ ਬਚਾ ਸਕੇਗਾ, ਫੇਰ ਸਾਰੀ ਧਰਤੀ ਨੂੰ ਓਹਦੀ ਅਣਖ ਦੀ ਅੱਗ ਖਾ ਜਾਏਗੀ"।

੨੮ ਫੱਗਣ ਸੰਮਤ–੧੭੬੪ ਨੂੰ ਖਾਲਸਾ ਜੀ ਨੇ ਸਰਹੰਦ ਤੇ ਚੜ੍ਹਾਈ ਕਰਨ ਦਾ ਦਿਨ ਨੀਯਤ ਕੀਤਾ, ਨਵਾਬ ਸਰਹੰਦ ਨੂੰ ਲਿਖਿਆ ਗਿਆ ਕਿ:–

ਵਜ਼ੀਰ ਖਾਂ! ਨਿਰਦੋਸ਼ ਪ੍ਰਜਾ ਨੂੰ ਦੁੱਖ ਦੁਖਾ, ਧਰ-ਮੀਆਂ ਨੂੰ ਸਤਾ ਸਤਾ ਕੇ ਤੇ ਕੇਵਲ ਤਅਸਬ ਨਾਲ ਬੇਦੋਸ਼ੇ ਤੇ ਨਿਰ ਅਪਰਾਧਾਂ ਦੇ ਘਰ ਲੁਟ ਪੁਟ ਕੇ

ਤੁਸੀਂ ਰੱਬ ਦੀ ਗ਼ੈਰਤ ਨੂੰ ਭੜਕਾਇਆ, ਤੁਹਾਡੇ ਜ਼ੁਲਮ ਦਾ ਪਿਆਲਾ ਭਰ ਗਿਆ, ਹੁਣ ਉਸਦੇ ਕੈਹਰ ਦੀ ਬਿਜਲੀ ਤੁਹਾਡੇ ਤੇ ਪਈ ਚਾਹੁੰਦੀ ਹੈ ਤੇ ਤੁਹਾਨੂੰ ਕਰਨੀ ਦਾ ਫਲ ਚਖਾਣ ਲਈ ਖਾਲਸਾ ਆ ਰਿਹਾ ਹੈ, ਇਸ ਲਈ ਜਿਸ ਲਸ਼ਕਰ ਅਤੇ ਫੌਜ ਦੇ ਸਹਾਰੇ ਉੱਪਰ ਹੋਸ਼ ਉਡਾਣ ਵਾਲੇ, ਸ਼ੋਕ ਦਾਇਕ ਜ਼ੁਲਮ ਕੀਤੇ ਹਨ ਉਹ ਨੂੰ ਲੈਕੇ ਤਿਆਰ ਹੋ ਜਾਓ।"

ਵਜ਼ੀਰ ਖ਼ਾਂ ਇਹ ਚਿੱਠੀ ਪੜ੍ਹਕੇ ਤ੍ਰੱਬਕ ਉਠਿਆ, ਹੈਂ! ਉਸਨੂੰ ਭੀ ਸਜ਼ਾ ਦੇਣ ਵਾਲਾ ਕੋਈ ਹੈ? ਇਸ ਖ਼ਿਆਲ ਨੇ ਉਸਨੂੰ ਪ੍ਰੇਸ਼ਾਨ ਕਰ ਦਿੱਤਾ, ਝਟ ਅਪਣੀ ਫੌਜ ਇਕੱਠੀ ਕੀਤੀ ਤੇ ਸਰਹੰਦ ਤੋਂ ਤੁਰਕੇ ਵਡਾਲੀ ਵਾਲੀ ਥਾਂ ਤੇ ਪੁਜ ਖ਼ਾਲਸਾ ਫੌਜ ਦੀ ਉਡੀਕ ਕਰਨ ਲੱਗਾ, ਦੋਹੀਂ ਪਾਸੀਂ ਫੌਜਾਂ ਦੇ ਸਾਹਮਣੇ ਹੁੰਦਿਆਂ ਹੀ ਲੜਾਈ ਦਾ ਮੈਦਾਨ ਗਰਮ ਹੋਗਿਆ।

ਸਿਖਾਂ ਦੇ ਗੁਸੇ ਦਾ ਕੋਈ ਠਿਕਾਣਾ ਨਹੀਂ ਸੀ, ਓਹ ਭੁਖੇ ਸ਼ੇਰਾਂ ਵਾਂਗ ਸੂਬੇ ਦੀ ਫੌਜ ਤੇ ਹੱਲਾ ਕਰਦੇ ਤੇ ਕਤਾਰਾਂ ਦੀਆਂ ਕਤਾਰਾਂ ਉਲਟਦੇ ਚਲੇ ਜਾਂਦੇ ਸਨ, ਖਾਲਸਾ ਜੀ ਦੀ ਫੁਰਤੀ ਵੇਖਨ ਯੋਗ ਸੀ, ਤਲਵਾਰ ਇਧਰ ਉਠੀ, ਓਧਰ ਚਮਕੀ, ਕੜਕੀ, ਡਿੱਗੀ ਤੇ ਦੋ ਦੋ ਚਾਰ ਚਾਰ ਦੇ ਟੋਟੇ ਕਰ ਗਈ, ਘਮਸਾਨ ਦੀ ਲੜਾਈ ਮਚ ਗਈ।

ਵਜ਼ੀਰ ਖ਼ਾਂ ਵੀ ਅਪਣੀ ਫੌਜ ਦੀ ਕਮਾਨ ਅਪਣੇ ਹਥ ਵਿੱਚ ਲਈ ਸੀ, ਚਾਲੀ ਹਜ਼ਾਰ ਦੇ ਕਰੀਬ ਸਿਪਾਹੀ ਉਸਦੇ ਝੰਡੇ ਹੇਠ ਕਟ ਮਰਨ ਦਾ ਨਿਸ਼ਚਾ ਕਰਕੇ ਜ਼ੋਰ ਵਿਖਾ ਰਹੇ ਸਨ ਤੇ ਲੁਟ ਮਾਰ ਲਈ ਨਾਲ ਮਿਲੇ ਹੋਏ ਮੁਲਖਯੇ

ਦਾ ਤਾਂ ਕੋਈ ਅੰਤ ਹੀ ਨਹੀਂ ਸੀ, ਦੂਜੇ ਪਾਸੇ ਬੰਦਾ ਬਹਾ-ਦਰ ਅਪਣੇ ਪ੍ਰਸਿੱਧ ਸਿਪਾਹ ਸਾਲਾਰ ਬਾਬਾ ਬਿਨੋਦ ਸਿੰਘ ਤੇ ਬਾਜ ਸਿੰਘ ਦੇ ਨਾਲ ਡੱਟਿਆ ਹੋਇਆ ਸੀ ਤੇ ਤੀਹ ਹਜ਼ਾਰ ਦੇ ਕਰੀਬ ਜਾਨ ਵੇਚਕੇ ਲੜਨ ਵਾਲੇ ਸਿਖ ਉਸਦੇ ਨਾਲ ਸਨ, ਜਿਨ੍ਹਾਂ ਦੇ ਖਿਆਲਾਂ ਵਿਚ ਅਜ ਇਸ ਹੱਕ ਅਤੇ ਸਚਾਈ ਦੀ ਲੜਾਈ ਵਿਚ ਕਟਕੇ ਮਰ ਜਾਣਾ ਬੇਇੱਜ਼ਤੀ ਦੇ ਜੀਵਨ ਨਾਲੋਂ ਕਈ ਗੁਣਾਂ ਚੰਗਾ ਸੀ, ਓਹਨਾਂ ਦੇ ਕੰਨਾਂ ਦੇ ਕੋਲ ਤਲਵਾਰ ਦੀ ਛਣਕਾਰ ਤੋਂ ਵਧਕੇ ਕੋਈ ਦਿਲ ਖੁਸ਼ ਕਰਨ ਵਾਲੀ ਚੀਜ ਨਹੀਂ ਸੀ, ਉਹ ਅਗੇ ਵਧਕੇ ਪਿਛੇ ਹਟਣਾਂ ਨਹੀਂ ਜਾਣਦੇ ਸਨ, ਓਹਨਾਂ ਨੇ ਅਪਣੇ ਕਰੜੇ ਹਥਾਂ ਵਿੱਚ ਤਲਵਾਰਾਂ ਏਸੇ ਲਈ ਪਕੜੀਆਂ ਸਨ ਕਿ ਸਰਦਾਰਾਂ ਦੀ ਸੈਨਤ ਤੇ ਚੱਲਣ, ਇਸ ਲਈ ਓਹਨਾਂਦੇ ਭਿਆਨਕ ਹੱਲਿਆਂ ਨੂੰ ਕੌਣ ਰੋਕ ਸਕਦਾ ਸੀ? ਜਿਸ ਪਾਸੇ ਮੂੰਹ ਕਰਦੇ ਵੈਰੀ ਲਈ ਮੌਤ ਦਾ ਬੂਹਾ ਖੋਹਲ ਦੇਂਦੇ ਸਨ, ਜਿਧਰ ਪੈਰ ਚੁਕਦੇ ਹਨੇਰ ਲਿਆ ਦੇਂਦੇ ਤੇ ਵੈਰੀ ਲਈ ਸਾਹਮਣੇ ਖੜੋਣਾ ਜਾਂ ਅਗੇ ਵਧਣਾ ਔਖਾ ਕਰ ਦੇਂਦੇ।

ਸਤ ਘੰਟੇ ਬ੍ਰਾਬਰ ਜੰਗ ਹੋਇਆ, ਲੜਾਈ ਦੇ ਮੈਦਾਨ ਵਿਚ ਪ੍ਰਲੈ ਦਾ ਚਿਤਰ ਅਖਾਂ ਦੇ ਸਾਮਨੇ ਫਿਰਨ ਲਗਾ, ਭਾਵੇਂ ਜੰਗ ਅਰੰਭ ਹੋਣ ਸਮੇਂ ਨਵਾਬ ਦੇ ਕੋਲ ੪੦ ਹਜ਼ਾਰ ਤੇ ਬੰਦਾ ਬਹਾਦਰ ਦੇ ਨਾਲ ੩੦ ਹਜ਼ਾਰ ਜਵਾਨ ਸਨ, ਪਰ ਨਵਾਬ ਦੀ ਫੌਜ ਇਕ ਤਾਂ ਪੇਹਲੇ ਹੀ ਦਸ ਹਜ਼ਾਰ ਵਧੀਕ ਸੀ ਦੂਜੇ ਪਿੰਡਾਂ ਦੇ ਮੁਸਲਮਾਨ ਇਸ ਲੜਾਈ ਨੂੰ ਮਜ਼ਹਬੀ ਲੜਾਈ ਸਮਝ ਬਹੁਤ ਸਾਰੇ ਹੋਰ ਆ ਰਲੇ ਸੀ ਤੇ ਓਹ ਲੋਕ ਜੋ ਕੇਵਲ

ਲੁਟ ਮਾਰ ਕਰਨ ਲਈ ਓਹਨਾਂ ਵਿਚ ਆਏ ਸਨ, ਓਹਨਾਂ ਦੀ ਤਾਂ ਕੋਈ ਗਿਣਤੀ ਹੀ ਨਹੀਂ ਸੀ।

ਸੰਧਿਆ ਵੇਲੇ ਬੰਦੇ ਨੇ ਅਪਣੀ ਫੌਜ ਉਦਾਸ ਡਿਠੀ ਤੇ ਬਾਬਾ ਬਿਨੋਦ ਸਿੰਘ ਤੇ ਬਾਜ ਸਿੰਘ ਨੇ ਦੱਸਿਆ ਕਿ ਵੈਰੀ ਦੀ ਟਿਡੀ ਦਲ ਫੌਜ ਤੇ ਸਫਲਤਾ ਪਾਉਣੀ ਕੋਈ ਨਿਕੀ ਜਹੀ ਗੱਲ ਨਹੀਂ।

ਬੰਦਾ ਬਹਾਦਰ ਅਪਨੀ ਥਾਂ ਚੱਲਕੇ ਇਕ ਉਚੇ ਥੇਹ ਤੇ ਗਿਆ, ਗਲ ਵਿਚ ਕੱਪੜਾ ਪਾਇਆ, ਦੋਵੇਂ ਹਥ ਜੋੜੇ ਤੇ ਸਤਿਗੁਰੂ ਸੱਚੇ ਪਾਤਸਾਹ ਅਗੇ ਇਸ ਸਚਾਈ ਅਤੇ ਦਲੇਰੀ ਦੀ ਜੰਗ ਵਿਚ ਜਿਤ ਅਤੇ ਸਫਲਤਾ ਲਈ ਅਰਦਾਸ ਕੀਤੀ ਓਹਨਾਂ ਪੰਜਾਂ ਤੀਰਾਂ ਵਿਚੋਂ (ਜੋ ਗੁਰੂ ਗੋਬਿੰਦਸਿੰਘ ਸਾਹਿਬ ਜੀ ਨੇ ਔਖੇ ਵੇਲੇ ਵਰਤਨ ਲਈ ਦਿਤੇ ਹੋਏ ਸਨ) ਇਕ ਤੀਰ ਕਢਿਆ, ਕਮਾਨ ਤੇ ਰਖਿਆ ਤੇ ਕਮਾਨ ਨੂੰ ਕੰਨ ਤਕ ਖਿਚ ਕੇ ਛਡ ਦਿੱਤਾ, ਤੀਰ ਕੀ ਸੀ? ਵਜ਼ੀਰ ਖਾਂ ਤੇ ਉਸ ਦੀ ਫੌਜ ਦਾ ਕਾਲ ਸੀ, ਤੀਰ ਛੁਟਦਿਆਂ ਹੀ ਸੂਬੇ ਦੀ ਫੌਜ ਵਿਚ ਹਲਚਲੀ ਮਚ ਗਈ, ਪ੍ਰਬੰਧ ਵਿਗੜ ਗਿਆ, ਇਨੇ ਨੂੰ ਇਕ ਪਾਸਿਓਂ ਹਨੇਰੀ ਉਠੀ, ਜਿਸ ਨੇ ਝਟ ਹੀ ਅਪਨੀ ਅੰਤ ਦੀ ਸੂਰਤ ਬਦਲ ਲਈ, ਇਹ ਘੱਟਾ ਮਿੱਟੀ ਸੂਬੇ ਦੀ ਫੌਜ ਤੇ ਸਾਹਮਣੇ ਪਾਸਿਓਂ ਪੈ ਰਿਹਾ ਸੀ, ਬੰਦਾ ਬਹਾਦਰ ਦੀ ਫੌਜ ਨੇ ਇਸਨੂੰ ਰਬੀ ਮਦਦ ਜਾਣਕੇ ਤਲ-ਵਾਰਾਂ ਧੂਹ ਲਈਆਂ ਤੇ ਸਰਹੰਦ ਦੇ ਹਾਕਮ ਦੀ ਫੌਜ ਉਤੇ ਜਾ ਪਏ।

ਸਾਹਮਣੇ ਪਾਸਿਓਂ ਬੰਦਾ ਬਹਾਦਰ ਅਪਣੇ ਸਾਥੀਆਂ ਸਣੇ ਵਧ ਰਿਹਾ ਸੀ, ਸਜੇ ਪਾਸਿਓਂ ਬਾਬਾ ਬਿਨੋਦ ਸਿੰਘ ਵੈਰੀ ਦੀ ਨੱਕ ਜਾਨ ਕਰਦਾ ਤੇ ਖਬੇ ਪਾਸਿਓਂ ਸ੍ਰ: ਬਾਜ ਸਿੰਘ ਵੈਰੀ ਲਈ ਧਰਤੀ ਤੇ ਸਾਹ ਲੈਣਾ ਔਖਾ ਕਰ ਰਿਹਾ ਸੀ।

ਵਜ਼ੀਰ ਖ਼ਾਂ ਨੇ ਅਪਣੀ ਫੌਜ ਨੂੰ ਪਿੱਛੇ ਹਟਣ ਤੇ ਲੜਾਈ ਕਰਦੇ ੨ ਸਰਹੰਦ ਦਾ ਕਿਲਾ ਮੱਲ ਬੈਠਣ ਦੀ ਸਲਾਹ ਕੀਤੀ। ਇਧਰ ਫੌਜ ਵਿੱਚ ਹਲਚਲ ਮਚ ਗਈ ਸੀ, ਸੂਬਾ ਆਪ ਓਥੇ ਪਹੁੰਚਦਾ, ਸਿਪਾਹੀਆਂ ਦੇ ਦਿਲ ਵਧਾਉਂਦਾ ਤੇ ਓਹਨਾਂ ਨੂੰ ਲੜਾਈ ਲਈ ਉਕਸਾਉਂਦਾ ਸੀ, ਉਸ ਸਮੇਂ ਸਰਦਾਰ ਬਾਜ ਸਿੰਘ ਦੀ ਨਿਗਾਹ ਵਜ਼ੀਰ ਖ਼ਾਂ ਤੇ ਪਈ ਤੇ ਉਸਨੇ ਲਲਕਾਰ ਕੇ ਆਖਿਆ ਓਏ ਮਰਦੂਦ! ਹੁਣ ਤੇਰੇ ਪਾਪ ਦੀ ਬੇੜੀ ਭਰ ਚੁਕੀ ਹੈ, ਹੁਣ ਦੂਜਿਆਂ ਨੂੰ ਅਗੇ ਕਰਨ ਦੀ ਥਾਂ ਆਪ ਸਾਹਮਣੇ ਆ, ਇਕ ਹਥ ਦੇਖ ਤੇ ਇਕ ਦਿਖਾ। ਵਜ਼ੀਰਖ਼ਾਂ ਨੇ ਸ੍ਰਦਾਰ ਬਾਜ ਸਿੰਘ ਨੂੰ ਸਿਰ ਤੇ ਪੁੱਜਾ ਦੇਖ ਅਪਣੇ ਘੋੜੇ ਨੂੰ ਰੋਕਿਆ ਤੇ ਬਾਜ ਸਿੰਘ ਵਲ ਮੂੰਹ ਕੀਤਾ, ਘੋੜੇ ਨੂੰ ਉਡਾਂਦਾ ਤੇ ਤਲਵਾਰ ਚਮਕਾਂਦਾ ਬਾਜ ਸਿੰਘ ਤੇ ਆ ਪਿਆ ਤੇ ਤਲਵਾਰ ਦਾ ਵਾਰ ਕੀਤਾ। ਸਰਦਾਰ ਬਾਜ ਸਿੰਘ ਨੇ ਬੜੀ ਸਫਾਈ ਅਤੇ ਚਾਲਾਕੀ ਨਾਲ ਅਪਨਾ ਸ੍ਰੀਰ ਬਚਾਕੇ ਢਾਲ ਅਗੇ ਕਰ ਦਿੱਤੀ, ਤਲਵਾਰ ਦੋ ਟੋਟੇ ਹੋਕੇ ਧਰਤੀ ਤੇ ਜਾ ਪਈ, ਹੁਣ ਸਰਦਾਰ ਬਾਜ ਸਿੰਘ ਨੇ ਖੰਡਾ ਏਸਤਰਾਂ ਚਲਾਇਆ ਕਿ ਵਜ਼ੀਰ ਖ਼ਾਂ ਦੀ ਖਬੀ ਲਤ ਤੇ ਖਬੀ ਬਾਂਹ ਤੇ ਘੋੜਾ ਦੋ ਟੁਕ ਹੋਕੇ ਧਰਤੀ ਤੇ ਡਿਗ ਪਏ।

ਵਜ਼ੀਰ ਖ਼ਾਂ ਨੂੰ ਇਸਤਰਾਂ ਡਿਗਦਾ ਦੇਖ ਉਸਦੀ ਫੌਜ

ਦਾ ਲੱਕ ਟੁਟ ਗਿਆ ਤੇ ਓਹਨਾਂ ਦੇ ਪੈਰ ਕੰਬਣ ਲਗੇ, ਇਸਥਾਂਤੋਂ ਲੈਕੇ ਸਰਹੰਦ ਤਕ ਦੁਸ਼ਮਨ ਦੀ ਫੌਜ ਦੀਆਂ ਲੋਥਾਂ ਦੇ ਸਥਰ ਲਗ ਗਏ, ਬੰਦਾ ਬਹਾਦਰ ਨੇ ਸਰਹੰਦ ਵਿਚ ਵੜਕੇ ਵਜ਼ੀਰ ਖਾਂ ਦੇ ਦਰਬਾਰੀਆਂ ਨੂੰ ਯਥਾ ਯੋਗ ਸਜ਼ਾ ਦਿਤੀ, ਸ਼ੈਹਰ ਦੇ ਬਾਹਰ ਵਜ਼ੀਰ ਖਾਂ ਦੇ ਟੁਕੜੇ ੨ ਕਰਕੇ ਲਟਕਾ ਦਿੱਤੇ ਤਾਂ ਜੋ ਸਾਰੇ ਜਹਾਨ ਨੂੰ ਪਤਾ ਲਗ ਜਾਵੇਃ—

ਜੇਹਾ ਬੀਜੈ ਸੋ ਲੁਣੈ,
ਕਰਮਾਂ ਸੰਦੜਾ ਖੇਤੁ ।

ਸੰਨ ੧੭੯੯ ਈਸਵੀ ਵਿਚ ਅਗਰ ਖਾਂ ਹਾਕਮ ਸਰਹੰਦ ਨੇ ਫਿਰ ਜ਼ੁਲਮ ਅਰੰਭ ਕੀਤਾ, ਹਿੰਦੂ ਮੰਦਰ ਢਾਉਣ ਦਾ ਹੁਕਮ ਦੇ ਦਿਤਾ, ਪਾਣੀ ਦੇ ਖੂਹਾਂ ਵਿਚ ਗਊ ਦਾ ਮਾਸ ਪਾਕੇ ਓਹਨਾਂ ਨੂੰ ਖਰਾਬ ਕੀਤਾ ਗਿਆ, ਤੇ ਹਿੰਦੂਆਂ ਤੇ ਅਜਹੇ ਜ਼ੁਲਮ ਕੀਤੇ ਕਿ ਓਹਨਾਂ ਲਈ ਜਿਉਣਾ ਔਖਾ ਹੋ ਗਿਆ ।

ਸਰਹੰਦ ਦਾ ਨਾਂ ਸੁਣਦਿਆਂ ਹੀ ਸਿਖਾਂ ਦੀਆਂ ਅੱਖਾਂ ਵਿਚ ਲਹੂ ਉਤਰ ਆਉਂਦਾ ਸੀ, ਸੋ ਇਸ ਜ਼ੁਲਮ ਤੇ ਹਨੇਰ ਦੀ ਕਥਾ ਸੁਣ ਕੇ ਸਿਖ ਫੌਜ ਫੇਰ ਸਰਹੰਦ ਵਲ ਵਧੀ, ਅਗਰ ਖਾਂ ਅਪਨੀ ਫੌਜ ਲੈਕੇ ਬਾਹਰ ਨਿਕਲਿਆ, ਲੜਾਈ ਅਤੇ ਵਢ ਟੁਕ ਦਾ ਜ਼ੋਰ ਹੋਗਿਆ, ਫੇਰ ਓਹੋ ਤਲਵਾਰ, ਓਹੋ ਨੇਜ਼ੇ, ਓਹੋ ਤੀਰ ਤੇ ਓਹੋ ਬੰਦੂਕਾਂ । ਓਹੋ ਸਿਖ, ਓਹੋ ਦਲੇਰੀ, ਓਹੋ ਸਰਗ਼ਰਮੀ ਤੇ ਓਹੋ ਜੋਸ਼, ਵੈਰੀ ਦੀਆਂ ਤੇਜ਼ ਕਮਾਨਾਂ ਬੇਅਰਥ ਸਨ ਤੇ ਮੌਤ ਦੀ ਨਸ਼ਾਨੀ ਤੀਰ ਬੇਅਰਥ ਸਨ ਜੋ ਜੋ ਤਲਵਾਰ ਹਰ ਵਾਰੀ ਚਿਲੇ ਤੋੜਦੀ ਸੀ ਓਹ ਚਲਾਨ ਵਾਲਾ

ਘਬਰਾ ਕੇ ਮੂੰਹ ਖੋਲ ਕੇ ਡਿਗ ਪੈਂਦਾ ਸੀ, ਜੋ ਸਿਰ ਕਢਦਾ ਵੈਰੀ ਸੀ ਓਹੋ ਮਲੀਆ ਮੇਟ ਹੋਇਆ, ਨਾ ਤੀਰਾਂ ਨੇ ਕੰਮ ਕੀਤਾ ਤੇ ਨਾ ਪੈਹਲਵਾਨ ਦਿਸੇ ।

ਅਗਰ ਖਾਂ ਦੀ ਫੋਜ ਦੇ ਪੈਰ ਉਖੜਗਏ, ਅਧੇ ਤੋਂ ਵਧੀਕ ਸਿਪਾਹੀ ਲੜਾਈ ਵਿਚ ਮਾਰੇ ਗਏ, ਬਾਕੀਆਂ ਨੂੰ ਨਸਣ ਤੋਂ ਛੁਟ ਜਾਨ ਬਚਾਉਨ ਲਈ ਕੋਈ ਰਾਹ ਨਾ ਦਿਸਿਆ, ਉਹ ਨਸਦੇ ਜਾਦੇ ਸਨ ਤੇ ਖਾਲਸਾ ਜੀ ਦੀ ਤਲਵਾਰ ਦੇ ਹਥ ਯਾਦ ਕਰ ਕਰਕੇ ਕਹਿੰਦੇ ਜਾਦੇ ਸਨਃ—

ਕੀ ਕੋਈ ਲੜ ਸਕੇਗਾ, ਏਹ ਆਫਤ ਦੀ ਫੌਜ ਹੈ ।
ਸਿਖਾਂ ਦੀ ਫੌਜ ਹੈ ਕਿ ਸਮੁੰਦਰ ਦੀ ਮੌਜ ਹੈ ।

ਸੰਮਤ ੧੮੧੩ ਬਿਕਰਮੀ ਵਿਚ ਸਦੀਕ ਬੇਗ ਹਾਕਮ ਸਰਹੰਦ ਨੇ ਸਿਖਾਂ ਦੇ ਮੁਕਾਣ ਲਈ ਲੱਕ ਬਧਾ, ਸਰਦੀਆਂ ਦਾ ਜ਼ੋਰ ਘਟਦਿਆਂ ਹੀ ਖਾਲਸਾ ਜੀ ਨੇ ਫੇਰ ਸਰਹੰਦ ਵਲ ਮੂੰਹ ਕੀਤਾ, ਸਦੀਕ ਬੇਗ ਫੋਜ ਲੈਕੇ ਸਘਨੌਲ ਤੇ ਆਪਿਆ, ਲੜਾਈ ਸ਼ੁਰੂ ਹੋਈ, ਸਦੀਕ ਬੇਗ ਨੇ ਤੋਪਾਂ ਦੇ ਮੂੰਹ ਖੋਲ ਦਿਤੇ, ਦਨਾਦਨ ਗੋਲੇ ਵਸਣ ਲਗੇ, ਸੈਂਕੜੇ ਜਿੰਘ ਸ਼ਹੀਦ ਹੋਏ। ਜਦ ਏਹ ਖਬਰ ਅਨੰਦ ਪੁਰ ਸਾਹਿਬ ਵਿਚ ਪੁੱਜੀ, ਓਥੋਂ ਖਾਲਸਾ ਫੋਜ ਜੈਕਾਰੇ ਗਜਾਉਂਦੀ ਆ ਗਈ, ਖਾਲਸੇ ਨੇ ਬੀਰ ਰਸ ਵਿਚ ਆਕੇ ਹੱਲਾ ਕੀਤਾ, ਸਰਦਾਰ ਫੌਜ ਦਾ ਹੌਸਲਾ ਵਧਾ ਰਹੇ ਸਨ ਤੇ ਕੈਂਹਦੇ ਸਨਃ—

ਸ਼ੇਰੋ ਉਠੋ ਖ਼ੰਜਰ ਨੂੰ ਹੁਣੇ ਹਥ ਲਗਾਓ,
ਤਲਵਾਰ ਦੀ ਕਰ ਭੇਟ, ਤੁਸੀਂ ਵੈਰੀ ਮੁਕਾਓ ।
ਮੀਂਹ ਤੀਰਾਂ ਦਾ ਵਸ ਜਾਏ, ਤੁਸੀਂ ਮੂੰਹ ਨੂੰ ਨ ਮੋੜੋ,

ਅਨੰਦ ਪੁਰ ਦੀ ਫੌਜ ਦੇ ਹਲਾ ਕਰਦਿਆਂ ਹੀ ਲੜਾਈ ਦੇ ਮੈਦਾਨ ਦਾ ਰੰਗ ਬਦਲ ਗਿਆ, ਅਗਰ ਖ਼ਾਂ ਦੀ ਅਗੇ ਵਧਦੀ ਫੌਜ ਦੇ ਪੈਰ ਰੁਕ ਗਏ, ਖਾਲਸੇ ਨੇ ਇਕ ਜ਼ੋਰ ਦਾ ਹੱਲਾ ਕਰਕ ਉਹਨਾਂ ਨੂੰ ਅਗੇ ਧਰ ਲਿਆ, ਅਗਰ ਖਾਂ ਨਸ ਕੇ ਸਰਹੰਦ ਜਾ ਵੜਿਆ, ਖਾਲਸਾ ਨੇ ਆਸ ਪਾਸ ਦੇ ਪਿੰਡਾਂ ਦੀ ਸੋਧ ਅਰੰਭ ਕੀਤੀ, ਓਹ ਲੋਕ ਜਿਨਾਂ ਨੇ ਮਜ਼ੁਬੀ ਤਅੱਸਬ ਨਾਲ ਦੂਜਿਆਂ ਨੂੰ ਦੁਖ ਦਿੱਤੇ, ਤਕਲੀਫਾਂ ਪੁਚਾਈਆਂ ਤੇ ਲੁਟ ਮਾਰ ਕੀਤੀ ਸੀ ਫੜਲੀਤੇ, ਤੇ ਓਹਨਾਂ ਨੂੰ ਚੁਣ ਚੁਣ ਕੇ ਯਥਾ ਯੋਗ ਸਜਾਵਾਂ ਦਿਤੀਆਂ ।

ਸੰਮਤ ੧੯੧੫ ਵਿਚ ਫਿਰ ਖਬਰ ਪਹੁੰਚੀ ਕਿ ਸਰਹੰਦ ਦਾ ਹਾਕਮ ਪਿਛਲੀ ਭਾਂਜ ਤੋਂ ਸੜ ਭੁਜ ਕੇ ਅਨਾਥ ਪਰਜਾ ਦੇ ਪਿਛੇ ਪਿਆ ਹੋਇਆ ਹੈ, ਓਹ ਲੋਕ ਜਿਨਾਂ ਨੇ ਕਦੇ ਤਲਵਾਰ ਨੂੰ ਹਥ ਵੀ ਨਹੀਂ ਸੀ ਲਾਇਆ, ਲੁਟੇ ਜਾ ਰਹੇ ਹਨ, ਜਿਨਾਂ ਦੇ ਪਿਉ ਦਾਦੇ ਨੇ ਕਦੀ ਲੜਾਈ ਨਹੀਂ ਸੀ ਡਿਠੀ, ਓਹਨਾਂ ਤੇ ਧੱਕਾ ਹੋ ਰਿਹਾ ਹੈ, ਇਹ ਖਬਰ ਸੁਣਦਿਆਂ ਹੀ ਖਾਲਸੇ ਨੇ ਸਰਹੰਦ ਤੇ ਚੜ੍ਹਾਈ ਕੀਤੀ, ਹਾਕਮ ਸਰਹੰਦ ਸਿਖਾਂ ਦੇ ਇਕ ਜਥੇ ਨਾਲ ਸਾਢੌਰੇ ਅੜਿਆ, ਪਿਛੋਂ ਦੂਸਰੇ ਜਥੇ ਸਰਹੰਦ ਤੇ ਹੱਲਾ ਕਰ ਦਿੱਤਾ, ਸਾਹਮਣੇ ਵਾਲੀ ਸੂਬੇ ਦੀ ਫੌਜ ਨੂੰ ਵਢ ਟੁਕ ਕੇ ਸਿਖ ਸ਼ੈਹਰ ਜਾ ਵੜੇ, ਸਰਹੰਦ ਦਾ ਹਾਕਮ ਏਹ ਖਬਰ ਸੁਣਦਿਆਂ ਹੀ ਮੁੜ ਆਇਆ, ਪਰ ਉਸ ਵੇਲੇ ਸਿਖ ਅਪਨਾ ਕੰਮ ਕਰਕੇ ਚਲੇ ਗਏ ਸਨ ।

ਸਰਹੰਦ ਦਾ ਨਵਾਬ ਸਾਢੌਰੇ ਦੀ ਹਾਰ ਤੇ ਸਰਹੰਦ ਦੇ ਭਾਰੇ ਨੁਕਸਾਨ ਤੇ ਸੜਗਿਆ, ਫਿਰ ਪ੍ਰਜਾ ਨੂੰ ਸਤਾਣਾ ਤੇ ਸ਼ੁਰੂ

ਆਦਮੀਆਂ ਨੂੰ ਵਧ ਵਧ ਕੇ ਦੁਖ ਦੇਣ ਤੇ ਲਕ ਬੱਧਾ। ਇਹ ਖਬਰ ਸੁਣਦਿਆਂ ਹੀ ਖ਼ਾਲਸਾ ਫੌਜ ਨੇ ਫਿਰ ਸਰਹੰਦ ਵਲ ਕੂਚ ਕੀਤਾ, ਮਲੇਰ ਕੋਟਲਾ, ਅੰਬਾਲਾ ਤੇ ਜਗਾਧਰੀ ਦੇ ਇਲਾਕੇ ਫਤੇ ਕਰਕੇ ੧੩ ਜੇਠ ਸੰਮਤ ੧੮੨੦ ਮੁਤਾਬਕ ਦਸੰਬਰ ਸੰਨ ੧੭੬੩ ਈਸਵੀ ਨੂੰ ਦੁਪੈਹਰ ਵੇਲੇ ਸਰਹੰਦ ਤੇ ਹੱਲਾ ਕੀਤਾ, ਪਟਿਆਲੇ ਦੇ ਮਹਾਰਾਜਾ ਆਲਾ ਸਿੰਘ ਦੀ ਫੌਜ ਨਾਲ ਸੀ, ਸ੍ਰਦਾਰ ਕਪੂਰ ਸਿੰਘ, ਅਘੜ ਸਿੰਘ, ਬਰਾਜ ਸਿੰਘ, ਰਾਜਾ ਗਜਪਤ ਸਿੰਘ ਆਦਕ ਬਹਾਦਰ ਫੌਜ ਦੀ ਕਮਾਨ ਕਰ ਰਹੇ ਸਨ, ਜ਼ੈਨ ਖ਼ਾਂ ਮੈਦਾਨ ਵਿੱਚ ਨਿਕਲਿਆ ਤੇ ਬੜੇ ਜੋਰ ਨਾਲ ਲੜਾਈ ਸ਼ੁਰੂ ਹੋਗਈ।

ਜ਼ੈਨ ਖ਼ਾਂ ਨੇ ਅਜ ਬੜੀ ਬਹਾਦਰੀ ਵਿਖਾਈ, ਜਿਧਰ ਸਿਖਾਂ ਦਾ ਜੋਰ ਵੇਖਦਾ, ਘੋੜੇ ਨੂੰ ਅਡੀ ਲਾਉਂਦਾ, 'ਯਾ ਅਲੀ' 'ਯਾ ਅਲੀ' ਕੈਹਕੇ ਲਸ਼ਕਰ ਲੈਕੇ ਜਾ ਖੜਾ ਹੁੰਦਾ, ਇਸ ਦੀ ਫੌਜ ਨੇ ਭੀ ਲੜਾਈ ਤੋਂ ਜਾਣੂ ਹੋਣ ਦਾ ਸਬੂਤ ਦਿਤਾ, ਪਰ ਖ਼ਾਲਸਾ ਫੌਜ ਦੀ ਤਿੱਖੀ ਤਲਵਾਰ ਅਗੇ ਖੜੋਣਾ ਕਠਨ ਸੀ। ਜ਼ੈਨ ਖ਼ਾਂ ਨੇ ਜਦ ਫੌਜ ਵਿਚ ਹਲ ਚਲ ਦੇਖੀ, ਤਾਂ ਜੀਵਨ ਤੋਂ ਨਰਾਸ ਹੋਕੇ ਅਗੇ ਵਧਿਆ, ਸਰਦਾਰ ਜੱਸਾ ਸਿੰਘ ਆਹਲੂ-ਵਾਲੀਏ ਨੇ ਗੱਜ ਕੇ ਜੈਨ ਖ਼ਾਂ ਨੂੰ ਆ ਘੇਰਿਆ ਤੇ ਇਕੋ ਹੀ ਵਾਰ ਵਿਚ ਘੋੜੇ ਤੋਂ ਡੇਗਕੇ ਪੈਰਾਂ ਵਿਚ ਸੁਟ ਲਿਆ, ਬਰਾਜ ਸਿੰਘ ਨੇ ਵਧਕੇ ਜ਼ੈਨ ਖ਼ਾਂ ਦਾ ਸਿਰ ਧੜ ਤੋਂ ਵਖ ਕਰ ਦਿਤਾ।

ਅਘੜ ਸਿੰਘ ਨੇ ਜ਼ੈਨ ਖ਼ਾਂ ਦੇ ਭਤੀਜੇ ਸੈਦ ਖ਼ਾਂ ਦਾ ਸਿਰ ਵਢਿਆ, ਅਘੜ ਸਿੰਘ ਤੇ ਬਰਾਜ ਸਿੰਘ ਨੇ ਜੋ ਭਾਈ

ਮਨੀ ਸਿੰਘ ਜੀ ਦੇ ਭਤੀਜੇ ਸਨ, ਇਸ ਲੜਾਈ ਵਿਚ ਬੜੀ ਬਹਾਦਰੀ ਵਖਾਈ, ਜ਼ੈਨ ਖ਼ਾਂ ਤੇ ਸੈਦ ਖ਼ਾਂ ਦੇ ਮਰਨ ਦੀ ਖਬਰ ਨੇ ਫੋਜ ਦੇ ਦਿਲ ਤੋੜ ਦਿਤੇ ਤੇ ਵਾਹੋਦਾਹੀ ਨੱਸੀ, ਜਿੱਤ ਖਾਲਸਾ ਜੀ ਦੇ ਹਥ ਆਈ।

ਸ਼ਹਿਰ ਦੇ ਸਾਰੇ ਅਮੀਰ ਤੇ ਰਈਸ ਜਿਨ੍ਹਾਂ ਨੇ ਅੱਯਾਸ਼ੀ ਤੇ ਬਦਮਾਸ਼ੀ ਕਰਨ ਤੇ ਲੱਕ ਬੰਨ੍ਹ ਰਖਯਾ ਸੀ, ਮੰਗਵਾਏ ਗਏ, ਤੇ ਓਹਨਾਂ ਵਿਚੋਂ ਹਰ ਇਕ ਨੂੰ ਉਸਦੇ ਗੁਨਾਹ ਮੂਜਬ ਸਜ਼ਾ ਦਿਤੀ ਗਈ। ਓਹ ਸੁੰਦਰ ਹਵੇਲੀਆਂ ਜੋ ਲੋਕਾਂ ਨੂੰ ਲੁਟਕੇ ਬਣਾਈਆਂ ਗਈਆਂ ਸਨ, ਢਾਹ ਕੇ ਧਰਤੀ ਦੇ ਬਰਾਬਰ ਕਰ ਦਿਤੀਆਂ ਗਈਆਂ, ਓਹ ਮਕਾਨ ਜਿਨ੍ਹਾਂ ਵਿਚ ਅਨਾਥ ਇਸਤ੍ਰੀਆਂ ਦੀ ਬੇਪਤੀ ਕੀਤੀ ਜਾਂਦੀ ਸੀ ਓਹਨਾਂ ਦੀ ਇਟ ਨਾਲ ਇਟ ਖੜਕਾਈ, ਅਦਾਲਤਾਂ ਤੇ ਕਚੈਹਰੀਆਂ ਜਿਥੇ ਬੈਠ ਕੇ ਇਨਸਾਫ ਦਾ ਖ਼ੂਨ ਹੁੰਦਾ ਸੀ ਅਗ ਲਾਕੇ ਸਾੜੀਆਂ ਗਈਆਂ, ਸ਼ਾਰੇ ਸ਼ੈਹਰ ਵਿਚ ਅਗ ਭੜਕ ਰਹੀ ਸੀ ਭਾਂਬੜ ਅਕਾਸ ਵਲ ਉਠ ਉਠਕੇ ਅਪਨੇ ਮੂੰਹੋਂ ਕੈਹ ਰਹੇ ਸਨ:-

ਬਦੀਆਂ ਕਰਕੇ ਚਾਹ ਅਮਨ ਦੀ,
ਦਿਲ ਸਾੜਨ ਦਾ ਮੂਲ ਬਨੀ।

ਸ਼ੈਹਰ ਦੇ ਵਿਚੋਂ ਬੁਢੇ ਆਦਮੀ ਲਭੇ, ਪਤਾ ਲਗਾ ਕਿ ਇਕ ੮੦ ਵਰਿਆਂ ਦਾ ਬੁਢਾ ਅਜੇ ਤਕ ਜੀਉਂਦਾ ਹੈ ਜਿਸ ਨੇ ਸਾਹਿਬ ਜ਼ਾਦਿਆਂ ਦਾ ਸਾਕਾ ਅਪਨੀ ਅੱਖੀਂ ਡਿਠਾ ਸੀ, ਓਹ ਬੁਢਾਪੇ ਅਤੇ ਕਮਜੋਰੀ ਦੇ ਕਾਰਨ ਆ ਨਹੀਂ ਸਕਦਾ ਸੀ, ਉਸ ਨੂੰ ਮੰਜੀ ਤੇ ਪਾਕੇ ਲਿਆਂਦਾ ਗਿਆ ਤੇ ਉਹਨਾਂ ਥਾਵਾਂ ਦੀ ਬਾਬਤ ਪੁਛਿਆ ਗਿਆ ਜਿਥੇ ਸਾਹਿਬ ਜ਼ਾਦੇ ਠੈਹਰੇ, ਅਦਾਲਤ

ਵਿਚ ਪੇਸ਼ ਹੋਏ ਤੇ ਚਿਣੇ ਗਏ, ਇਕ ਬੁਢੇ ਨੇ ਸੇਜਲ ਅੱਖੀਂ ਆਖਿਆ ਕਿ ਮੈਂ ਓਹ ਡਰਾਉਣਾ ਦ੍ਰਿਸ਼ਜ ਅਪਨੀ ਅੱਖੀਂ ਡਿੱਠਾ ਹੈ, ਇਹਨੇ ਇਕ ੨ ਕਰਕੇ ਓਹ ਥਾਵਾਂ ਦਖਾਈਆਂ ਤੇ ਓਥੇ ਗੁਰਦਵਾਰੇ ਬਨਵਾਏ ਗਏ। ਸ਼ੈਹਰ ਦੀ ਥਾਂ ਮਹਾਰਾਜਾ ਆਲਾ ਸਿੰਘ ਨੂੰ ੨੫੦੦੦) ਰੁਪੈ ਤੋਂ ਦਿਤੀ ਗਈ, ਬਹੁਤ ਸਾਰੀਆਂ ਲੜਾਈ ਦੀਆਂ ਚੀਆਂ ਮਹਾਰਾਜਾ ਆਲਾ ਸਿੰਘ ਦੇ ਹਥ ਆਈਆਂ।

ਦੁਖੀਆ ਦੀ ਪੁਕਾਰ

ਐਹਮਦ ਸ਼ਾਹ ਸਿਖਾਂ ਦੇ ਬਾਹੂਬਲ ਤੋਂ ਹੈਰਾਨ, ਉਸ ਦੇ ਜਰਨੈਲ ਪਸ਼ੇਮਾਨ ਤੇ ਅਮੀਰ ਵਜ਼ੀਰ ਖਾਲਸਾ ਜੀ ਦੀਆਂ ਲਗਾਤਾਰ ਜਿੱਤਾਂ ਤੋਂ ਹੱਕੇ ਬੱਕੇ ਹੋ ਗਏ, ਜ਼ਕਰੀਆ ਖਾਂ ਦਾ ਜ਼ੋਰ ਜੁਲਮ, ਜਮੀਲ ਦੀਨ ਦਾ ਧੱਕਾ, ਸ਼ਾਹ ਨਵਾਜ਼ ਦੀ ਲੁਟ, ਨਜਮ ਖਾਂ ਦੇ ਅੱਤਯਾਚਾਰ, ਯਹਯਾ ਖਾਂ ਦੀ ਹਨੇਰ ਗਰਦੀ, ਕਰਮਦਾਦ ਖਾਂ ਦੀ ਬਦ ਅਮਲੀ, ਸਰਬਲੰਦ ਖਾਂ ਦਾ ਸਿਖਾਂ ਨੂੰ ਦੁਖ ਦੇਣਾ, ਮੀਰ ਮਨੂੰ (ਮੀਰ ਮੁਐਯਨੁਲ-ਮੁਲਕ) ਦੀਆਂ ਸਖਤੀਆਂ ਤੇ ਫਰੁਖਸੀਅਰ ਦੀ ਕਤਲ ਆਮ ਵੀ ਜਦ ਸਿਖਾਂ ਨੂੰ ਨ ਮੁਕਾ ਸਕੀ ਤਾਂ ਐਹਮਦ ਸ਼ਾਹ ਨੇ ਖਸਿਆਨੀ ਬਿੱਲੀ ਖੁਬਾਂ ਪੁਟੇ ਵਾਲੀ ਗਲ ਕੀਤੀ ਅਰਥਾਤ ਫੌਜ ਲੈਕੇ ਅੰਮ੍ਰਿਤਸਰ ਵਲ ਵਧਿਆ ਤੇ ਇਸ ਪਵਿਤ੍ਰ ਮੰਦਰ

ਨੂੰ ਢਾਣ ਦੀ ਨੀਤ ਕੀਤੀ, ਜਿਥੇ ਸੈਂਕੜੇ ਆਦਮੀਆਂ ਨੂੰ ਮੁਕਤ ਮਿਲਦੀ, ਹਜਾਰਾਂ ਰਬ ਦੇ ਬੰਦਿਆਂ ਦੇ ਆਤਮਾਂ ਦੀ ਤਪਸ਼ ਹਟਦੀ ਤੇ ਲਖਾਂ ਦਿਲ ਸਿੱਧੇ ਰਾਹ ਪਏ, ਜੋ ਸਾਰੀ ਜ਼ਮੀਨ ਤੇ ਇੱਕੋ ਹੀ ਬਰਕਤਾਂ ਦਾ ਘਰ, ਰਬ ਦੇ ਪਿਆਰਿਆਂ ਦੀ ਖ਼ਾਸ ਜਗਾ ਤੇ ਰੱਬੀ ਜੋਤ ਨਾਲ ਮਿਲਨ ਦਾ ਅਸਥਾਨ ਹੈ, ਅਰ ਜਿਥੋਂ ਦੀ ਸੇਵਾ ਲਈ ਦੁਨੀਆਂ ਦੇ ਬਾਦਸ਼ਾਹ ਤਰਸਦੇ ਤੇ ਇਸ ਦੀ ਪਵਿਤ੍ਰ ਧੂੜੀ ਨਾਲ ਦੇਵਤੇ ਨ੍ਹਾਉਂਦੇ ਹਨ, ਉਸ ਹਰੀ-ਮੰਦਰ ਦੀ ਇਮਾਰਤ ਨੂੰ ਐਹਮਦ ਸ਼ਾਹ ਨੇ ਧਰਤੀ ਨਾਲ ਮਿਲਾ ਦਿਤਾ *ਸ੍ਰੋਵਰ ਵਿਚ ਮਿਟੀ ਪਵਾਕੇ ਉਸ ਤੇ ਹਲ

---

*ਉਮਦਤੁਲਤਾਰੀਖ ਦੇ ਲਿਖਾਰੀ ਲਾਲਾ ਸੋਹਨ ਲਾਲ ਏਹ ਗਲ ਦਸਦੇ ਹੋਏ ਲਿਖਦੇ ਹਨ ਕਿਃ—ਦਰਹੰਗਾਮੀ ਐਹਮਦ ਸ਼ਾਹ ਮੁਕਦਮਾ ਗ਼ਰੀਬ ਹਮਰਾਹ ਸ੍ਰੀ ਅੰਮ੍ਰਿਤਸਰ ਜੀਉ ਅਜ਼ਕੁਦਰਤ ਕਾਦਰ ਬੇਚੂਨ ਵ ਤਕਦੀਰ ਆਂ ਵਾਹਬ ਬੇ-ਸ਼ੁਬਾਹ ਵ ਬੇ ਨਮੂਦਨ ਯਕ ਬੁਰਜ ਖਿਸ਼ਤ ਵ ਆਹਕ ਆਂ ਮਕਾਨ ਫੈਜ਼ ਨਸ਼ਾਨ ਦਰ ਹੰਗਾਮ ਸਰਦਾਦਨ ਬਾਰੂਤ ਬਰ ਸਰੇਸ਼ਾਹ ਮਜ਼ਕੂਰ ਰਸੀ ਦਾ ਜ਼ਰਬ ਸਖਤ ਰਸਾਨੀਦ ਕਿ ਤਾ ਮੁਦਤ ਮਦੀਦ ਮੂਜਬ ਦਰਦੇ ਨਿਕਾਲ ਗਰਦੀਦਾ ਨਾਸੂਰ ਦਰਵੈ ਨਮਾਯਾਂ ਸਾਖ਼ਤ, ਆਖ਼ਰੁਲ ਅਮਰ ਬਹਮੀਂ ਮਰਜ਼ ਰਖਤ ਅਰਤਕਾਨ ਬਰਬਸਤ।

ਅਰਥਾਤ-ਦਰਬਾਰ ਸਾਹਿਬ ਦੀ ਇਮਾਰਤ ਦਾ ਇਕ ਪਥਰ ਐਹਮਦ ਸ਼ਾਹ ਦੇ ਨਕ ਤੇਂ ਲਗ ਕੇ ਉਸ ਦੀ ਜਾਨ ਲੈਣ ਦਾ ਕਾਰਨ ਬਣਿਆਂ।

ਚਲਵਾਇਆ ।

ਇਹ ਦੁਖਦਾਈ ਤੇ ਹੋਸ਼ ਭੁਲਾਣ ਵਾਲੀ ਖਬਰ ਸਾਰੇ ਮੁਲਕ ਵਿਚ ਫੈਲ ਗਈ, ਸਿਖ ਦਰਦ ਭਰੇ ਦਿਲ ਨਾਲ ਸ੍ਰੀ ਅੰਮ੍ਰਿਤਸਰ ਇਕਠੇ ਹੋਏ ਤੇ ਐਹਮਦ ਸ਼ਾਹ ਨੂੰ ਡੰਡ ਦੇਣ ਦੇ ਪ੍ਰਸ਼ਨ ਤੇ ਵਿਚਾਰ ਕਰਨ ਲਗੇ ।

ਇਕ ਦਿਨ ਅਕਾਲਤਖਤ ਦੇ ਸਾਹਮਣੇ ਦੀਵਾਨ ਸਜਿਆ ਸੀ ਕਿਃ—

ਗੁਰੂ ਦੇ ਵਾਸਤੇ ਮੇਰੀ
ਅਰਜ਼ ਨੂੰ ਸੁਣ ਲੈਣਾ ।

ਦੀ ਅਵਾਜ਼ ਨੇ ਖ਼ਾਲਸਾ ਜੀ ਦਾ ਧਿਆਨ ਆਪਣੇ ਵਲ ਖਿਚਿਆ, ਸਾਰੀਆਂ ਅੱਖਾਂ ਢੂੰਡ ਵਿਚ ਉਠੀਆਂ, ਇਕ ਪਾਸੇ ਕੁਛ ਪਤਲੇ ਲਿੱਸੇ ਆਦਮੀ ਜਿਨ੍ਹਾਂ ਦੇ ਮੱਥੇ ਤੇ ਤਿਲਕ, ਲ਼ੱਕ ਧੋਤੀ, ਗਲ ਵਿਚ ਜਨੇਊ, ਸਿਰ ਤੇ ਟੋਪੀ ਤੇ ਇਕ ਹਥ ਵਿਚ ਗੜਵੀ ਤੇ ਦੂਸਰੇ ਵਿਚ ਸੋਟੀ ਸੀ, ਖੜੋਤੇ ਦਿੱਸੇ, ਜਿਨੇ ਆਦਮੀ ਓਥੇ ਬੈਠੇ ਸਨ ਸਾਰਿਆਂ ਦੀਆਂ ਨਜ਼ਰਾਂ ਓਹਨਾਂ ਤਕ ਜਾਕੇ ਰੁਕ ਗਈਆਂ, ਓਹਨਾਂ ਨੂੰ ਅਪਨਾ ਸਿਧਾਂਤ ਦੱਸਨ ਲਈ ਕਹਿਆ ਗਿਆ, ਜਿਸ ਤੇ ਓਹਨਾਂ ਵਿਚੋਂ ਇਕ ਨੇ ਇਸ ਤਰਾਂ ਵਿਥਜਾ ਸੁਣਾਈ:- "ਮੈਂ ਬ੍ਰਾਹਮਣ ਹਾਂ, ਜਲਾਲਾਬਾਦ ਲੁਹਾਰੀ ਮੇਰਾ ਵਤਨ ਹੈ, ਮੇਰੀ ਇਕ ਕੰਨਿਆਂ ਯੁਬਾ ਅਤੇ ਸੁੰਦਰ ਹੈ ਅਜੇ ਦੋ ਮਹੀਨੇ ਹੀ ਉਸ ਦਾ ਵਿਆਹ ਕੀਤਿਆਂ ਹੋਏ ਸਨ ਕਿ ਜਲਾਲਾਬਾਦ ਦੇ ਹਾਕਮ ਦੀ ਨਿਗਾਹ ਉਸ ਤੇ ਪੈ ਗਈ, ਧਿੰਗੋ ਜ਼ੋਰੀ ਲੜਕੀ ਨੂੰ ਪਕੜਵਾ ਮੰਗਾਇਆ । ਬੀਬੀ ਦੇ ਰੋਣ ਪਿਟਨ ਅਤੇ ਮੇਰੀ 'ਪੁਕਾਰ ਦੀ ਕੋਈ ਪ੍ਰਵਾਹ ਨਾ

ਕੀਤੀ ਗਈ, ਪਿੰਡ ਦੇ ਹਿੰਦੂਆਂ ਨੇ ਇਕੱਠੇ ਹੋਕੇ ਬੇਨਤੀ ਕੀਤੀ ਪਰ ਓਹ ਭੀ ਕੰਨਾਂ ਦੇ ਉਤੋਂ ਹੀ ਲੰਘ ਗਈ, ਇਸ ਦੁਖ ਤੋਂ ਦੁਖੀ ਹੋ ਮੈਂ ਘਰੋਂ ਨਿਕਲਿਆਂ, ਇਕ ੨ ਕਰਕੇ ਦੂਰ ਨੇੜੇ ਦੇ ਸਾਰੇ ਹਿੰਦੂ ਰਾਜੇ ਤੇ ਮਹਾਰਾਜਿਆਂ ਦੇ ਬੂਹੇ ਖੜਕਾਏ, ਪਰ ਕਿਸੇ ਨੂੰ ਭੀ ਮੇਰੇ ਹਾਲ ਤੇ ਤਰਸ ਨਾ ਆਇਆ। ਰਾਜਪੂਤਾਂ ਅੱਗੇ ਰੋਇਆ, ਹਿੰਦੂ ਕੋਮ ਤੇ ਧਰਮ ਦੇ ਨਾਸ ਹੋਣ ਦਾ ਖਿਆਲ ਪ੍ਰਗਟ ਕਰਕੇ ਓਹਨਾਂ ਦੀ ਅਣਖ ਤੇ ਗ਼ੈਰਤ ਨੂੰ ਜਗਾਇਆ, ਪਤਾ ਨਹੀਂ ਏਹਨਾਂ ਦੀਆਂ ਰਗਾਂ ਵਿਚ ਲਹੂ ਦੀ ਥਾਂ ਕਿਓਂ ਪਾਣੀ ਪੈਗਿਆ ਹੈ?, ਅਣਖ ਨੂੰ ਕੀ ਹੋਗਿਆ ਹੈ? ਕਿ ਓਹ ਜਰਾ ਜਿਨੇ ਭੀ ਜੋਸ਼ ਵਿਚ ਨਹੀਂ ਆਏ ਤੇ ਓਹ ਟਸ ਤੋਂ ਮਸ ਨਹੀਂ ਹੋਏ। ਮਰਹਟੇ ਆਪਣੇ ਸ੍ਵਾਰਥ ਤੇ ਈਰਖਾ ਦ੍ਵੈਖ ਨਾਲ ਆਪੋ ਵਿਚ ਲੜ ਭਿੜ ਮਰ ਮਿਟੇ ਹਨ, ਅਜੇਹੀ ਹਾਲਤ ਵਿਚ ਓਹ ਮੇਰੀ ਪੀੜਾ ਨੂੰ ਜਾਂਣਦੇ ਤਾਂ ਕਿਸ ਤਰਾਂ ?

ਛਤੱਰੀ, ਹਾਂ! ਅਗਨੀ ਕੁਲ ਛਤੱਰੀਆਂ ਦੇ ਨਾਮ ਲੇਵਾ ਅਤੇ ਪਾਣੀ ਦੇਵਾ ਹੋਣ ਪੁਰ ਮਾਨ ਕਰਨ ਵਾਲਿਆਂ ਦੇ ਬੂਹੇ ਤੇ ਕਈ ਦਿਨ ਤੇ ਰਾਤਾਂ ਟਕਰਾਂ ਮਾਰੀਆਂ ਪਰ ਓਥੇ ਭੀ ਮੇਰੀ ਫਰਿਆਦ ਨਾ ਸੁਣੀ ਗਈ, ਇਸ ਤਰਾਂ ਪੂਰਬ ਤੋਂ ਪਛਮ ਤੇ ਦੂਰ ਨੇੜੇ ਦੇ ਸਾਰੇ ਹਿੰਦੂਆਂ ਅਗੇ ਬੇਨਤੀ ਕੀਤੀ, ਸਾਰਾ ਜਹਾਨ ਮੇਰੀ ਨਿਰਅਪ੍ਰਾਧਤਾ ਤੇ ਜਲਾਲਾਬਾਦ ਦੇ ਹਾਕਮ ਦੇ ਅਤਯਾ-ਚਾਰੀ ਹੋਣ ਦੀ ਉਗਾਹੀ ਦੇਂਦਾ ਹੈ, ਪਰ ਫਿਰ ਭੀ ਹਿੰਦੂ ਹਕੂਮਤਾਂ ਹਨ ਕਿ ਮੁਸਲਮਾਨਾ ਦੇ ਡਰ,ਇਸਲਾਮ ਦੇ ਆਗੂਆਂ ਦੇ ਹਿੰਦੂਆਂ ਨੂੰ ਦੁਖ ਦੇਣ ਦੇ ਖਿਆਲੋਂ ਨੂੰ ਹਰ ਪਾਸਿਓਂ ਉਠਦੇ ਦੇਖ ਕੇ ਚੁਪ ਹਨ, ਅਜ ਇਸ ਹਿੰਦੁਸਤਾਨ ਦੀ ਪਵਿਤਰ ਜ਼ਮੀਨ,

ਇਸ ਤਪੋ ਭੂਮੀਂ ਤੇ ਇਸ ਰਿਸ਼ੀਆਂ ਦੇ ਨਿਵਾਸ ਅਸਥਾਨ ਵਿਚ ਦੁਖੀਆਂ ਨੂੰ ਸਹਾਰਾ ਦੇਣ ਵਾਲਿਆਂ ਦਾ ਨਾਮ ਤੇ ਨਸ਼ਾਨ ਬਾਕੀ ਨਹੀਂ ਰਹਿਆ, ਇਸ 'ਭਾਰਤ ਖੰਡ' ਵਿੱਚ ਸੱਚ ਲਈ ਕੋਈ ਨਹੀਂ ਬੋਲਦਾ ਤੇ ਸਚਾਈ ਲਈ ਕੋਈ ਮੂੰਹ ਨਹੀਂ ਖੋਲਦਾ, ਹਿੰਦੂ, ਬਦ ਕਿਸਮਤ ਹਿੰਦੂ ਤੇ ਹਥ ਪੈਰ ਟੁਟੇ ਹਿੰਦੂ ਸਚ ਝੂਠ ਦੀ ਖਿਚ ਨੂੰ ਦੇਖਰਹੇ ਹਨ, ਪਰ ਸੱਯਦ ਦਾ ਨਾਮ ਸੁਣਦਿਆਂ ਹੀ ਸਾਰਿਆਂ ਦੇ ਹਵਾਸ ਗੁੰਮ ਹੋ ਜਾਂਦੇ ਹਨ, ਮੇਰੀ ਮਦਦ ਕਰੇ ਤਾਂ ਕੌਣ? ਹੁਣਸਾਰੀਆਂ ਢੇਰੀਆਂ ਢਾਹਕੇ ਤੇ ਸਬ ਥਾਵਾਂ ਤੋਂ ਨਰਾਸ ਹੋਕੇ ਆਪ ਦੀ ਸੇਵਾ ਵਿਚ ਹਾਜ਼ਰ ਹੋਇਆ ਹਾਂ, ਗੁਰੂ ਦੇ ਵਾਸਤੇ ਮੇਰੀ ਮਦਦ ਕਰੋ ਤੇ ਮੇਰੀ ਧੀ ਨੂੰ ਇਸ ਕਸਾਈ ਦੇ ਫੌਲਾਦੀ ਪੰਜੇ ਤੋਂ ਛੁੜਾਓ, ਹੁਣ ਮੈਂ ਹੋਰ ਕਿਦਰੇ ਜਾਨ ਜੋਗਾ ਨਹੀਂ ਰਿਹਾ, ਜੇ ਤੁਸਾਂ ਮੇਰੀ ਮਦਦ ਕੀਤੀ ਤਾਂ ਸੁਖ ਨਹੀਂ ਤਾਂ ਏਥੇ ਤੁਹਾਡੇ ਦੇਖਦਿਆਂ ਦੇਖਦਿਆਂ ਕੁਛ ਖਾ ਕੇ ਮਰ ਜਾਵਾਂਗਾ।"

ਬ੍ਰਾਹਮਨ ਦੀ ਦਰਦ ਭਰੀ ਕਥਾ ਸੁਣਦਿਆਂ ਹੀ ਕੁਛ ਚਿਰ ਸ੍ਰੋਤਿਆਂ ਵਿਚ ਚੁਪ ਚਾਂ ਰਹੀ, ਬ੍ਰਾਹਮਨ ਨੇ ਫਿਰ ਬੋਲਿਆ ਤੇ ਹਿੰਦੂਆਂ ਦੀ ਗਿਰਾਵਟ, ਬੇਅਣਖੀ ਅਤੇ ਕਮਜੋਰੀ, ਮੁਸਲਮਾਨਾਂ ਦੇ ਜੁਲਮ ਤੇ ਸੀਨਾ ਜੋਰੀ ਦਾ ਨਕਸ਼ਾ ਕੁਛ ਇਸ ਤਰਾਂ ਨਾਲ ਖਿਚਿਆ ਕਿ ਮੁਹਮਦ ਹੁਸੈਨ ਦੇ ਇਸ ਧਰਮ ਵਿਰੁਧ, ਕਾਨੂੰਨ ਵਿਰੁਧ ਤੇ ਤਹਜ਼ੀਬ ਵਿਰੁਧ ਕੰਮ ਤੋਂ ਗੁਸੇ ਦੀਆਂ ਲੈਹਰਾ ਸ੍ਰੋਤਿਆਂ ਦਿਆਂ ਦਿਲਾਂ ਵਿਚ ਉਠਨ ਲਗੀਆਂ।

ਖਾਲਸਾ ਜੀ ਦੇ ਚੇਹਰੇ ਗੁਸੇ ਨਾਲ ਲਾਲ ਹੋਗਏ, ਭਵਾਂ

ਤਣ ਗਈਆਂ ਤੇ ਅਖਾਂ ਕੈਹਰੀਆਂ ਹੋ ਪਈਆਂ, ਰਗਾਂ ਵਿਚ ਖ਼ੂਨ ਜੋਸ਼ ਮਾਰਨ ਲਗਾ, ਡੌਹਲੇ ਫਰਕਨ ਲਗੇ ਤੇ ਹਥ ਤਲਵਾਰਾਂ ਤਕ ਜਾ ਪੁਜੇ।

ਇਕ ਹਿੰਦੂ ਨੇ ਖੜੇ ਹੋਕੇ ਕਿਹਾ ਕਿ:- ਖ਼ਾਲਸਾ ਜੀ! ਆਪ ਦੀ ਬਹਾਦਰੀ ਮੰਨੀ ਪ੍ਰਮੰਨੀ ਤੇ ਤਾਕਤ ਬੇਮਿਸਾਲ ਹੈ, ਅਜਹੀ ਹਾਲਤ ਵਿਚ ਆਪ ਦੀ ਜਿੱਤ ਅਤੇ ਕਾਮਯਾਬੀ ਵਿਚ ਸ਼ਕ ਕਰਨਾ ਅਪਨੀ ਮੂਰਖਤਾ ਦਾ ਸਬੂਤ ਦੇਣਾ ਹੈ, ਪਰ ਆਪਨੂੰ ਏਹ ਭੀ ਮਲੂਮ ਹੋ ਜਾਣਾ ਚਾਹੀਦਾ ਹੈ ਕਿ:—

(੧) ਇਕ ਮੁਸਲਮਾਨ ਨਵਾਬ ਦੇ ਵਿਰੁਧ ਆਪਨੂੰ ਹਥਿਆਰ ਚੁਕਦਿਆਂ ਵੇਖਕੇ ਮੁਸਲਮਾਨ ਇਸ ਲੜਾਈ ਨੂੰ ਕੌਮੀ ਜੰਗ ਸਮਝਣਗੇ, ਜਲਾਲਾ ਬਾਦ ਲੁਹਾਰੀ ਦੇ ਰਸਤੇ ਦੇ ਮੁਸਲਮਾਨ ਹੀ ਆਪਦੇ ਲਈ ਸੱਦ ਸਕੰਦਰੀ ਬਣ ਜਾਣਗੇ ਤੇ ਇਕ ੨ ਇੰਚ ਥਾਂ ਤੋਂ ਲੰਘਣ ਲਈ ਆਪਨੂੰ ਭਿਆਨਕ ਲੜਾਈ ਲੜਨੀ ਪਵੇਗੀ। ਜੇ ਰਸਤੇ ਵਿਚ ਦੇ ਸਾਰੇ ਹਾਕਮ ਤੇ ਨਵਾਬਾਂ ਨੂੰ ਜਿੱਤਕੇ ਤੁਸੀਂ ਜਲਾਲਾ ਬਾਦ ਜਾ ਪੁਜੇ ਤਾਂ ਉਸ ਸਮੇਂ ਆਪਦੀ ਫੌਜ ਥੱਕੀ ਟੁੱਟੀ ਹੋਵੇਗੀ ਤੇ ਉਹਨਾਂ ਦੀ ਤਾਜ਼ਾ ਦਮ।

(੨) ਜਲਾਲਾ ਬਾਦ ਦਾ ਹਾਕਮ ਅਪਨੇ ਅਲਾਕੇ ਵਿਚ ਲੜਾਈ ਕਰੇਗਾ ਤੇ ਤੁਸੀ ਦੂਜੇ ਅਲਾਕੇ ਵਿਚ ਜਾਕੇ।

(੩) ਜਲਾਲਾ ਬਾਦ ਦੇ ਆਸ ਪਾਸ ਬੇਅੰਤ ਮੁਸਲ-ਮਾਨ ਨਵਾਬ ਹਾਕਮ ਹਨ ਜੋ ਸਾਰੇ ਇਕੱਠੇ ਹੋਕੇ ਤੁਹਾਡੇ ਟਾਕਰੇ ਲਈ ਛਾਤੀਆਂ ਡਾਹ ਖੜੇਂਨਗੇ।

(੪) ਜਲਾਲਾਬਾਦ ਤੋਂ ਦਿੱਲੀ ਨੇੜੇ ਹੈ, ਓਥੋਂ ਦਾ

ਮੁਸਲਮਾਨ ਬਾਦਸ਼ਾਹ ਜੋ ਅਗੇ ਹੀ ਆਪ ਵਲੋਂ ਸੜਿਆ ਭੁਨਿਆ ਬੈਠਾ ਹੈ, ਇਸ ਸਮੇਂ ਨੂੰ ਅਮੋਲਕ ਜਾਣਕੇ ਸੱਯਦ ਦੀ ਮਦਦ ਲਈ ਲਾਓ ਲਸ਼ਕਰ ਲੈਕੇ ਮੈਦਾਨ ਵਿਚ ਆ ਜਾਏਗਾ, ਅਜਹੀ ਹਾਲਤ ਵਿਚ ਬ੍ਰਾਹਮਨ ਦੀ ਲੜਕੀ ਦਾ ਛੁਡਾਣਾ ਤਾਂ ਕਿਦਰੇ ਰਿਹਾ, ਤੁਹਾਨੂੰ ਆਪਨੀ ਜਾਨ ਛੁਡਾਓਣੀ ਕਠਨ ਹੋ ਜਾਏਗੀ। ਹੋਰ ਵੀ ਕਈ ਇਸਤਰਾਂ ਦੀਆਂ ਗਲਾਂਹਨ ਜਿਨਾਂ ਵਲ ਤਕਕੇ ਕੋਈ ਹਿੰਦੂ ਰਾਜਾ ਸਾਹਮਣੇ ਨਹੀਂ ਆਇਆ, ਤੇ ਨਾ ਹੀ ਮਰਹਟਿਆਂ, ਰਾਜਪੂਤਾਂ ਤੇ ਅਗਨੀ ਕੁਲ ਛੱਤ੍ਰੀਆਂ ਨੇ ਟਾਕਰੇ ਲਈ ਆਉਣ ਵਾਸਤੇ ਦਿਲ ਕਢਿਆ ਹੈ, ਆਪਨੇ ਭੀ ਕੋਈ ਫੈਸਲਾ ਕਰਨ ਤੋਂ ਪਹਿਲਾਂ ਇਨਾਂ ਗਲਾਂ ਨੂੰ ਸੋਚ ਲੈਣਾ।'

ਬ੍ਰਾਹਮਣ ਦੇ ਮਗਰੋਂ ਇਕ ਹਿੰਦੂ ਦੇ ਇਸਤਰਾਂ ਦੇ ਖਿਆਲ ਦੇਖਕੇ ਸ਼ਹੀਦਾਂ ਦੀ ਮਿਸਲ ਵਿਚੋਂ ਇਕ ਸਿੰਘ ਖੜਾ ਹੋਇਆ ਤੇ ਓਹਨੇ ਆਖਿਆਃ—

ਖਾਲਸਾ ਜੀ ! ਜਲਾਲਾ ਬਾਦ ਵਲ ਮੂੰਹ ਕਰਨ ਤੋਂ ਪਹਿਲੇ ਜੇਹੜੀਆਂ ਗਲਾਂ ਤੇ ਵਿਚਾਰ ਕਰਨ ਦੀ ਸਲਾਹ ਦਿਤੀ ਗਈ ਹੈ ਮੈਂ ਉਹਨਾਂ ਸਾਰੀਆਂ ਤੇ ਚੰਗੀ ਤਰਾਂ ਵਿਚਾਰ ਕੀਤੀ ਹੈ, ਜੋ ਜੋ ਕਠਨਤਾਈਆਂ ਆਉਣੀਆਂ ਦਸੀਆਂ ਗਈਆਂ ਹਨ, ਓਹ ਸਭ ਠੀਕ ਹਨ, ਓਹਨਾਂ ਦੇ ਦਸਣ ਵਿਚ ਕੋਈ ਵਧਾ ਨਹੀਂ ਕੀਤੀ ਗਈ, ਅਸਲ ਹਾਲ ਨੂੰ ਹੀ ਬਿਨਾ ਕਿਸੇ ਵਾਧੇ ਘਾਟੇ ਦੇ ਆਪਦੇ ਅਗੇ ਪੇਸ਼ ਕੀਤਾ ਗਿਆ ਹੈ, ਪਰ ਇਹਨਾਂ ਸਾਰੀਆਂ ਔਕੜਾਂ ਨੂੰ ਦੇਖਦਿਆਂ ਭੀ ਏਹ ਗਲ ਨਹੀਂ ਭੁਲਣੀ ਚਾਹੀਦੀ ਕਿ ਕੀ ਕਿਸੇ ਆਦਮੀ ਨੂੰ ਅਪਨੇ ਬਾਹੂਬਲ

ਜਾਂ ਦੁਨਿਆਵੀ ਤੇਜ ਪ੍ਰਤਾਪ ਦੇ ਹੰਕਾਰ ਵਿਚ ਇਸ ਗਲ ਦੀ ਆਗਿਆ ਦਿਤੀ ਜਾ ਸਕਦੀ ਕਿ ਓਹ ਜਿਸਤਰਾਂ ਚਾਹੇ ਲੋਕਾਂ ਨੂੰ ਬੇ ਅਰਾਮ ਕਰੇ? ਓਹਨਾਂ ਤੇ ਜ਼ੁਲਮ ਦੇ ਪਹਾੜ ਢਾਏ? ਅਪਨੀਆਂ ਗੰਦੀਆਂ ਵਾਸ਼ਨਾਂ ਤੇ ਸ਼ੈਤਾਨੀ ਇਛਾਂ ਪੂਰੀਆਂ ਕਰਨ ਲਈ ਦੂਜਿਆਂ ਦੀਆਂ ਧੀਆਂ ਭੈਣਾਂ ਦੀ ਬੇਪਤੀ ਕਰੇ ਤੇ ਲੋਕਾਂ ਦੇ ਮਜ਼ਬੀ ਕੰਮਾਂ ਵਿਚ ਐਵੇਂ ਦਖ਼ਲ ਦੇਵੇ? ਕੀਹ ਇਹ ਗਲਾਂ ਅਪਨੀਆਂ ਅਖਾਂ ਦੇ ਸਾਹਮਣੇ ਹੁੰਦੀਆਂ ਦੇਖਕੇ ਚੁਪ ਕਰਕੇ ਬੈਠੇ ਰੈਹਣਾਂ ਮਰਦਾਂ ਦਾ ਕੰਮ ਹੈ? ਕੀ ਕਿਸੇ ਨੂੰ ਭੀ ਮੂੰਹ ਤੇ ਸਚ ਨੂੰ ਸਚ ਤੇ ਜ਼ੁਲਮ ਨੂੰ ਜ਼ੁਲਮ ਨਹੀਂ ਕੈਹਣਾ ਚਾਹੀਦਾ ਹੈ ?

ਖਾਲਸਾ ਜੀ ! ਏਹ ਠੀਕ ਹੈ ਕਿ ਜਲਾਲਾ ਬਾਦ ਪਹੁੰਚਨ ਤੋਂ ਪੈਹਲੇ ਕਈ ਥਾਂਤੇ ਭਿਆਨਕ ਜੰਗ ਕਰਨੇ ਪੈਣਗੇ ਤੇ ਸੈਂਕੜੇ ਕਠਨਤਾਈਆਂ ਤੇ ਤਕਲੀਫਾਂ ਵਿਚ ਦੀ ਲੰਘਣਾ ਹੋਵੇਗਾ, ਪਰ ਕੀ ਤਕਲੀਫਾਂ ਤੇ ਮੁਸ਼ਕਲਾਂ ਤੋਂ ਡਰਕੇ ਆਦਮੀ ਨੂੰ ਅਪਣੇ ਪਵਿਤ੍ਰ ਇਰਾਦੇ ਤੇ ਨੇਕ ਇਛਾਂ ਛਡ ਦੇਣੀਆਂ ਚਾਹੀਦੀਆਂ ਹਨ ।

ਏਹ ਠੀਕ ਹੈ ਕਿ ਸੱਯਦ ਮੁਹਮਦ ਹੁਸੈਨ ਤੇ ਉਸਦੇ ਨਾਲ ਖਾਣ ਪੀਣ ਵਾਲੇ ਜਲਾਲ ਦੀਨ ਆਦਕ ਅਪਨੇ ਇਲਾਕੇ ਵਿਚ ਹੋਣਗੇ ਤੇ ਅਸੀਂ ਪਰਦੇਸ ਵਿਚ, ਪਰ ਸਚ ਜਾਣੋ ਕਿ ਜ਼ਾਲਮ ਅਤੇ ਅਤਯਾਚਾਰ ਦਾ ਕੋਈ ਇਲਾਕਾ ਨਹੀਂ ਹੁੰਦਾ, ਓਹ ਆਪਨੀ ਕਰਨੀ ਨਾਲ ਅਪਨਿਆਂ ਨੂੰ ਪਰਾਇਆ ਬਣਾ ਲੈਂਦਾ ਹੈ ਉਸਦੇ ਖ਼ੋਟੇ ਕੰਮਾਂ ਨਾਲ ਉਸਦੇ ਮਿਤਰ ਭੀ ਉਸਤੋਂ ਘ੍ਰਿਣਾ ਕਰਨ ਲਗ ਜਾਂਦੇ ਹਨ ਤੇ ਉਸਦੇ

ਘ੍ਰਿਣਤ ਖਿਆਲ ਤੇ ਬੁਰੇ ਕੰਮ ਲੋਕਾਂ ਦੇ ਦਿਲਾਂ ਤੋਂ ਅਪਨੀ ਹਮਦਰਦੀ ਦਾ ਨਾਸ ਕਰ ਦੇਂਦੇ ਹਨ, ਏਹੋ ਕਾਰਨ ਹੈ ਕਿ ਜ਼ਾਲਮ ਅਤੇ ਗੁਨਾਹਗਾਰ ਦਾ ਜਹਾਨ ਵਿਚ ਕੋਈ ਭੀ ਯਾਰ ਤੇ ਮਦਦਗਾਰ ਨਹੀਂ ਹੁੰਦਾ।

ਜਲਾਲਾ ਬਾਦ ਦਾ ਹਾਕਮ ਅਪਨੇ ਜ਼ੁਲਮਾਂ ਲਈ ਮਸ਼ਹੂਰ ਹੈ, ਉਸਨੇ ਅਪਨੇ ਤਸਬ ਭਰੇ ਜੀਵਨ, ਅਤੇ ਸੁਦਾ-ਪੁਣੇ ਦੇ ਕੰਮ ਤੋਂ ਪਰਜਾ ਨੂੰ ਨਾਰਾਜ਼ ਕਰ ਛਡਿਆ ਹੈ, ਉਸਨੇ ਉਹ ਨਾ ਹੋਣ ਵਾਲੇ ਤੇ ਨਾ ਕਰਨ ਵਾਲੇ ਕੰਮ ਕੀਤੇ ਹਨ ਕਿ ਓਹਨਾਂ ਤੋਂ ਸ਼ੈਤਾਨ ਦਾ ਅਪਨਾ ਮਥਾ ਤੇਲੀ ਤੇਲੀ ਹੋਰਿਹਾ ਹੈ, ਜਹਾਨ ਵਿਚ ਕੋਈ ਗੁਨਾਹ ਤੇ ਕੋਈ ਜ਼ੁਲਮ ਅਜਿਹਾ ਨਹੀਂ ਜੋ ਇਸਨੇ ਨਾ ਕੀਤਾ ਹੋਵੇ, ਬੇਅਕਲੀ ਤੇ ਅਵੈੜਾ ਪਨ ਦੀ ਕੋਈ ਅਜਹੀ ਗਲ ਨਹੀਂ ਜੋ ਇਸਨੇ ਨਾ ਵਰਤੀ ਹੋਵੇ, ਅਜਹੀ ਹਾਲਤ ਵਿਚ ਏਹ ਆਸ ਨਹੀਂ ਕਿ ਕੋਈ ਰਬ ਦਾ ਭੈ ਰੱਖਣਵਾਲਾ ਬੰਦਾ, ਈਮਾਨਦਾਰ ਹਾਕਮ ਜਾਂ ਪਰਜਾ ਦਾ ਇਕ ਆਦਮੀ ਭੀ ਇਸ ਦਾ ਸਾਥੀ ਬਣੇ, ਪਰ ਜੇ ਓਹ ਲੋਕਾਂ ਨੂੰ ਅਪਨੀ ਹਮੈਤ ਵਿਚ ਕਠੇ ਕਰਨ ਵਿਚ ਸਫਲਤਾ ਪਾ ਲਵੇ ਤਾਂ ਭੀ ਪ੍ਰਸ਼ਨ ਇਹ ਹੈ ਕਿ ਜੇ ਕੋਈ ਜ਼ਾਲਮ, ਹੱਕ ਮਾਰੂ ਤੇ ਅਤਯਾਚਾਰੀ ਹਾਕਮ ਅਪਨੇ ਗਿਰਦੇ ਬੇਅੰਤ ਫੌਜਾਂ ਕਠੀਆਂ ਕਰ ਲਵੇ, ਇਸ ਪਸ਼ੂ ਪੁਣੇ ਨਾਲ ਪਰਜਾ ਦੇ ਹੱਕ ਖੋਹ ਲਵੇ ਤੇ ਉਸਦੇ ਹਥੋਂ ਕਿਸੇ ਦੀ ਇਜ਼ਤ ਤੇ ਪਤ ਨਾ ਬਚੀ ਹੋਵੇ ਤਾਂ ਕੀ ਉਸ ਵੇਲੇ ਚੁਪ ਕਰਕੇ ਬੇਪਤੀ ਅਤੇ ਬੇਸ਼ਰਮੀ ਨਾਲ ਆਯੂ ਦੇ ਦਿਨ ਕਟ ਲਏ ਜਾਨ? ਜਾ ਹੱਕ ਤੇ ਸਚਾਈ ਦੇ ਬਦਲੇ ਖੜੋਕੇ ਲੜਦਿਆਂ ਲੜ-ਦਿਆਂ ਲੋੜ ਵੇਲੇ ਜਾਨ ਤਕ ਕੁਰਬਾਨ ਕਰ ਦੇਣੀ ਚਾਹੀਦੀ ਹੈ?

ਮੇਰੇ ਖਿਆਲ ਵਿਚ ਬੇਪਤੀ ਅਤੇ ਬੇਇਜ਼ਤੀ ਦਾ ਜੀਵਣ ਲਾਨਤ ਦਾ ਜੀਵਨ ਹੈ, ਤੇ ਲਾਨਤ ਦੇ ਜੀਵਣ ਕੋਲੋਂ ਇਜ਼ਤ ਨਾਲ ਮਰ ਜਾਣਾ ਚੰਗਾ ਹੈ, ਹੌਲੀ ੨ ਧੁਖ ਧੁਖਕੇ ਧੂਆਂ ਕਢਦਿਆ ਮਰਨ ਨਾਲੋਂ ਇਕ ਵੇਰ ਚਮਕ ਵਿਖਾਕੇ ਮਰਨਾ ਹਜ਼ਾਰ ਦਰਜੇ ਚੰਗਾ ਹੈ।

ਸ੍ਰ: ਜੱਸਾ ਸਿੰਘ ਆਹਲੂਵਾਲੀਆ ਖ਼ਾਲਸਾ ਜੀ! ਜੋ ਕੁਛ ਸ਼ਹੀਦਾਂ ਦੀ ਮਿਸਲ ਦੇ ਇਕ ਪਤਵੰਤੇ ਮੈਂਬਰ ਨੇ ਕਹਿਆ ਹੈ ਮੈਂ ਉਸਦਾ ਪੂਰੀ ਤਰਾਂ ਹਾਂਮੀ ਹਾਂ, ਖਾਲਸਾ ਜੀ ਦੁਨੀਆਂ ਵਿਚ ਭੁਖਿਆਂ ਲਈ ਰੋਟੀ, ਤਿਹਾਇਆਂ ਲਈ ਪਾਣੀ, ਫਟੜਾਂ ਲਈ ਮਲ੍ਹਮ, ਦੁਖੀਆਂ ਦਾ ਵਾਹਰੂ, ਗਰੀਬਾਂ ਦਾ ਰਖਸ਼ਕ, ਕਮਜ਼ੋਰਾਂ ਦਾ ਯਾਰ ਤੇ ਹਕ ਅਤੇ ਸਚਾਈ ਦਾ ਮਦਦਗਾਰ ਹੈ ਤੇ ਜ਼ੁਲਮ ਤੇ ਧਕੇ ਨੂੰ ਮਿਟਾਣਾ ਇਸਦਾ ਫਰਜ਼ ਹੈ, ਅਜਹੀ ਹਾਲਤ ਵਿਚ ਜਦ ਕਿ ਅਖਾਂ ਦੇ ਸਾਹਮਣੇ ਅਨਿਆਇ ਹੁੰਦਾ ਹੋਵੇ, ਉਸ ਵੇਲੇ ਕਿਸੇ ਅਣਖ ਵਾਲੇ ਲਈ ਚੁਪ ਬੈਹਣਾ ਕਠਨ ਹੋ ਜਾਂਦਾ ਹੈ, ਰਾਜਾ ਰਈਅਤ ਦਾ ਚੌਕੀਦਾਰ ਹੈ, ਜਦ ਪੁਲਸ ਹੀ ਲੁਟਨ ਲਗ ਜਾਏ, ਵਾਗੀ ਹੀ ਭੇਡਾਂ ਵਢਨ ਲਗ ਪਵੇ ਤਾਂ ਓਹਨਾਂ ਦਾ ਰਾਖਾ ਕੋਣ ਹੋਵੇਗਾ ? ਜਦ ਰਾਜਾ ਰਬ ਦੀ ਖ਼ਲਕਤ ਨੂੰ ਨਾਸ ਅਤੇ ਵੈਰਾਨ ਕਰਨ ਤੇ ਲਕ ਬਨ੍ਹ ਲਵੇ ਤਾਂ ਇਕ ਰਬ ਦੇ ਪੂਜਕ ਲਈ ਮਿਠੀ ਨੀਂਦਰੇ ਸੌਣਾ ਤੇ ਅਰਾਮ ਹਰਾਮ ਹੁੰਦਾ ਹੈ ਤੇ ਜਦ ਕੋਈ ਹਾਕਮ ਸਚਾਈ ਨੂੰ ਮਲੀਆ ਮੇਟ ਕਰਨੰ ਦੇ ਪਿਛੇ ਪੈ ਜਾਵੇ ਤਾਂ

ਇਕ ਮਨੁਖ ਲਈ ਅਪਨੇ ਕੁਦਰਤੀ ਹਕਾਂ ਦੀ ਰਾਖੀ ਵਾਸਤੇ ਮਰ ਮਿਟਣਾ ਹੀ ਧਰਮ ਸਗੋਂ ਪਰਮ ਧਰਮ ਹੋ ਜਾਂਦਾ ਹੈ, ਜਲਾਲਾ ਬਾਦ ਦੇ ਹਾਕਮ ਦਾ ਇਹ ਕੰਮ ਕਿਸੇ ਹਾਲਤ ਵਿਚ ਵੀ ਭੁਲਣ ਯੋਗ ਨਹੀਂ ਹੈ, ਖਾਲਸਾ ਜੀ ਨੂੰ ਅਪਨੇ ਸ਼ਰਨ ਪਾਲ ਹੋਣ ਦੀ ਆਦਤ ਦਾ ਸਬੂਤ ਦੇਣਾ ਚਾਹੀਏ। ਮੈਨੂੰ ਭਰੋਸਾ ਹੈ ਕਿ ਜਿਸ ਸਮੇਂ ਅਕਾਲੀ ਫੌਜ ਇਕ ਦੁਖੀਏ ਦੀ ਹਮੈਤ ਵਿਚ ਤਲਵਾਰ ਹੱਥ ਵਿਚ ਲੈਕੇ ਨਿਕਲੇਗੀ ਉਸ ਸਮੇਂ ਆਪ ਗੁਰੂ ਗੋਬਿੰਦ ਸਿੰਘ ਸਾਹਿਬ ਆਪਦੀ ਅਗਵਾਈ ਤੇ ਰਾਖੀ ਕਰਨਗੇ, ਸ਼ਹੀਦੀ ਫੌਜਾਂ ਆਪਦੇ ਨਾਲ ਹੋਣਗੀਆਂ ਤੇ ਆਪ ਹਰਤਰਾਂ ਜਿੱਤਕੇ ਤੇ ਕਾਮਯਾਬ ਹੋਕੇ ਮੁੜੋਗੇ।

—:o:—

ਜੰਗੀ ਹੋਕਾ

ਸਿਖ ਸਰਦਾਰਾਂ, ਜਗੀਰ ਦਾਰਾਂ ਤੇ ਮਿਸਲਾਂ ਦੇ ਜਥੇਦਾਰਾਂ ਦੇ ਨਾਂ ਚਿਠੀਆਂ ਲਿਖੀਆਂ ਗਈਆਂ, ਜਿਨਾਂ ਵਿਚ ਖ਼ੋਹਲਕੇ ਦਸਿਆ ਗਿਆ ਸੀ ਕਿ:—

ਜਲਾਲਾ ਬਾਦ ਲੁਹਾਰੀ ਦੇ ਦੁਖੀ ਤੇ ਅਨਾਥਾਂ ਨੇ ਅਕਾਲ ਤਖ਼ਤ ਦੇ ਸਾਹਮਣੇ ਹਾਜ਼ਰ ਹੋਕੇ ਉਥੇ ਦੇ ਹੰਕਾਰੀ ਨਵਾਬ ਦੀ ਅਨੀਤੀ, ਵਧੀਕੀ, ਜ਼ੋਰ, ਜ਼ੁਲਮ, ਧਕੇ ਤੇ ਦੁਰਾ-ਚਾਰ ਦੇ ਸਮਾਚਾਰ ਸੁਣਾਏ ਹਨ ਜੋ ਓਹ ਅਪਨੇ ਅਲਾਕੇ ਦੀ

ਗ਼ਰੀਬ ਅਤੇ ਨਮਾਣੀ ਪ੍ਰਜਾ ਨਾਲ ਕਰ ਰਹਿਆ ਹੈ, ਓਹਨਾਂ ਦੀ ਵਿਥਯਾ ਐਨੀ ਹੋਸ਼ ਭੁਲਾਣ ਵਾਲੀ ਹੈ ਕਿ ਸੁਣਦਿਆਂ ਹੀ ਲੂੰ ਕੰਡੇ ਹੋ ਜਾਂਦੇਹਨ, ਜਦ ਇਹਨਾਂ ਵਿਚੋਂ ਇਕ ਆਦਮੀ ਨੇ ਆਪਣੀ ਸਿਰ ਬੀਤੀ ਸੁਣਾਈ ਤਾਂ ਉਸਦੀ ਦਰਦ ਭਰੀ ਰੋਮਾਂਚ ਕਾਰੀ ਵਿਥਯਾ ਨਾਲ ਸ੍ਰੋਤਿਆਂ ਦੇ ਸ਼ਾਂਤ ਅਤੇ ਠੰਡੇ ਦਿਲਾਂ ਵਿਚ ਗੁਸੇ ਦੇ ਹੜ ਦੀਆਂ ਲੈਹਰਾਂ ਜੋਸ਼ ਮਾਰਨ ਲਗ ਪਈਆਂ। ਸਾਨੂੰ ਭਰੋਸਾ ਹੋਗਿਆ ਹੈ ਕਿ ਜਲਾਲਾ ਬਾਦ ਦੇ ਹਾਕਮ ਤੇ ਉਸਦੇ ਅਮੀਰਾਂ ਦੇ ਕੰਮ ਅਯੋਗ, ਘ੍ਰਿਣਤ, ਸਭਯਤਾ ਤੇ ਧਰਮ ਵਿਰੁਧ ਹਨ ਅਤੇ ਚਾਲਾਂ ਕਾਨੂਨ ਉਲਟ, ਉਸਦੇ ਜ਼ੁਲਮ ਦਾ ਏਹ ਹਾਲ ਹੈ ਕਿ ਉਸਦੇ ਹਥੋਂ ਕਿਸੇ ਦੀ ਜਾਨ ਮਾਲ ਤੇ ਇੱਜ਼ਤ ਖ਼ਤਰੇ ਤੋਂ ਬਾਹਰ ਨਹੀਂ ਤੇ ਨਾਂਹੀ ਕਿਸੇ ਭਲੇ ਘਰ ਦੀ ਧੀ ਭੈਣ ਦੀ ਆਬਰੋ ਓਹਦੇ ਹਥੋਂ ਬਚੀ ਹੋਈ ਹੈ, ਓਹਦੀ ਹਸਤੀ ਮਨੁਖ ਜਾਤੀ ਲਈ ਸਖਤ ਹਾਨੀ ਕਾਰਕ ਤੇ ਕਸ਼ਟ ਦੇਣ ਵਾਲੀ ਹੈ। ਇਸ ਲਈ ਹੁਣ ਪੰਥ ਨੇ ਇਹਨਾਂ ਲੋਕਾਂ ਦੀ ਪ੍ਰਾਰਥਨਾਂ ਸੁਣਕੇ ਪੱਕਾ ਫੈਸਲਾ ਕਰ ਲਿਆ ਹੈ ਕਿ ਜਲਾਲਾ ਬਾਦ ਦੇ ਹਾਕਮ ਨੂੰ ਬਦ ਚਲਨੀ ਦੇ ਕਾਰਨ ਸਖ਼ਤ ਸਜ਼ਾ ਦਿਤੀ ਜਾਵੇ, ਸੋ ਜਲਾਲਾਬਾਦ ਲੁਹਾਰੀ ਦੇ ਹਾਕਮ ਦੇ ਜ਼ੁਲਮ ਤੇ ਕਰੜਾਈ ਤੋਂ ਦੁਖ਼ੀ ਪਰਜਾ ਨੂੰ ਬਚਾਣ, ਅਨੀਤੀਆ ਤੋਂ ਮੁਲਕ ਨੂੰ ਛੁਡਾਣ, ਆਪਾ ਧਾਪੀ ਦਾ ਖੁਰਾ ਖੋਜ ਮਿਟਾਣ, ਹਿੰਦੂ ਮੁਸਲਮਾਨਾਂ ਦੇ ਝਗੜੇ ਝਾਂਜੇ ਸੁਲਝਾਣ ਤੇ ਇਸਤਰੀਆਂ ਦੀ ਇਜ਼ਤ ਬਚਾਨ ਲਈ ਖਾਲਸਾ ਤਿਆਰ ਬਰ ਤਿਆਰ ਹੋਕੇ ਮੈਦਾਨ ਵਿਚ ਨਿਕਲਿਆ ਹੈ।

ਹੇ ਗ਼ਰੀਬਾਂ, ਨਿਮਾਣਿਆਂ ਤੇ ਨਤਾਣਿਆਂ ਦੇ ਹਾਮੀ ਖਾਲਸਾ ਜੀ! ਮਰਨ ਤੋਂ ਪੈਹਲੇ ਤਕੱਬਰ ਤੇ ਹੰਕਾਰ ਹੈ, ਓਹ ਵਸਤੀ ਛਨਾਲ ਹੋਗਈ ਹੈ, ਓਹ ਝੂਠ ਤੇ ਲੁਟ ਨਾਲ ਭਰੀ ਹੈ, ਓਥੇ ਸਚਾਈ ਨਹੀਂ ਰਹੀ, ਸੱਚ ਦਾ ਕਾਲ ਪੈਗਿਆ ਹੈ, ਰਬ ਤਰਸੀ ਦੂਰ ਹੋਗਈ ਹੈ, ਅਦਾਲਤਾਂ ਦੀਆਂ ਥਾਵਾਂ ਸ਼ਰਾ-ਰਤਾਂ ਦੇ ਘਰ ਹਨ, ਸਚਾਈ ਦੇ ਮਕਾਨ ਬਦਕਾਰੀ ਦੇ ਅੱਡੇ, ਹਰ ਇਕ ਵੱਢੀ ਦਾ ਮਿਤਰ ਤੇ ਇਨਾਮ ਦਾ ਚਾਹਵਾਨ ਹੈ, ਯਤੀਮਾਂ ਦਾ ਇਨਸਾਫ ਨਹੀਂ ਹੁੰਦਾ, ਵਿਧਵਾਂ ਦੀ ਫਰਯਾਦ ਓਹਨਾਂ ਤਕ ਨਹੀਂ ਪਹੁੰਚਦੀ, ਦੁਖੀਆਂ ਦੇ ਅਥਰੂ ਡਿਗਦੇ ਹਨ ਪਰ ਓਹਨਾਂ ਨੂੰ ਕੋਈ ਤਸਲੀ ਦੇਣ ਵਾਲਾ ਨਹੀਂ, ਦੁਖੀ ਆਦਮੀਆਂ ਦਾ ਹਾਲ ਕੋਈ ਨਹੀਂ ਪੁਛਦਾ, ਸੈਂਕੜੇ ਯਤੀਮ, ਹਜ਼ਾਰਾਂ ਵਿਧਵਾਂ ਤੇ ਲੱਖਾਂ ਰੱਬ ਦੇ ਬੰਦੇ ਜਿਨ੍ਹਾਂ ਲਈ ਇਸ ਫਿਰਨ ਵਾਲੀ ਜਮੀਨ ਦੇ ਉਪਰ, ਨੀਲੇ ਅਕਾਸ਼ ਦੇ ਹੇਠ ਤੇ ਸੂਰਜ ਦੇ ਚਾਨਣੇ ਵਿਚ ਸਾਹ ਲੈਣਾ ਕਠਨ ਕਰ ਦਿਤਾ ਹੈ, ਓਹ ਕਸ਼ਟਾਂ ਦੇ ਹਥੋਂ ਹਾਉਕੇ ਲੈਂਦੇ ਹੋਏ ਹੈਰਾਨੀ ਦੀ ਨਿਗਾਹ ਨਾਲ ਆਪ ਵਲ ਵੇਖਦੇ ਹੋਏ ਕੇਹ ਰਹੇ ਹਨ ਕਿ:—

ਖ਼ਲਕ ਖ਼ਾਲਕ ਦੀ ਜਾਣਕੇ ਖ਼ਲਕ ਦੁਖਾਵੇ ਨਾਂਹਿ ।
ਖਲਕ ਦੁਖੇ ਨੰਦ ਲਾਲ ਜੀ ਖ਼ਾਲਕ ਕੋਪੇ ਤਾਂਹਿ ॥

ਦਾ ਵਿਰਦ ਕਰਨ ਵਾਲੇ ਖਾਲਸਾ ਜੀ! ਕਦ ਪੁਜੋਗੇ ਤੇ ਛੁਟਕਾਰਾ ਦਵਾਓਗੇ। ਹੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਪੁਤਰੋ! ਦੁਖਆਂ ਦੀਆਂ ਆਹਾਂ ਤੇ ਨਮਾਣਿਆਂ ਦੀ ਫਰਯਾਦ ਤੁਹਾਨੂੰ ਮਦਦ ਲਈ ਪੁਕਾਰ ਰਹੀ ਹੈ ਕਿ ਓਥੇ ਪਹੁੰਚਕੇ ਓਹਨਾਂ ਦੇ ਫਟਾਂ ਦੀ ਮਲ੍ਹਮ ਬਣੋ ।

ਪੰਥ ਨੇ ਵਾਹਿਗੁਰੂ ਅਤੇ ਤਲਵਾਰ ਤੇ ਭਰੋਸਾ ਰਖਕੇ ਸ਼ਰਨ ਆਇਆਂ ਦੀ ਰਾਖੀ, ਰੱਬ ਦੇ ਬੰਦਿਆਂ ਦੀ ਮਦਦ, ਇਨਸਾਨੀ ਹਕਾਂ ਦੀ ਰਖਵਾਲੀ ਅਤੇ ਦੁਸ਼ਟਾਂ ਨੂੰ ਮਲੀਆ ਮੇਟ ਕਰਣ ਲਈ ਕਦਮ ਉਠਾਇਆ ਤੇ ਪੈਰ ਵਧਾਇਆ ਹੈ, ਇਸ ਲਈ ਇਹ ਸੱਦਾ ਹੈ, ਓਹਨਾਂ ਲਈ ਜਿਨ੍ਹਾਂ ਦੇ ਸੀਨੇ ਵਿਚ ਦਿਲ ਤੇ ਦਿਲ ਵਿਚ ਆਦਮੀ ਦੇ ਦੁਖ ਨਾਲ ਦੁਖੀ ਹੋਣ ਦਾ ਜਜ਼ਬਾ ਭਰਿਆ ਹੈ।

ਇਹ ਬੁਲਾਵਾ ਹੈ ਓਹਨਾਂ ਲਈ,ਜੋ ਅਪਨੀ ਜਾਨ ਨੂੰ ਰਬ ਦੇ ਰਾਹ ਲਾਉਣ ਦਾ ਚਾਓ ਰਖਦੇ ਹਨ।

ਏਹ ਸਨੇਹਾ ਹੈ ਓਹਨਾਂ ਲਈ, ਜੋ ਕੌਮੀ ਆਨ ਤੇ ਕੁਰਬਾਨ ਹੋਣ ਨੂੰ ਤਿਆਰ ਹਨ, ਤੇ ਇਹ ਸੰਦੇਸਾ ਹੈ, ਓਹਨਾਂ ਲਈ ਜੋ ਅਪਨੇ ਸਰੀਰ ਨੂੰ ਤੁਛ ਜਾਣ ਵਧ ਤੋਂ ਵਧ ਲਾਭ ਉਠਾਣ ਦੇ ਇਛਾ ਵਾਨ ਹਨ।

ਹਾਂ ਖਾਲਸਾ ਜੀ !

ਇਹ ਸੱਦਾ ਹੈ ਓਹਨਾਂ ਦੀ ਖਾਤਰ ਜਿਨਾਂ ਦਾ ਯਕੀਨ ਇਸ ਗਲ ਤੇ ਹੈ ਕਿ:-

ਸੂਰਾ ਸੋ ਪਹਿਚਾਨੀਐ, ਲਰੈ ਦੀਨ ਕੇ ਹੇਤ।
ਪੁਰਜਾ ਪੁਰਜਾ ਕਟ ਮਰੈ, ਕਬਹੂੰ ਨ ਛਾਡੈ ਖੇਤ॥

ਨਗਾਰੇ ਤੇ ਚੋਟ

ਧੌਂਸੇ ਲਗੀ ਚੋਟ ਜੂਹਾਂ ਗੂੰਜੀਆਂ,
ਰਖ ਰਬ ਦੀ ਓਟ ਸੂਰੇ ਆਜੁੜੇ ।

ਅੰਮ੍ਰਤਸਰ ਸ਼ੈਹਰ ਦੇ ਬਾਹਰ ਅਕਾਲੀ ਦਲ ਸਾਉਣ ਭਾਦੋਂ ਦੀਆਂ ਘਟਾਂ ਵਾਂਗ ਜੁੜੇ ਹਨ, ਕੁਰਬਾਨੀ ਦੇ ਪੁਤਲੇ ਸਿਖ ਸ਼ਹਾਦਤ ਦੀ ਚਾਹ ਨਾਲ ਖਿਚੇ ਪੁਜ ਗਏ ਹਨ, ਗ਼ਰੀਬ ਨਵਾਜ਼ ਖ਼ਾਲਸਾ ਮੁਲਕ ਦੇ ਹਰ ਪਾਸਿਓਂ ਵਹੀਰਾਂ ਬਨ੍ਹਕੇ ਆ ਗਏ, ਮੀਲਾਂ ਦੇ ਵਿਚ ਜਿੱਧਰ ਨਿਗਾਹ ਪੈਂਦੀ ਹੈ ਖ਼ਾਲਸਾ ਹੀ ਖ਼ਾਲਸਾ ਦਿਖਾਈ ਦੇਂਦਾ ਹੈ ।

ਸ੍ਰਦਾਰ ਬਘੇਲ ਸਿੰਘ, ਸ੍ਰਦਾਰ ਜੱਸਾ ਸਿੰਘ ਆਹਲੂ-ਵਾਲੀਆ, ਸ੍ਰਦਾਰ ਜੱਸਾ ਸਿੰਘ ਰਾਮਗੜ੍ਹੀਆ, ਸ੍ਰਦਾਰ ਝੰਡਾ ਸਿੰਘ (ਮਿਸਲ ਭੰਗੀਆਂ) ਸ੍ਰਦਾਰ ਤਾਰਾ ਸਿੰਘ ਘੇਬਾ, ਸ੍ਰਦਾਰ ਖੁਸ਼ਹਾਲ ਸਿੰਘ ਤੇ ਏਸੇ ਤਰਾਂ ਘਨਈ ਆਦਕ ਬਾਕੀ ਮਿਸਲਾਂ ਦੇ ਤੇ ਦੂਜੇ ਛੋਟੇ ਵਡੇ ਸ੍ਰਦਾਰ ਅਪਨੇ ਅਪਨੇ ਪਿਆਦਾ ਤੇ ਸਵਾਰ ਸਿਪਾਹੀ ਲੈਕੇ ਜੋਸ਼ ਅਤੇ ਉਤਸ਼ਾਹ ਨਾਲ ਇਸ ਧਰਮ ਯੁੱਧ ਵਿਚ ਰਲਨ ਲਈ ਆ ਪੁਜੇ, ਸ੍ਰੀ ਅਕਾਲ ਤਖਤ ਸਾਹਿਬ ਅਰਦਾਸਾ ਹੋਇਆ ਤੇ ਵੀਹ ਹਜ਼ਾਰ ਪਿਆਦੇ ਸਿਪਾਹੀਆਂ ਨੇ ਸਤ ਸ੍ਰੀ ਅਕਾਲ ਦੇ ਅਸਮਾਨ ਤੋੜ ਜੈਕਾ-ਰਿਆਂ ਨਾਲ ਜਲਾਲਾ ਬਾਦ ਦਾ ਰਸਤਾ ਲਿਆ ।

ਸਬ ਤੋਂ ਅਗੇ ਧੌਂਸਾ (ਦਮਾਮਾ) ਵਜ ਰਿਹਾ ਸੀ, ਇਸਤੋਂ ਪਿਛੇ ਨਿਸ਼ਾਨ ਸਾਹਿਬ ਹਵਾ ਵਿਚ ਫਰਾਟੇ ਮਾਰਦੇ

ਆਜ਼ਾਦੀ ਦਾ ਦਿਲ ਖਿਚਵਾਂ ਗੀਤ ਗਾਉਂਦੇ ਸਨ, ਇਹਨਾਂ ਦੇ ਪਿਛੇ ਮੀਲਾਂ ਵਿਚ ਫੈਲੇ ਹੋਏ ਘੋੜ ਸਵਾਰ ਹਥਾਂ ਵਿਚ ਲਮੇ ਲਮੇ ਨੇਜ਼ੇ ਲਈ ਖੁਸ਼ੀ ਖੁਸ਼ੀ ਜਾ ਰਹੇ ਸਨ ਤੇ ਇਹਨਾਂ ਦੇ ਪਿਛੇ ਪਿਆਦਾ ਸਿਪਾਹ ਕੂਚ ਕਰ ਰਹੀ ਸੀ।

ਪਿਆਦਿਆਂ ਦੇ ਪੈਰਾਂ ਨਾਲ ਉਡਨ ਵਾਲੇ ਘਟੇ ਨੇ ਸੂਰਜ ਨੂੰ ਢਕ ਦਿੱਤਾ, ਘੋੜਿਆਂ ਦੀਆਂ ਟਾਪਾਂ ਦੀ ਖੜਕਾਰ ਕੀ ਸੀ, ਮਾਨੋ ਬਦਲ ਗੱਜ ਰਿਹਾ ਸੀ ਤੇ ਓਹਨਾਂ ਵਿਚ ਨੇਜ਼ਿਆਂ ਦੀ ਚਮਕ ਤੇ ਸਿਰ ਉਪਰਲੇ ਚਕਰਾਂ ਦਾ ਝਲਕ ਦੇਖਣ ਵਾਲੇ ਲਈ ਬਿਜਲੀ ਦਾ ਦ੍ਰਿਸ਼ ਬੰਨ੍ਹਦੇ ਸਨ।

ਰਸਤੇ ਦੇ ਸ਼ੈਹਰਾਂ ਤੇ ਅਲਾਕਿਆਂ ਦੇ ਲੋਕ ਕਠੇ ਹੋ ਹੋਕੇ ਆਉਣ ਲਗੇ, ਕੁਛ ਇਸ ਖ਼ਿਆਲ ਨਾਲ ਕਿ ਰੱਬ ਦੇ ਰਾਹ ਤੇ ਮਰ ਮਿਟਣ ਵਾਲਿਆਂ ਦੇ ਪਵਿਤ੍ਰ ਦਰਸ਼ਨਾਂ ਨਾਲ ਆਪਣੇ ਟੁਟੇ ਹੋਏ ਦਿਲ ਤੇ ਹੌਸਲੇ ਪਕੇ ਕਰੀਏ ਤੇ ਆਪਣੇ ਗਏ ਹੋਏ ਜੋਸ਼ ਤੇ ਹੌਸਲੇ ਨੂੰ ਫੇਰ ਤਾਜ਼ਾ ਕਰੀਏ, ਕੁਝ ਇਸ ਖਿਆਲ ਨਾਲ ਕਿ ਹਾਕਮਾਂ ਦੇ ਜ਼ੋਰ ਜ਼ੁਲਮ ਦੀ ਵਿਥਯਾ ਸੁਣਾਕੇ ਇਨਸਾਫ ਮੰਗੀਏ।

ਖ਼ਾਲਸਾ ਜੀ ਦੀ ਸਮੁੰਦਰ ਵਤ ਲੈਹਰਾਉਂਦੀ ਫੌਜ ਨੂੰ ਇਕ ਅਨੋਖਾ ਜੋਸ਼ ਤੇ ਕੁਰਬਾਨੀ ਦੇ ਉਤਸ਼ਾਹ ਨਾਲ ਜਾਂਦਾ ਦੇਖਕੇ ਹੋਰ ਲੋਕ ਭੀ ਨਾਲ ਰਲਦੇ ਗਏ।

ਰਸਤੇ ਵਿਚ ਜਿਥੇ ਜਿਥੇ ਕੋਈ ਆਦਮੀ ਕਿਸੇ ਹਾਕਮ ਦੇ ਵਿਰੁਧ ਸ਼ਕਾਇਤ ਲੈਕੇ ਆਇਆ, ਜਥੇ ਦਾਰਾਂ ਨੇ ਹਾਕਮ ਨੂੰ ਸਦਕੇ ਸਮਝਾਇਆ ਤੇ ਜੇ ਉਹ ਸਿਧਾ ਹੋਗਿਆ ਤਾਂ ਚੰਗਾ ਨਹੀ ਤਾਂ ਉਸਦੇ ਨਾਲ ਲੜਾਈ ਕਰਕੇ ਬਾਹਾਂ ਦੇ ਜ਼ੋਰ ਨਾਲ

ਉਸਦੀ ਹੋਸ਼ ਟਕਾਣੇ ਲਿਆਵੇ, ਇਸੇ ਤਰਾਂ ਕਈ ਥਾਂ ਹਥਿਆਰਾਂ ਤੋਂ ਕੰਮ ਲੈਂਦੇ ਹੋਏ ਵਧਨ ਲਗੇ, ਸਹਾਰਨਪੁਰ, ਮੀਰਾਂ ਪੁਰ, ਮੁਜ਼ਫਰ ਨਗਰ ਦੇ ਹਾਕਮਾਂ ਨੇ ਜੰਗ ਕਰਨਾ ਚਾਹਿਆ, ਖਾਲਸਾ ਜੀ ਤਾਂ ਤਿਆਰ ਹੀ ਸੀ, ਖਾਲਸਾ ਜੀ ਪਲੋ ਪਲੀ ਓਹਨਾਂ ਦਾ ਹੰਕਾਰ ਤੋੜਕੇ ਅਮਨ ਤੇ ਕਾਨੂੰਨ ਦੀ ਮਰਯਾਦਾ ਬੰਨ੍ਹਕੇ ਅਗੇ ਵਧੇ।

ਸਫਾਈ, ਜਾਂ, ਲੜਾਈ!

ਗਰੀਬਾਂ ਨੂੰ ਨਾਂ ਸਤਾ, ਬੁਰੀ ਗਰੀਬ ਦੀ ਹਾ।
ਲੋਹਾ ਭਸਮ ਹੋ ਜਾ, ਗਰੀਬ ਬਕਰੀ ਦੀ ਖਲ ਤੇ॥

ਯੂਨਾਨੀਆਂ ਨੇ ਇਸ਼ਕ ਦੀ ਮੂਰਤ ਖਿਚੀ ਹੈ, ਬੜਾ ਤਕੜਾ ਤੇ ਉਚਾ ਲੰਮਾਂ ਭੂਤ ਹੈ, ਜਿਸ ਦੇ ਕੰਨ ਨਹੀਂ ਕਿ ਸੁਣ ਸਕੇ ਅਕਲ ਨਹੀਂ ਕਿ ਸੋਚ ਸਕੇ ਤੇ ਗਯਾਨ ਨਹੀਂ ਕਿ ਚੰਗੇ ਮੰਦੇ ਦਾ ਨਿਰਨਾ ਕਰੇ ਇਸਦਾ ਭਾਵ ਇਹ ਹੈ ਕਿ ਆਦਮੀ ਦੇ ਸਿਰਤੇ ਜਦ ਇਸ਼ਕ ਦਾ ਭੂਤ ਸਵਾਰ ਹੋ ਜਾਂਦਾ ਹੈ ਤਾਂ ਓਹ ਕਿਸੇ ਦੀ ਗਲ ਨਹੀਂ ਸੁਣਦਾ, ਸਾਕਾਂ ਅੰਗਾਂ ਵਿਚ ਫਰਕ ਨਹੀਂ ਸਮਝਦਾ ਤੇ ਨਾ ਹੀ ਆਪਣੀ ਹਾਨੀ ਜਾਂ ਲਾਭ ਵਿਚਾਰਦਾ ਹੈ।

ਜਲਾਲਾ ਬਾਦ ਦੇ" ਹਾਕਮ ਦਾ ਹਾਲ ਤਾਂ "ਇਕ ਕਰੇਲਾ ਦੂਜੇ ਅਧ ਰਿਝਾ" ਵਾਲਾ ਹੋ ਰਿਹਾ ਸੀ, ਇਕ ਤਾਂ ਬਰਾਹਮਨ ਦੀ ਲੜਕੀ ਦੀ ਸੁੰਦਰਤਾ ਤੇ ਮਰੀ ਬੈਠਾ ਸੀ

ਦੂਜੇ ਹਕੂਮਤ ਦਾ ਨਸ਼ਾ ਤੇ ਇਸ ਤੇ ਭੀ ਜਵਾਨੀ ਦੀਵਾਨੀ ਦਾ ਜੋਸ਼।

ਖ਼ਾਲਸਾ ਜੀ ਦੀ ਜਲਾਲਾ ਵਾਦ ਤੇ ਚੜ੍ਹਾਈ ਦੀਖ਼ਬਰ ਨਾਲ ਹਿੰਦੁਸਤਾਨ ਵਿਚ ਧਮਕ ਪੈਗਈ,ਅੰਬਾਲਾ ਤੇ ਸਹਾਰਨ ਪੁਰ ਆਦਕ ਦੇ ਹਾਕਮਾ ਨੇ ਜ਼ੋਰ ਦਿਖਾਇਆ, ਪਰ ਘੰਟਿਆਂ ਵਿਚ ਹੀ ਆਪਣੇ ਖੰਬ ਖੁਹਾ ਕੇ ਬੈਹ ਗਏ । ਦਿੱਲੀ ਦੇ ਆਸ ਪਾਸ ਦੇ ਲੋਕ ਖ਼ਾਲਸੇ ਦੀ ਤਲਵਾਰ ਤੋਂ ਜਾਣੂ ਸਨ, ਇਸ ਲਈ ਕੁਝ ਆਦਮੀਆਂ ਨੇ ਜਲਾਲਾ ਬਾਦ ਦੇ ਹਾਕਮ ਨੂੰ ਸਲਾਹਦਿਤੀ ਕਿ ਬ੍ਰਾਹਮਣ ਦੀ ਲੜਕੀ ਲੜਾਈ ਅਤੇ ਵੈਰਾਨੀ ਦਾ ਕਾਰਨ ਹੈ, ਇਸਨੂੰ ਮੋੜ ਦਿਓ ਤੇ ਆਉਣ ਵਾਲੀ ਮੁਸੀ-ਬਤ ਤੋਂ ਅਪਨੇ ਆਪਨੂੰ ਤੇ ਲੜਾਈ ਦੀ ਅਗ ਤੋਂ ਮੁਲਕ ਨੂੰ ਬਚਾ ਲਉ, ਪਰ ਓਹ ਕਿਸੇ ਦੀਕਾਹਨੂੰ ਸੁਣਦਾਸੀ। ਉਸਦਾ ਉਤਰ ਇਕੋ ਹੀ ਸੀ ਕਿ ਕਾਫ਼ਰਾ ਦੇ ਅਗੇ ਝੁਕਣਾ ਇਕ ਮੁਸਲਮਾਨ ਲਈ ਤੇ ਫੇਰ ਸੱਯਦ ਲਈ ਕਠਨ ਹੈ। ਸ਼ੈਹਰ ਦੀ ਚਾਰਦੀਵਾਰੀ ਠੀਕ ਕਰਨ ਦਾ ਹੁਕਮ ਦਿਤਾ, ਥੋੜ੍ਹੇ ਹੀ ਦਿਨਾਂ ਦੀ ਮੁਰੰਮਤ ਨਾਲ ਸ਼ੈਹਰਜਲਾਲਾ ਬਾਦਇਕਪੱਕੇਕਿਲੇ ਦੀ ਸ਼ਕਲ ਵਿਚ ਬਦਲ ਗਿਆ, ਐਨਾ ਖਾਣਾ, ਦਾਣਾ, ਕਠਾ ਕਰ ਲਿਆ ਕਿ ਇਕ ਸਾਲ ਭਰ ਸ਼ੈਹਰ ਤੇ ਘੇਰਾ ਪਾਇਆ ਜਾਵੇ ਤਾਂ ਭੀ ਕੋਈ ਚੀਜ਼ ਨ ਮੁੱਕੇ, ਜਲਾਲਾ ਬਾਦ ਦੇ ਆਸ ਪਾਸ ਦੇ ਇਲਾਕੇ ਦੇ ਮੁਸਲਮਾਨ ਰਈਸਾਂ, ਨਵਾਬਾਂ ਤੇ ਅਮੀਰਾਂ ਵ੍ਲ ਹਰਕਾਰੇ ਦੁੜਾ ਦਿਤੇ ਗਏ, ਓਹਨਾਂ ਦੀ ਰਾਹੀਂ ਕਹਾ ਭੇਜਿਆ ਕਿ ਇਸ ਮਜ਼੍ਹਬੀ ਲੜਾਈ ਵਿਚ ਰਲਕੇ ਉਸਦੀ ਮਦਦ ਕੀਤੀ ਜਾਵੇ ਤੇ ਰਬ ਦੇ ਨਾਮ ਤੇ ਜਹਾਦ ਕਰਕੇ

ਦੋਹਾਂ ਜਹਾਨਾਂ ਤੋਂ ਸੁਰਖ਼ਰੂ ਹੋਵੇ। ਹਾਕਮ ਜਲਾਲਾ ਬਾਦ ਦਾ ਮਜ਼ਹਬੀ ਜੰਗ ਤੇ ਜਹਾਦ ਦੇ ਕੈਹਣ ਨੇ ਜਾਦੂ ਦਾ ਅਸਰ ਕੀਤਾ,ਮਾਨੋਂ ਥੋੜੇ ਹੀ ਦਿਨਾਂ ਵਿਚ ਸਤੱਰ ਹਜਾਰ ਦੇ ਕਰੀਬ ਜਵਾਨ ਉਸਦੇ ਮਗਰ ਲੜ ਮਰਨ ਲਈ ਕਠੇ ਹੋਗਏ।

ਖ਼ਾਲਸਾ ਜੀ ਦਾ ਇਕ ਹਰਕਾਰਾ ਆਇਆ ਤੇ ਉਸ ਨੇ ਜਲਾਲਾ ਬਾਦ ਦੇ ਹਾਕਮ ਦੇ ਹਥਾਂ ਵਿਚ ਇਕ ਚਿਠੀ ਸੌਂਪੀ, ਚਿਠੀ ਦਾ ਸਿਰ ਲੇਖ ਏਹ ਸੀਃ—

"ਜੋਰ ਕੀਆ ਸੋ ਜੁਲਮ ਹੈ ਲੇਇ ਜਵਾਬ ਖੁਦਾਇ।"

ਸਯਦ ਦਾ ਚਿਠੀ ਪੜਦਿਆਂ ਹੀ ਤਨ ਮਨ ਸੜਗਿਆ ਉਸੇ ਵੇਲੇ ਦਰਬਾਰ ਕੀਤਾ, ਵਜ਼ੀਰ, ਅਮੀਰ, ਕਾਜ਼ੀ, ਮੁਫ਼ਤੀ ਅਪਨੀ ਅਪਨੀ ਥਾਂ ਸਜ ਗਏ, ਨਵਾਬ ਦੇ ਹੁਕਮ ਨਾਲ ਖ਼ਾਲਸਾ ਜੀ ਦੀ ਚਿਠੀ ਪੜ੍ਹਕੇ ਸੁਣਾਈ ਗਈ ਚਿਠੀ ਵਿਚ ਲਿਖਿਆ ਸੀ ਕਿ: 'ਜਲਾਲਾ ਬਾਦ ਦੇ ਹਾਕਮ ਦਾ ਹਿੰਦੂਆਂ ਨੂੰ ਦੁਖ ਦੇਣ ਵਾਲਾ ਰੱਵਯਾ ਠੀਕ ਨਹੀਂ ਹੈ, ਉਸ ਵਲੋਂ ਨਿਤ ਨਵੇਂ ਸੂਰਜ ਲੁਟ ਮਾਰ ਤੇ ਹਿੰਦੂ ਇਸਤ੍ਰੀਆਂ ਦੀ ਬੇਪਤੀ ਹੁੰਦੀ ਰੈਂਹਦੀ ਹੈ, ਜੋ ਬਹੁਤ ਘ੍ਰਿਣਾ ਯੋਗ ਹੈ, ਅਗੋਂ ਵਾਸਤ ਅਜਹੀਆਂ ਸ਼ਕਾਇਤਾਂ ਨਾ ਹੋਣ ਦੀ ਜ਼ਮਾਨਤ ਦਿਤੀ ਜਾਵੇ ਤੇ ਬ੍ਰਾਹਮਣ ਦੀ ਲੜਕੀ ਮੋੜ ਦਿਤੀ ਜਾਵੇ ਤੇ ਸ਼ੀਘਰ ਹੀ ਇਸ ਪੱਤਰ ਦੇ ਉਤਰ ਵਿਚ ਦਸਿਆ ਜਾਵੇ ਕਿ "ਸਫਾਈ ਚਾਹੁੰਦੇ ਹੋ ਕਿ ਲੜਾਈ" ਪਰ ਚੇਤੇਰਖੋ ਅੰਤਲੀ ਸੂਰਤਵਿਚ ਜਿਨੇ ਰਬ ਦੇ ਬੰਦਿਆਂ ਦਾ ਲਹੂ ਡੁਲ੍ਹੇਗਾ ਉਸਦੀ ਜਿਮੇਵਾਰੀ ਨਵਾਬ ਦੀ ਗਰਦਨ ਹੋਵੇਗੀ।"

ਚਿਠੀ ਨੇ ਸਾਰੇ ਦਰਬਾਰ ਵਿਚ ਚੁਪ ਵਰਤਾ ਦਿਤੀ,

ਸਾਰੇ ਸੁਨ ਮੁੰਨ ਹੋ ਗਏ, ਦਰਬਾਰੀਆਂ ਵਿਚ ਅਜਹੀ ਚੁਪ ਵਰਤੀ ਦੇਖਕੇ ਨਵਾਬ ਦੇ ਗੁਸੇ ਦੀ ਕੋਈ ਹਦ ਨਾ ਰਹੀ, ਉਹ ਦੀਆਂ ਅੱਖਾਂ ਲਾਲ ਹੋਗਈਆਂ, ਕ੍ਰੋਧ ਨਾਲ ਸਰੀਰ ਕੰਬਣ ਲਗਾ, ਮੂੰਹ ਵਿਚੋਂ ਝਗ ਛੁਟ ਪਈ ਤੇ ਬੁੜ ਬੁੜ ਕਰਕੇ ਆਖਣ ਲਗਾ ਕਿਃ— ਹਨੇਰੇ ਤੇ ਚਾਨਣੇ ਦਾ ਮੇਲ ਨਹੀਂ, ਸਚ ਅਤੇ ਝੂਠ ਵਿਚ ਸੁਲਾਹ ਨਹੀਂ ਹੋ ਸਕਦੀ ਤੇ ਨਾਂਹੀ ਮੇਰੀ ਕੋਮੀ ਗ਼ੈਰਤ ਇਸ ਗਲ ਦੀ ਆਗਿਆ ਦੇਂਦੀ ਹੈ ਕਿ ਕਾਫ਼ਰਾਂ ਦੇ ਅਗੇ ਝੁਕਾਂ, ਇਕ ਬ੍ਰਾਹਮਣ ਦੀ ਕੁੜੀ ਨੂੰ ਮੁਸਲਮਾਨ ਕਰਕੇ ਮੈਂ ਇਸਲਾਮ ਦੀ ਸੇਵਾ ਕੀਤੀ ਹੈ, ਹੁਣ ਇਕ ਮੋਮਨ ਇਸਤ੍ਰੀ ਨੂੰ ਕਾਫ਼ਰਾਂ ਦੇ ਹਥ ਵਿਰ ਦੇਣਾ ਵਡਾ ਪਾਪ ਹੈ, ਜਿਸਦਾ ਭਾਗੀ ਮੈਂ ਨਹੀਂ ਹੋ ਸਕਦਾ।

ਕਾਜ਼ੀ ਸਾਹਿਬ ਨੇ ਥਿੜਕਦੀ ਜ਼ਬਾਨ ਵਿਚ ਨਵਾਬ ਸਾਹਿਬ ਦੀ ਹਾਂ ਨਾਲ ਹਾਂ ਮਿਲਾ ਦਿਤੀ ਤੇ ਏਲਚੀ ਦੇ ਹਥ ਜੰਗ ਦੇ ਅਲਟੀਮੇਟਮ ਦੀ ਪਰਵਾਨਗੀ ਦੇ ਦਿਤੀ ਗਈ।

ਜਲਾਲਾਬਾਦ ਦਾ ਹਾਕਮ ਅਪਨੀ ਫੌਜ ਲੈਕੇ ਸ਼ੈਹਰੋਂ ਬਾਹਰ ਨਿਕਲਿਆ, ਕਈ ਸਿਆਣੇ ਅਫਸਰਾਂ ਦੇ ਹੁੰਦਿਆਂ ਵੀ ਉਸਨੇ ਫੌਜ ਦੀ ਕਮਾਨ ਅਪਣੇ ਹਥ ਲਈ।

ਤੀਜੇ ਪੈਹਰ ਦੇ ਕਰੀਬ ਦੋਹਾਂ ਫੌਜਾਂ ਦਾ ਟਾਕਰਾ ਹੋਇਆ, ਤੀਰਾਂ ਨਾਲ ਇਕ ਦੂਜੇ ਤੇ ਟੁਟ ਪਏ, ਲੜਾਈ ਦੇ ਮੈਦਾਨ ਵ੍ਰਿਚ ਰੌਲੇ ਗੌਲੇ ਦਾ ਕੋਈ ਠਿਕਾਣਾ ਨਹੀਂ ਸੀ, ਹਾਥੀਆਂ ਦੀ ਚੰਘਾੜ, ਘੋੜਿਆਂ ਦੇ ਟਾਪਾਂ ਦੀ ਖੜਕਾਰ, ਤਲਵਾਰਾਂ ਦੀ ਛਣਕਾਰ ਤੇ ਬਹਾਦਰਾਂ ਦੀ ਲਲਕਾਰ ਅਸਮਾਨ

ਦੇ ਪ੍ਰਦੇ ਪਾੜਕੇ ਉਪਰ ਜਾਣ ਲਗੀ।

ਦੂ-ਬ-ਦੂ ਲੜਾਈ ਸ਼ੁਰੂ ਸੀ, ਤਲਵਾਰਾਂ ਨੇ ਏਸ ਤਰਾਂ ਆਹੂ ਲਾਹੁਣੇ ਅਰੰਭ ਕੀਤੇ ਕਿ ਇਕ ਘੰਟੇ ਦੇ ਅੰਦਰ ੨ ਲੜਾ-ਈ ਦੇ ਮੈਦਾਨ ਵਿਚ ਰੱਤ ਦਾ ਦਰਿਆ ਠਾਠਾਂ ਮਾਰਨ ਲਗਾ ਤੇ ਸਿਪਾਹੀਆਂ ਦੇ ਵਢੇ ਹੋਏ ਸਿਰ ਏਧਰ ਓਧਰ ਮਛੀਆਂ ਵਾਂਗ ਤੜਫਕੇ ਠੰਢੇ ਹੋਣ ਲਗੇ, ਸੂਰਜ ਦੀਆਂ ਸੁਨੈਹਰੀ ਕਿਰਨਾ ਇਹ ਦ੍ਰਿਸ਼ ਵੇਖ ਰਹੀਆਂ ਸਨ, ਹੁਣ ਇਸ ਮੈਦਾਨ ਵਿਚ ਤੀਜੇ ਪੈਹਰ ਵਰਗਾ ਰੌਲਾ ਤੇ ਜੋਸ਼ ਬਿਲਕੁਲ ਨਹੀਂ ਸੀ, ਚੌਹੀਂ ਪਾਸੀਂ ਚੁਪ ਚਾਂ ਸੀ, ਹਾਂ ਕਦੀ ੨ ਕਿਸੇ ਇਕ ਪਾਸਿਓਂ ਸਿਪਾਹੀਆਂ ਤੇ ਅਫਸਰਾਂ ਦੀਆਂ ਵਾਜਾਂ ਹਵਾ ਵਿਚ ਮਿਲਕੇ ਗੂੰਜ ਉਠਦੀਆਂ ਸਨ।

ਹਨੇਰਾ ਹੋਗਿਆ, ਅਪਨੇ ਪਰਾਏ ਦੀ ਪਛਾਣ ਹੋਣੀ ਕਠਨ ਹੋਗਈ, ਥਕੇਵੇਂ ਨਾਲ ਹਥ ਕੰਮ ਕਰਨੋਂ ਰੁਕ ਗਏ ਲੜਾਈ ਬੰਦ ਹੋਗਈ ਤੇ ਦੁਹੀਂ ਪਾਸੀਂ ਫੌਜਾਂ ਖਾਣ ਪੀਣ ਦੇ ਪ੍ਰਬੰਧ ਵਿਚ ਲਗ ਗਈਆਂ।

ਇਸ ਤਰਾਂ ਪੈਹਲੇ ਦਿਨ ਦੀ ਲੜਾਈ ਸਮਾਪਤ ਹੋਈ।

ਦੂਸਰਾ ਦਿਨ

ਸਾਰੀ ਰਾਤ ਦੋਹੀਂ ਪਾਸੀਂ ਸ਼ਾਂਤੀ ਰਹੀ, ਜ਼ੁਮੇਵਾਰ ਅਫਸਰ ਲੜਾਈ ਦੇ ਢੰਗ ਸੋਚ ਰਹੇ ਸਨ, ਸਿਪਾਹੀ ਬੜੀ ਬੇਚੈਨੀ ਨਾਲ ਅਪਨੀਆਂ ਜਾਨਾਂ ਮੁਲਕ ਅਤੇ ਕੌਮ ਦੇ ਨਾਮ ਤੋਂ ਵਾਰਨ ਲਈ ਸਵੇਰ ਦੀ ਉਡੀਕ ਕਰ ਰਹੇ ਸਨ।

ਓੜਕ ਉਡੀਕ ਦੀ ਰਾਤ ਸਮਾਪਤ ਹੋਈ, ਸੂਰਜ

ਦੇਵਤਾ ਅਪਨੀਆਂ ਕਿਰਨਾਂ ਦੇ ਤੀਰ ਵਸਾਉਂਦਾ ਪੂਰਬ ਵਲੋਂ ਚੜ੍ਹਿਆ, ਉਸ ਦੀਆਂ ਸੁਨੈਹਰੀ ਕਿਰਨਾਂ ਜਲਾਲਾਵਾਦ ਦੇ ਕਿਲ੍ਹੇ ਦੀਆਂ ਕੰਧਾਂ ਤੇ ਪੈਕੇ ਅਫਸੋਸ ਅਤੇ ਨਾਉਮੈਦੀ ਦੇ ਨਕਸ਼ੇ ਖਿਚਣ ਲਗੀਆਂ।

ਮੁਸਲਮਾਨ ਨੀਲੇ ਕਪੜੇ ਪਾਈ ਤਰਕਸ਼, ਤਲਵਾਰ, ਢਾਲ ਤੇ ਭਾਲੇ ਸੰਭਾਲ ਕੇ 'ਯਾ ਅਲੀ' 'ਯਾ ਅਲੀ' ਦੇ ਨਅਰੇ ਮਾਰਦੇ ਮੈਦਾਨ ਵਿਚ ਨਿਕਲੇ।

ਦੂਜੇ ਪਾਸਿਓਂ ਖ਼ਾਲਸਾ ਜੀ ਦੇ ਗੋਡਿਆਂ ਤਕ ਕਛੈਹਰੇ, ਉਪਰ ਕੁੜਤਾ, ਲਕ ਨਾਲ ਕਮਰ ਕਸੇ, ਸਿਰ ਦੇ ਉਪਰ ਅਖਾਂ ਨੂੰ ਧੁੰਦਲਾ ਦੇਣ ਵਾਲੇ ਚਕਰ, ਪਿਠਪਿਛੇ ਤਰਕਸ਼ ਵਿਚ ਤੀਰ, ਇਕ ਹਥ ਵਿਚ ਤਲਵਾਰ ਤੇ ਇਕ ਵਿਚ ਢਾਲ ਲਈ ਸੱਤ ਸ੍ਰੀ ਅਕਾਲ ਸੱਤ ਸ੍ਰੀ ਅਕਾਲ ਕੈਂਹਦੇ ਸਾਹਮਣੇ ਆਏ।

ਸਭ ਤੋਂ ਪਹਿਲੇ ਬੰਦੂਕਾਂ ਦੇ ਫਾਇਰ ਸ਼ੁਰੂਹੋਏ, ਗੋਲੀ-ਆਂ ਮੀਹਂ ਵਾਂਗ ਵਸਨ ਲਗੀਆਂ, ਛਾਤੀਆਂ ਛਾਨਣੀ ਹੋਰਹੀਆਂ ਸਨ, ਸ੍ਰੀਰ ਭੁਜ ਰਹੇ ਸਨ ਤੇ ਅੰਗ ਢਿਲੇ ਪੈ ਰਹੇ ਸਨ ਪਰ ਬਹਾਦਰ ਅਜੇ ਭੀ ਅਗੇ ਹੀ ਵਧ ਰਹੇ ਸਨ, ਕੁਛ ਚਿਰ ਮਗਰੋਂ ਸਿਪਾਹੀਆਂ ਨੇ ਤੀਰ ਤੇ ਕਮਾਨ ਸੰਭਾਲੇ, ਹਵਾ ਵਿਚ ਹਰ ਪਾਸੇ ਤੀਰ ਹੀ ਤੀਰ ਦਿਸਣ ਲਗੇ, ਸਾਂ ੨ ਦੀ ਅਵਾਜ਼ ਨਾਲ ਅਕਾਸ਼ ਗੂੰਜ ਓਠਿਆ, ਮਾਨੋ ਜ਼ੈਹਰੀਲੇ ਸਪ ਸਨ, ਜੋ ਫੁਕਾਰੇ ਮਾਰਦੇ ਡਸਣ ਲਈ ਦੌੜੇ ਆਉਂਦੇ ਸਨ, ਤੀਰ ਦਾ ਛੋਹਣਾ ਸਪ ਦਾ ਡੰਗਨਾ 'ਸੀ ਕਿ ਏਧਰੋਂ ਲਗਾ ਤੇ ਓਧਰੋਂ ਆਦਮੀ ਪਾਰ ਬੋਲਿਆ, ਕਈ ਵਾਰੀ ਇਕ ਇਕ ਤੀਰ ਦੋ ਦੋ ਤਿਨ ਤਿਨ ਸਗੋਂ 'ਚਾਰ ਚਾਰ ਆਦਮੀਆਂ ਨੂੰ

ਮੌਤ ਦੇ ਘਾਟ ਉਤਾਰਨ ਲੱਗਾ।

ਜਦ ਦੋਹਾਂ ਫੌਜਾਂ ਦੇ ਵਿਚਕਾਰ ਵਿਥ ਬਹੁਤ ਘਟ ਰੈਹ ਗਈ ਤਾਂ ਨੇਜ਼ਿਆਂ ਦੀ ਵਾਰੀ ਆਈ, ਘੋੜ ਸਵਾਰ ਸੂਰਮੇ ਤਾ ਨਾਲ ਇਕ ਦੂਜੇ ਤੇ ਝਪਟੇ ਤੇ ਨੇਜ਼ਿਆਂ ਦੀਆਂ ਨੋਕਾਂ ਸੰਜੋਆਂ ਨੂੰ ਪਾੜਕੇ ਸਰੀਰਾਂ ਤਕ ਪਹੁੰਚੀਆਂ, ਮਨੁਖਾਂ ਦੇ ਸਰੀਰਾਂ ਵਿਚੋਂ ਹਰ ਪਾਸੇ ਲਹੂ ਦੇ ਫੁਹਾਰੇ ਛੁਟ ਪਏ।

ਜਦ ਦੋਵੇਂ ਫੌਜਾਂ ਇਕ ਦੂਜੇ ਦੇ ਬਿਲਕੁਲ ਨੇੜੇ ਪੁੱਜ ਗਈਆਂ ਤਾਂ ਦੋਹਾਂ ਪਾਸਿਆਂ ਤੋਂ ਤਲਵਾਰਾਂ ਮਿਆਨ ਪਾੜਕੇ ਨਿਕਲੀਆਂ, ਤਲਵਾਰਾਂ ਕੀ ਸਨ? ਬਿਜਲੀਆਂ ਸਨ ਜੋ ਅਪਣੀ ਚਮਕ ਦੇ ਨਾਲ ਅੱਖਾਂ ਚੁੰਧਿਆਉਣ ਲਗੀਆਂ, ਇਹਨਾਂ ਦੇ ਵਾਰਾਂ ਨਾਲ ਸਿਰ ਧੜ ਤੋਂ ਵਖ, ਬਾਹਵਾਂ ਸਰੀਰ ਤੋਂ ਅੱਡ ਤੇ ਲੱਤਾਂ ਟੋਟੇ ਟੋਟੇ ਹੋ ਰਹੀਆਂ ਸਨ।

ਖ਼ਾਲਸਾ ਜੀ ਨੇ ਉਸ ਸਮੇਂ ਅਪਨਾ ਖ਼ਾਸ ਕੌਮੀ ਹਥਿਆਰ ਖੰਡਾ ਹਥ ਵਿਚ ਪਕੜਿਆ ਤੇ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਬੁਲਾਂਦੇ ਦੁਸ਼ਮਨਾਂ ਤੇ ਟੁੱਟ ਪਏ, ਸ਼ੇਰ ਵਾਂਗ ਗੱਜ ਗੱਜ ਤੇ ਉਛਲ ਉਛਲਕੇ ਵਾਰ ਕਰਨ ਲਗੇ, ਖੰਡੇ ਅਪਨੀ ਤੇਜ਼ ਧਾਰ ਨਾਲ ਦੁਸ਼ਮਨਾਂ ਨੂੰ ਦੋ ਫਾੜਾਂ ਕਰਦੇ ਜਾਂਦੇ ਸਨ, ਲੋਥ ਤੇ ਲੋਥ ਡਿੱਗਨ ਲਗੀ, ਫੱਟੜਾਂ ਦੀ ਚੀਕ ਪੁਕਾਰ ਸੁਣੀ ਨਹੀਂ ਜਾਂਦੀ ਸੀ, ਬਹਾਦਰਾਂ ਦੇ ਜੈਕਾਰਿਆਂ ਨਾਲ ਕੰਨਾਂ ਦੇ ਪੜਦੇ ਪਾਟਦੇ ਸਨ।

ਖ਼ਾਲਸਾ ਜੀ ਦਾ ਬਾਹੂ ਬਲ ਦੇਖਕੇ ਵੈਰੀਆਂ ਦੇ ਛਕੇ ਛੁਟ ਤੇ ਹੌਸਲੇ ਟੁੱਟ ਗਏ ਤੇ ਓਹ ਸ਼ੈਹਰ ਵਲ ਨੱਸਣ ਲਗੇ, ਏਸਤਰਾਂ ਫੋਜ ਦੇ ਪੈਰ ਉਖੜਦੇ ਦੇਖਕੇ ਜਲਾਲ-ਉਦ-ਦੀਨ ਜੋ

ਇਕ ਪਾਸੇ ਖੜਾ ਲੜਾਈ ਦਾ ਰੰਗ ਦੇਖ ਰਿਹਾ ਸੀ, ਅਗੇ ਵਧਿਆ, ਸਾਹਮਣੇ ਆਇਆ ਤੇ ਅਪਣੀ ਫੌਜ ਨੂੰ ਇਸ ਤਰਾਂ ਆਖਨ ਲਗਾ:-

"ਬਹਾਦਰੋ! ਦੁਸ਼ਮਨ ਸੈਂਕੜੇ ਮੀਲਾਂ ਦਾ ਪੈਂਡਾ ਕਰਕੇ ਸਿਰ ਤੇ ਆਗਿਆ ਹੈ, ਹੁਣ ਤੁਸੀਂ ਮੈਦਾਨ ਛੱਡਕੇ ਕਿੱਥੇ ਜਾ ਸਕਦੇ ਹੋ? ਚੇਤੇ ਰਖੋ ਜੇ ਨੱਸਣਾ ਚਾਹੋ ਤਾਂ ਓਹ ਤੁਹਾਨੂੰ ਨੱਸਣ ਨਹੀਂ ਦੇਵੇਗਾ, ਜੇ ਤੁਸੀਂ ਹੌਸਲਾ ਛੱਡ ਦਿੱਤਾ ਤਾਂ ਓਹ ਧਰਤੀ, ਜਿਸ ਤੇ ਤੁਹਾਡੇ ਵਡੇ ਸੈਂਕੜੇ ਵਰ੍ਹਿਆਂ ਤੋਂ ਰਾਜ ਕਰਦੇ ਚਲੇ ਆਏ ਹਨ, ਓਹਨਾਂ ਦੇ ਕਬਜ਼ੇ ਵਿਚ ਚਲੀ ਜਾਏਗੀ, ਤੁਹਾਡੇ ਇਸਤ੍ਰੀ ਪੁਤਰ ਓਹਨਾਂ ਦੇ ਤਰਸ ਪੁਰ ਹੋਣਗੇ ਤੇ ਤੁਹਾਡਾ ਧਨ ਦੌਲਤ ਓਹਨਾਂ ਦਾ, ਇਸ ਲਈ ਆਓ ਅਪਣੀ ਕੌਮ ਆਨ ਤੇ ਸ਼ਾਨ ਨੂੰ ਰਖਣ ਤੇ ਅਪਨੇ ਮੁਲਕ ਤੇ ਮਾਲ ਦੀ ਰਾਖੀ ਲਈ ਵੈਰੀ ਨਾਲ ਡਟ ਜਾਓ, ਤੇ ਅਜਿਹਾ ਜਾਨ ਤੋੜਕੇ ਅਗੇ ਵਧੋ ਕਿ ਦੁਸ਼ਮਣ ਲਈ ਨੱਸਕੇ ਜਾਨ ਬਚਾਉਣਾ ਔਖਾ ਹੋ ਜਾਵੇ।"

ਜਲਾਲ ਦੀਨ ਦੀ ਇਹ ਗਲ ਸਮਾਪਤ ਹੁੰਦਿਆਂ ਹੀ ਅਰਬ ਦੇ ਰਵਾਜ ਮੂਜਬ ਕੁਛ ਇਸਤਰੀਆਂ ਹੱਥਾਂ ਵਿਚ ਡਫ਼ ਲਈ ਅਗੇ ਵਧੀਆਂ ਤੇ ਓਹਨਾਂ ਨੇ ਡਫ਼ ਵਜਾਕੇ ਬੜੀ ਦਰਦ ਭਰੀ ਆਵਾਜ਼ ਨਾਲ ਗਾਉਣਾ ਅਰੰਭ ਕੀਤਾਃ-

ਨਹਨ ਨਿਬਾਤਿ ਲਿਮਾਰਕ
ਅਸੀਂ ਅਸਮਾਨ ਦੇ ਤਾਰਿਆਂ, ਦੀਆਂ ਬੇਟੀਆਂ ਹਾਂ।
ਨਮੁਸ਼ੀ ਅਲੈ ਅਲ਼ਨ ਮਾਰਿਕੁ
ਅਸੀਂ ਕਾਲੀਨਾਂ ਤੇ ਤੁਰਨ ਵਾਲੀਆਂ ਹਾਂ।

ਇੱਨਾ, ਤਕਲੁ ਅਲੁਆਲਿਕੁ
ਜੇ ਤੁਸੀਂ ਵਧਕੇ ਲੜੋਗੇ ਤਾਂ ਅਸੀਂ
ਤੁਹਾਡੇ ਗਲ ਲਗਾਂਗੀਆਂ।
ਆਵਾਤੁਦੋ ਬਿਦੂ ਅਨੁਫਾਰੰਕੁ
ਜੇ ਪਿਛੇ ਪੈਰ ਹਟਾਇਆ ਤਾਂ ਅਸੀਂ ਤੁਹਾਡੇ ਨਾਲੋਂ
ਅਡ ਹੋ ਜਾਵਾਂਗੀਆਂ।

ਤੇਜ਼ ਨਸੀ ਜਾਂਦੀ ਫੋਜ ਠੇਹਰ ਗਈ, ਤੇ ਨਵਾਬ ਦੇ ਕਥਨ ਦੇ ਮਗਰੋਂ ਗੀਤ ਦੇ ਨਾਲ ਇਸ ਦੇ ਪੈਰ ਫੇਰ ਜਮ ਗਏ, ਅਖਾਂ ਵਿਚ ਖੂਨ ਉਤਰ ਆਇਆ ਤੇ ਜਿਸ ਤਰਾਂ ਬੁਝਨ ਸਮੇਂ ਦੀਵੇ ਦੀ ਲਾਟ ਉੱਚੀ ਜਾਂਦੀ ਹੈ, ਦਮ ਤੋੜਨ ਸਮੇਂ ਆਦਮੀ ਬੜੇ ਜ਼ੋਰ ਨਾਲ ਅੱਡੀਆਂ ਰਗੜਦਾ ਹੈ ਤੇ ਅੰਤ ਸਮੇਂ ਲੰਮੇ ਲੰਮੇ ਸਾਹ ਲੈਣ ਲਗਦਾ ਹੈ, ਇਸੇ ਹੀ ਤਰਾਂ ਨਵਾਬ ਦੀ ਫੌਜ ਨੇ ਬੜੀ ਤੇਜ਼ੀ ਨਾਲ ਹੱਲਾ ਕੀਤਾ, ਸਰਦਾਰ ਬਘੇਲ ਸਿੰਘ, ਸਰਦਾਰ ਜੱਸਾ ਸਿੰਘ ਰਾਮਗੜੀਆ ਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਆਦਕ ਸਰਦਾਰ ਦੁਸ਼ਮਨ ਦੇ ਇਸ ਵਡੇ ਦਲ ਨੂੰ ਤੇਜ਼ੀ ਨਾਲ ਵਧਦਾ ਵੇਖਕੇ ਅਪਨੀ ੨ ਫੌਜ ਦੀ ਅਗਵਾਈ ਕਰਨ ਲਗੇ।

ਦੁਪੈਹਰ ਦਾ ਸਮਾਂ ਸੀ, ਸੂਰਜ ਨੇ ਤਪਸ਼ ਨਾਲ ਜ਼ਮੀਨ ਨੂੰ ਅਗ ਵਾਂਗ ਤਪਾ ਰਖਿਆ ਸੀ, ਸੂਰਜ ਦੀਆਂ ਕਿਰਨਾਂ ਨਾਲ ਤਲਵਾਰਾਂ ਦੀ ਚਮਕ ਅਖੀਆਂ ਚੁੰਧਿਆਉਂ-ਦੀ ਸੀ, ਸਿਪਾਹੀਆਂ ਦੇ ਸੰਘ ਸੁਕਦੇ ਜਾਂਦੇ ਸਨ, ਸਰੀਰ ਪਸੀਨੇ ਨਾਲ ਭਿਜੇ ਹੋਏ ਸਨ ਤੇ ਅਜੇ ਭੀ ਦੋਹਾਂ ਲਸ਼ਕਰਾਂ ਦੇ ਗੁਸੇ ਤੇ ਗਜ਼ਬ ਦੀ ਕੋਈ ਹਦ ਨਹੀਂ ਸੀ, ਇਕ ਦੂਜੇ ਦੇ

ਲਹੂ ਦੇ ਤਿਹਾਏ ਹੋਕੇ ਹੱਲਾ ਕਰਦੇ ਸਨ।

ਦੋਹੀਂ ਪਾਸੀਂ ਬਹਾਦਰ ਕੌਮਾਂ ਸਨ, ਜੋ ਅਪਣੀ ਬਹਾਦਰੀ, ਜਵਾਂਮਰਦੀ, ਦ੍ਰਿੜ੍ਹਤਾ ਅਤੇ ਲੜਾਕੂ ਪਨ ਲਈ ਮਸ਼ਹੂਰ ਸਨ, ਇਸ ਲਈ ਲੜਾਈ ਨੇ ਬਹੁਤ ਭਿਆਨਕ ਸ਼ਕਲ ਪਕੜੀ, ਲੜਾਈ ਦੇ ਮੈਦਾਨ ਵਿਚ ਨਿਗਾਹ ਮਾਰਨ ਤੋਂ ਜਿਥੋਂ ਤਕ ਨਜ਼ਰ ਪੈਂਦੀ ਸੀ ਜਮੀਨ ਲਹੂ ਨਾਲ ਲਾਲ ਦਿਸਦੀ ਸੀ, ਹਰ ਪਾਸੇ ਲੋਥਾਂ ਹੀ ਲੋਥਾਂ ਦਿਸਦੀਆਂ ਸਨ ਤੇ ਇਸ ਭਿਆਨਕ ਦ੍ਰਿਸ਼ ਨੂੰ ਦੇਖਕੇ ਮਲੂਮ ਹੁੰਦਾ ਸੀ ਕਿ ਜਿੰਨੇ ਆਦਮੀ ਲੜ ਰਹੇ ਹਨ ਅਜ ਇਹਨਾਂ ਵਿਚੋਂ ਇਕ ਭੀ ਜੀਉਂਦਾ ਨਾ ਬਚੇਗਾ, ਦੋਹਾਂ ਕੌਮਾਂ ਦੀ ਜਾਨ ਹੂਲਣ ਦੀ ਕਥਾ ਇਹਨਾਂ ਦੇ ਜੀਵਨ ਦੇ ਨਾਲ ਹੀ ਸਮਾਪਤ ਹੋ ਜਾਵੇਗੀ ਤੇ ਇਹਨਾਂ ਦੀਆਂ ਗਲਾਂ ਆਉਣ ਵਾਲੀ ਸੰਤਾਨ ਦੇ ਕੰਨਾਂ ਤਕ ਨਹੀਂ ਪੁਜ ਸਕਣਗੀਆਂ।

ਕਦੀ ਮੁਸਲਮਾਨੀ ਲਸ਼ਕਰ ਜ਼ੋਰ ਵਿਚ ਹੋ ਜਾਂਦਾ ਤਾਂ ਸਿਖਾਂ ਨੂੰ ਕਈ ਕਦਮ ਪਿਛੇ ਹਟਾਉਂਦਾ ਚਲਿਆ ਜਾਂਦਾ ਸੀ ਤੇ ਕਦੀ ਖ਼ਾਲਸਾ ਜੀ ਨਵਾਬ ਦੀ ਫੌਜ ਦੇ ਦ੍ਰਿੜ੍ਹ ਕਦਮਾਂ ਨੂੰ ਥਿੜਕਾਕੇ ਕਈ ਸੌ ਗਜ਼ ਨਸਾਉਂਦੇ ਲਈ ਜਾਂਦੇ ਸਨ, ਸਰਦਾਰ ਬਘੇਲ ਸਿੰਘ ਅਗੇ ਵਧਿਆ ਤੇ ਖ਼ਾਲਸਾ ਜੀ ਦੇ ਸਾਹਮਣੇ ਖੜੇ ਹੋਕੇ ਆਖਿਆ "ਹੇ ਮੇਰੇ ਬਹਾਦਰ ਸਿਪਾਹੀਓ, ਮੇਰੇ ਜ਼ਾਤ ਭਰਾਵੋ ਤੇ ਦਲੇਰ ਵਤਨੀਓ !!! ਤੁਸੀਂ ਜ਼ੁਲਮ ਹਟਾਉਣ ਅਤੇ ਇਕ ਇਸਤ੍ਰੀ ਦੀ ਪਤ ਆਸਰੋ ਬਚਾਉਣ ਲਈ ਦੁਖ ਸਹਾਰਕੇ ਏਥੇ ਆਏ ਹੋ, ਆਪਨੇ ਇਕ ਗਰੀਬ ਅਤੇ ਬੇਕਸ ਨੂੰ ਇਨਸਾਫ ਦਵਾਉਣ ਦਾ ਹੌਸਲਾ ਕੀਤਾ ਹੈ ਤੇ ਆਪ ਇਨ-

ਸਾਨੀ ਹੱਕ ਨੂੰ ਦਵਾਨ ਲਈ ਜਾਨਾਂ ਤੋੜ ਲੜ ਰਹੇ ਹੋ, ਆਪ ਦੇ ਇਹ ਤਿੰਨੇ ਕੰਮ ਬੜੇ ਪਵਿਤ੍ਰ ਅਤੇ ਮੁਬਾਰਕ ਹਨ, ਅਸੀਂ ਜਲਾਲਾ ਬਾਦ ਦੇ ਹਾਕਮ ਨੂੰ ਓਹਦੇ ਬੁਰੇ ਕੰਮ ਤੋਂ ਹਟਣ ਤੇ ਬ੍ਰਾਹਮਨ ਦੀ ਲੜਕੀ ਅਸਲੀ ਵਾਰਸਾਂ ਕੋਲ ਪੁਚਾਉਣ ਦਾ ਹਰ ਤਰਾਂ ਸਮਾਂ ਦਿਤਾ ਪਰ ਓਹ ਕਿਸੇ ਤਰਾਂ ਰਾਹ ਤੇ ਨਾ ਆਇਆ।

ਚੂੰ ਕਾਰ ਅਜ਼ ਹਮਾਂ ਹੀਲਤੇ ਦਰਗੁ ਜ਼ਸ਼ਤ
ਹਲਾਲਸਤ ਬੁਰ ਦਨ ਬਸ਼ਮ ਸ਼ੈਰ ਦਸਤ

ਅਰਥਾਤ ਜਦ ਕੰਮ ਕਿਸੇ ਢੰਗ ਨਾਲ ਵੀ ਸੂਤ ਨਾ ਹੋਵੇ ਤਦ ਤਲਵਾਰ ਨੂੰ ਹਥ ਵਿਚ ਲੈਣਾ ਵਾਜਬ ਹੋਜਾਂਦਾ ਹੈ।

ਹੁਣ ਤੁਸਾਂ ਨੂੰ ਤਲਵਾਰ ਚੁਕਣੀ ਹਲਾਲ ਹੈ, ਤੁਹਾਡੇ ਦਿਲ ਸਵਾਰਥ ਤੋਂ ਸਾਫ ਹਨ, ਜਾਤੀ ਦ੍ਵੈਸ਼ ਤੇ ਦ੍ਵੈਖ ਤੋਂ ਰਹਤ ਹਨ ਤੇ ਰੰਜਸ਼ਾਂ ਦੇ ਖਿਆਲਾਂ ਤੋਂ ਬਹੁਤ ਉਚੇ। ਆਪ ਦੀ ਇਸ ਸਮੇਂ ਤਲਵਾਰ ਚੁਕਣੀ ਲੋਕਾਂ ਨੂੰ ਗੁਲਾਮੀ ਦੀਆਂ ਜੰਜੀਰਾਂ ਵਿਚ ਜਕੜਨ ਵਾਲੀ ਨਹੀਂ। ਚੰਦਰਮਾਂ ਨੇ ਸੈਂਕੜੇ ਲੋਕਾਂ ਨੂੰ ਮੁਲਕ ਲੈਣ ਦੀ ਚਾਹ ਵਿਚ ਲੜਦਿਆਂ ਡਿਠਾ, ਸੂਰਜ ਦੇ ਸਾਹਮਣੇ ਹਜਾਰਾਂ ਵਾਰੀ ਅਪਨੇ ਹਕ ਅਤੇ ਆਜ਼ਾ-ਦੀ ਲਈ ਖ਼ੂਨ ਖਰਾਬੇ ਹੋਏ, ਰਾਤ ਦੇ ਹਨੇਰੇ ਵਿਚ ਲਖਾਂ ਵਾਰੀ ਜ਼ਾਤੀ ਖਾਹਸ਼ਾਂ ਨਾਲ ਰਬ ਦੇ ਬੰਦਿਆਂ ਨੂੰ ਇਕ ਦੂਜੇ ਦੀਆਂ ਗਰਦਨਾਂ ਵਢਦੇ ਨਛਤਰਾਂ ਅਤੇ ਤਾਰਿਆਂ ਨੇ ਡਿਠਾ, ਅਪਨੀਆਂ ਇਸਤਰੀਆਂ ਦੀ ਇਜ਼ਤ ਬਚਾਉਨ ਤੇ ਜ਼ਾਲਮਾਂ ਦੇ ਪੰਜੇ ਤੋਂ ਛੁਡਾਨ ਲਈ ਕ੍ਰੋੜਾਂ ਵਾਰ ਤਲਵਾਰਾਂ ਚਲਦੀਆਂ ਜਹਾਨ ਨੇ ਡਿਠੀਆਂ, ਅਪਨੇ ਵਤਨ, ਕੌਮ ਅਤੇ

ਮਜ਼੍ਹਬ ਅਤੇ ਇਕਠੇ ਖਾਣ ਪੀਣ ਵਾਲਿਆਂ ਦੀ ਮ੍ਰਦਦ ਲਈ ਚੁਕੇ ਗਏ ਹਥਿਆਰਾਂ ਨਾਲ ਅਣਗਿਣਤ ਵਾਰੀ ਜ਼ਮੀਨ ਨੇ ਲਹੂ ਨਾਲ ਅਪਨੇ ਆਪ ਨੂੰ ਲਥ ਪਥ ਡਿਠਾ, ਪਰ ਆਪ ਦੀ ਇਸ ਲੜਾਈ ਦੀ ਮਿਸਾਲ ਦੁਨੀਆਂ ਕਿਥੋਂ ਦਸ ਸਕਦੀ ਹੈ? ਕਿ ਜਿਨਾ ਨੇ ਮੁਲਕ ਲੈਣ ਵਾਸਤੇ ਨਹੀਂ, ਜਾਤੀ ਲਾਭ ਲਈ ਨਹੀਂ, ਅਪਨੀ ਕੌਮ ਲਈ ਨਹੀਂ, ਅਪਨੇ ਮਜ਼੍ਹਬ ਲਈ ਨਹੀਂ, ਅਪਨੇ ਵਤਨੀਆਂ ਲਈ ਨਹੀਂ। ਹਾਂ! ਇਕ ਪਰਦੇਸੀ ਆਦਮੀ ਲਈ, ਜਿਸ ਦਾ ਸੂਬਾ ਅੱਡ, ਤੇ ਮਜ਼੍ਹਬ ਵਖਰਾ ਹੈ, ਕੇਵਲ ਇਨਸਾਨੀਅਤ ਦੇ ਖਿਆਲਾਂ ਤੋਂ ਦੁਖੀ ਹੋਕੇ ਉਸ ਨੂੰ ਇਨਸਾਫ ਦਵਾਣ ਲਈ ਖੜੇ ਹੋਏ ਹੋ, ਜੋ ਕ੍ਰੋੜਾਂ ਜਾਤ ਭਾਈ ਹੁੰਦਿਆਂ ਭੀ ਨਮਾਣਾ ਤੇ ਕ੍ਰੋੜਾਂ ਵਤਨੀ ਹੁੰਦਿ-ਆਂ ਭੀ ਪਰਵਸ ਸੀ।

ਤੁਸੀ ਇਸ ਜੰਗ ਨਾਲ ਮਨੁਖਤ੍ਰ ਦੀ ਇਜ਼ਤ ਵਧਾਈ ਹੈ, ਮਨੁਖ ਤੁਹਾਡੇ ਏਸ ਕੰਮ ਕਰਕੇ ਹੀ ਜੀਵ ਜੰਤੂਆਂ ਦਾ ਸ੍ਰਦਾਰ ਅਖਾਨ ਦੇ ਯੋਗ ਹੋਇਆ ਹੈ।

ਇਸ ਲੜਾਈ ਨਾਲ ਖ਼ਾਲਸਾ ਜੀ ਦੀਆਂ ਕੌਮੀ ਕਹਾਣੀਆਂ ਵਿਚ ਉਪਮਾ ਯੋਗ ਵਾਧਾ ਹੋਵੇਗਾ, ਤੇ ਅੱਜ ਹੋਸ਼ ਭੁਲਾ ਦੇਣ ਵਾਲੇ ਸਾਕੇ ਤੋਂ ਦੁਨੀਆਂ ਦੀ ਤਾਰੀਖ਼ ਵਿਚ ਆਪ ਦਾ ਨਾਮ ਸੁਨੈਹਰੀ ਅਖ਼ਰਾਂ ਵਿਚ ਲਿਖਿਆ ਜਾਵੇਗਾ, ਆਉਨ ਵਾਲੀਆਂ ਨਸਲਾਂ ਆਪ ਦਾ ਨਾਮ ਸਤਕਾਰ ਨਾਲ ਲੈਣਗੀਆਂ ਜੇ ਤੁਸੀ ਜਿਉਂਦੇ ਰਹੇ ਤਾਂ ਫਤਹਿ ਤੁਹਾਡੇ ਪੈਰ ਚੁਮੇਗੀ ਤੇ ਆਪ ਅਪਣੇ ਕੰਨੀਂ ਅਪਨੀ ਉਪਮਾਂ ਸੁਣੋਗੇ, ਜੇ ਆਪ ਅਪਨੀਆਂ ਜਾਨਾ ਵਾਹਿਗੁਰੂ ਦੇ ਹਵਾਲੇ ਕਰਦਿਤੀਆਂ ਤਾਂ ਆਪ

ਆਪਣੇ ਉਚ ਭਾਵ ਦੇ ਕਾਰਨ ਸ਼ਹੀਦਾਂ ਦੀ ਪੈਹਲੀ ਲੜੀ ਵਿਚ ਗਿਣੇ ਜਾਉਗੇ ਤੇ ਸ੍ਰੀ ਗੁਰੂ ਕਲਗੀਧਰ ਆਪ ਨੂੰ ਗੋਦ ਵਿਚ ਲੈਕੇ ਕੈਹਣਗੇ ਕਿਃ—

"ਐ ਮੇਰੇ ਨੌ ਨਿਹਾਲੋ! ਤੁਸੀ ਹਕ ਅਤੇ ਸਚਾਈ ਦੀ ਲੜਾਈ ਲੜੀ ਹੈ, ਤੁਸੀ ਮੇਰੇ ਪੰਥ ਦਾ ਨਾਮ ਵਧਾਓਣ ਦੀ ਖਾਤਰ ਤਕਲੀਫਾਂ ਝਲੀਆਂ, ਤੁਸੀ ਮੇਰੇ ਦਸੇ ਹੋਏ ਰਸਤੇ ਨੂੰ ਕਾਇਮ ਕਖਨ ਲਈ ਅਪਨੀਆਂ ਪਿਆਰੀਆਂ ਜਾਨਾ ਭੇਟਾ ਕੀਤੀਆਂ, ਤੁਸਾਂ ਵੈਰਾਨ ਹੋਕੇ ਮੇਰੀ ਕੌਮ ਦੀ ਇਜ਼ਤ ਵਧਾਈ ਇਸ ਲਈ ਆਓ ਮੈਂ ਤੁਹਾਨੂੰ ਅਪਨੀ ਗੋਦ ਵਿਚ ਬਠਾ ਲਵਾਂ"

"ਬਹਾਦਰੋ ਤੁਹਾਡੀ ਦੋ ਦਿਨਾ ਦੀ ਲੜਾਈ ਨੇ ਵੈਰੀ ਦੀ ਜਾਨ ਕਬਜ਼ ਅਤੇ ਦਮ ਬੰਦ ਕਰ ਦਿਤਾ ਹੈ, ਬਹੁਤ ਸਾਰੇ ਸਿਪਾਹੀ ਵਢਾਨ ਤੇ ਮਾਲ ਦਾ ਨੁਕਸਾਨ ਹੋਣ ਕਰਕੇ ਉਸ ਦੇ ਹਵਾਸ ਗੁਮ ਹੋ ਗਏ ਹਨ, ਓਹ ਅਪਨੇ ਅਗੇ ਨੂੰ ਹਨੇਰੇ ਵਿਚ ਦੇਖਕੇ ਇਕੋ ਵਾਰੀ ਹੀ ਅਪਨੇ ਜੀਵਨ ਅਤੇ ਮੌਤ ਦਾ ਫੈਸਲਾ ਕਰਨ ਵਾਲਾ ਹੱਲਾ ਕਰਨਾ ਚਾਹੁੰਦਾ ਹੈ।

ਖਾਲਸਾ ਦੇ ਪਵਿਤ੍ਰ ਨਾਮ ਤੇ, ਅਪਣੀ ਕੌਮ ਦੀ ਵਡਿਆਈ ਦੇ ਨਾਮ ਤੇ ਅਤੇ ਓਹਨਾਂ ਸ਼ਹੀਦਾਂ ਦੇ ਨਾਮ ਤੇ ਜਿਨਾਂ ਨੇ ਧਰਮ ਦੀ ਖ਼ਾਤਰ ਬੰਦ ਬੰਦ ਕਟਵਾਏ, ਗ਼ਰੀਬਾਂ ਦੀ ਮਦਦ ਲਈ ਸਿਰ ਧੜ ਤੋਂ ਵਖ ਕਰਵਾਏ ਪਰ ਸਚਾਈ ਨੂੰ ਨਹੀਂ ਛਡਿਆ, ਆਪ ਦੇ ਅਗੇ ਅਪੀਲ ਕਰਦਾ ਹਾਂ ਕਿ ਇਸ ਧਰਮ ਯੁੱਧ ਵਿਚ ਤੇ ਇਸ ਸਚ ਅਤੇ ਝੂਠ ਦੇ ਜੰਗ ਵਿਚ ਇਸ ਟਕਾਣੇ ਆ ਪੁਜੇ ਹਾਂ ਕਿ ਇਕ ਵਾਰੀ ਸਿਰ ਧੜ ਦੀ ਬਾਜ਼ੀ ਲਾਕੇ ਵੈਰੀ ਦਾ ਨਾਸ ਕਰਨ ਲਈ ਮੈਦਾਨ ਵਿਚ ਆਈਏ।

"ਸ੍ਰੀ ਅਕਾਲ ਤਖਤ ਦੇ ਸਾਹਮਣੇ ਅਸੀਂ ਪ੍ਰਣ ਕਰਕੇ ਆਏ ਹਾਂ ਕਿ ਬ੍ਰਾਹਮਣ ਦੀ ਲੜਕੀ ਮੁੜ ਦਵਾਵਾਂਗੇ, ਜਾਂ ਓਥੇ ਸ਼ਹੀਦ ਹੋ ਜਾਵਾਂਗੇ, ਅਣਖ ਵਾਲੇ ਦੇ ਮੂਹੋਂ ਨਿਕਲੇ ਹੋਏ ਅਖਰ, ਕਮਾਨ ਤੋਂ ਚਲ ਚੁਕਾ ਤੀਰ ਤੇ ਦਰਿਆ ਵਿਚੋਂ ਲੰਘ ਚੁਕਾ ਪਾਣੀ ਫਿਰ ਨਹੀਂ ਆ ਸਕਦਾ।

ਗਰਮੀ ਤਪਸ਼ ਛਡ ਦੇਵੇ, ਪਾਣੀ ਵਿਚ ਠੰਢ ਨਾ ਰਹੇ, ਸੂਰਜ ਪੂਰਬ ਦੀ ਥਾਂ ਪਛਮ ਵਲੋਂ ਨਿਕਲ ਆਵੇ, ਪਰ ਖ਼ਾਲਸਾ ਅਕਾਲ ਤਖ਼ਤ ਦੇ ਸਾਹਮਣੇ ਕੀਤੇ ਪ੍ਰਣ ਤੋਂ ਮੁੜ ਨਹੀਂ ਸਕਦਾ, ਅਸੀਂ ਜੀਉਂਦੇ ਰਹਾਂਗੇ ਤਾਂ ਪ੍ਰਣ ਪੂਰਾ ਕਰਕੇ, ਨਹੀਂ ਤਾਂ ਪ੍ਰਣ ਤੋਂ ਅਪਨੀ ਜਾਨ ਕੁਰਬਾਨ ਕਰ ਦਿਆਂਗੇ।

ਸ੍ਰ: ਬਘੇਲ ਸਿੰਘ ਦੇ ਇਸ ਕਥਨ ਨਾਲ ਖ਼ਾਲਸਾ ਫੌਜ ਵਿਚ ਹਰ ਪਾਸਿਓਂ ਜੋਸ਼ ਦਾ ਦਰਯਾ ਲੈਹਰਾਂ ਮਾਰਨ ਲਗਾ, ਬੱਦਲ ਵਾਂਗ ਗੱਜਦੇ ਤੇ ਬਿਜਲੀ ਵਾਂਗ ਕੜਕਦੇ ਵੈਰੀਆਂ ਤੇ ਜਾ ਪਏ, ਸ੍ਰਦਾਰ ਜੱਸਾ ਸਿੰਘ ਸਜੇ ਪਾਸੇ, ਸ੍ਰਦਾਰ ਤਾਰਾ ਸਿੰਘ ਖਬੇ ਪਾਸੇ ਤੇ ਸਾਹਮਣੇ ਪਾਸਿਓਂ ਸ੍ਰ: ਬਘੇਲ ਸਿੰਘ ਦੀ ਫੌਜ ਨੇ ਅਗੇ ਵਧਣਾ ਸ਼ੁਰੂ ਕੀਤਾ, ਖ਼ਾਲਸਾ ਜੀ ਦੀ ਤੇਜ਼ ਤਲਵਾਰ ਸਫਾਂ ਦੀਆਂ ਸਫ਼ਾਂ ਉਲਟਾ ਰਹੀ ਸੀ, ਸਿਪਾਹੀ ਕਟ ਕਟਕੇ ਧਰਤੀ ਤੇ ਡਿਗਦੇ ਸਨ, ਸ੍ਰਦਾਰ ਜੱਸਾ ਸਿੰਘ ਆਹਲੂਵਾਲੀਆ ਫੱਟ ਤੇ ਫੱਟ ਖਾਕੇ ਅਗੇ ਵਧਦਾ ਜਾ ਰਿਹਾ ਸੀ, ਸ੍ਰਦਾਰ ਖੁਸ਼-ਹਾਲ ਸਿੰਘ, ਸ੍ਰਦਾਰ ਤਾਰਾਸਿੰਘ ਘਨੇਈ, ਨਕਈ ਤੇ ਫੈਜ਼ੁਲਾ-ਪੁਰੀਏ ਮਿਸਲ ਦੇ ਸਰਦਾਰਾਂ ਦੀ ਤਲਵਾਰ ਵੈਰੀਆਂ ਨੂੰ ਖ਼ਾਕ ਤੇ ਖ਼ੂਨ ਵਿਚ ਲਿਟਾਣ ਵਿਚ ਅਦੁਤੀ ਕੰਮ ਕਰ ਰਹੀ ਸੀ।

ਸ੍ਰਦਾਰ ਬਘੇਲ ਸਿੰਘ ਨੇ ਜਲਾਲ ਦੀਨ ਨੂੰ ਅਗੇ

ਵਧਦਾ ਵੇਖਕੇ ਘੋੜੇ ਨੂੰ ਅੱਡੀ ਲਾਈ ਤੇ ਅਗੇ ਜਾ ਖੜੋਤਾ ਤੇ ਲਲਕਾਰਕੇ ਕਿਹਾਃ- ਜਲਾਲ ਦੀਨ ! ਸਾਹਮਣੇ ਆ, ਦੋ ਹਥ ਦੇਖ ਤੇ ਦੋ ਦਖਾ ! ਜਲਾਲ ਦੀਨ ਨੇ ਅਪਨੇ ਆਪ ਨੂੰ ਸ੍ਰਦਾਰ ਬਘੇਲ ਸਿੰਘ ਦੇ ਨਸ਼ਾਨੇ ਹੇਠ ਵੇਖਕੇ ਗੋਲੀ ਮਾਰੀ, ਜੋ ਸ੍ਰਦਾਰ ਬਘੇਲ ਸਿੰਘ ਦੇ ਕੰਨ ਕੋਲੋਂ ਲੰਘ ਗਈ। ਸਰ-ਦਾਰ ਬਘੇਲ ਸਿੰਘ ਨੇ ਤਲਵਾਰ ਚੁਕੀ ਜੋ ਪਲ ਦੀ ਪਲ ਵਿਚ ਸੰਜੋਅ ਕਟਦੀ ਜਲਾਲ ਦੀਨ ਦੇ ਸ੍ਰੀਰ ਵਿਚੋਂ ਲਹੂ ਦੀ ਨਦੀ ਵਗਾਉਂਦੀ ਨਿਕਲ ਗਈ। ਜਲਾਲ ਦੀਨ ਦਾ ਇਕ ਅੰਗਪਾਲਕ ਸਿਪਾਹੀ ਅਪਨੇ ਮਾਲਕ ਨੂੰ ਇਸ ਤਰਾਂ ਫ਼ਟੜ ਹੁੰਦਾ ਦੇਖਕੇ ਇਕ ਪਲਾਕੀ ਮਾਰ ਜਲਾਲ ਦੀਨ ਦੇ ਘੋੜੇ ਤੇ ਜਾ ਬੈਠਾ ਤੇ ਓਹਨੂੰ ਸਾਂਭਕੇ ਸ਼ੈਹਰ ਵਲ ਲੈਕੇ ਨੱਸ ਗਿਆ।

ਸੱਯਦ ਮੁਹੰਮਦ ਹੁਸੈਨ ਨੂੰ ਅਗੇ ਆਉਂਦਾ ਵੇਖਕੇ ਤਾਰਾ ਸਿੰਘ ਘੇਬੇ ਨੇ ਅਪਣੇ ਬੀਰ ਸ੍ਰਃ ਬੀਰ ਸਿੰਘ ਨੂੰ ਅਗੇ ਵਧਨ ਦਾ ਹੁਕਮ ਦਿਤਾ, ਜਿਸਨੇ ਪੈਹਲੇ ਪੈਰ ਤੇ ਹੀ ਮੁਹੰਮਦ ਹੁਸੈਨ ਦੇ ਗੁਨਾਹ ਭਰੇ ਜੀਵਨ ਨੂੰ ਮੁਕਾ ਦਿਤਾ, ਸੱਯਦ ਮੁਹੰਮਦ ਹੁਸੈਨ ਨੂੰ ਇਸ ਤਰਾਂ ਡਿਗਦਾ ਦੇਖਕੇ ਰੁਹੇਲੇ ਪਠਾਣ ਸ੍ਰਦਾਰ ਬੀਰ ਸਿੰਘ ਤੇ ਟੁਟ ਪਏ, ਬੜੀਆਂ ਦਿਲ ਖੁਲਵੀਆਂ ਤਲਵਾਰਾਂ ਚਲਨ ਲਗੀਆਂ, ਕਈ ਰੁਹੇਲੇ ਅਫਗਾਨਾਂ ਨੂੰ ਕਤਲ ਕਰਕੇ ਸ੍ਰਦਾਰ ਬੀਰ ਸਿੰਘ ਨੇ ਇਕ ਕਾਫੀ ਜ਼ਖਮ ਲਗਨ ਕਰਕੇ ਸ਼ਹੀਦੀ ਪ੍ਰਾਪਤ ਕੀਤੀ।

ਮੁਹੰਮਦ ਹੁਸੈਨ ਦੀ ਫੌਜ ਨੇ ਖ਼ੂਬ ਬਹਾਦਰੀ ਦੱਸੀ, ਖਾਲਸਾ ਜੀ ਦੇ ਹਰ ਅਗੇ ਵਧਣ ਵਾਲੇ ਜੱਥੇ

ਦੇ ਰਾਹ ਵਿਚ ਛਾਤੀ ਡਾਹ ਕੇ ਖੜੇ ਹੋਜਾਂਦੇ ਸਨ, ਪਰ ਸਿਖਾਂ ਦੀ ਤਲਵਾਰ ਦੇ ਅਗੇ ਨਾ ਠੈਹਰ ਸਕੇ, ਲਾਚਾਰ ਓਹਨਾਂ ਨੇ ਪਿਛੇ ਹਟਨਾ ਸ਼ੁਰੂ ਕੀਤਾ, ਓਹਨਾ ਦੀ ਚਾਹ ਸੀ ਕਿ ਸ਼ੈਹਰ ਦੇ ਅੰਦਰ ਵੜਕੇ ਬੂਹੇ ਬੰਦ ਕਰ ਲੀਤੇ ਜਾਨ ਤੇ ਕਿਲੇ ਦੀ ਲੜਾਈ ਕੀਤੀ ਜਾਵੇ, ਪਰ ਖ਼ਾਲਸਾ ਨੇ ਐਨੀ ਤਿੱਖੀ ਚਾਲ ਨਾਲ ਪਿੱਛਾ ਕੀਤਾ ਕਿ ਮੁਹੰਮਦ ਹੁਸੈਨ ਤੇ ਜਲਾਲ ਦੀਨ ਦੀ ਫੌਜ ਦੀ ਏਹ ਚਾਹ ਪੂਰੀ ਨਾ ਹੋਈ, ਮੁਸਲਮਾਨਾਂ ਦੇ ਨਾਲ ਹੀ ਖ਼ਾਲਸਾ ਫੌਜ ਭੀ ਕੁਝ ਦਰਵਜਿਆਂ ਦੀ ਰਾਹੀਂ ਤੇ ਕੁਛ ਸਫੀਲ ਤੋੜਕੇ ਅੰਦਰ ਵੜ ਗਈ।

ਸੂਰਜ ਦਿਨ ਭਰ ਦੇ ਥਕੇਵੇਂ ਨਾਲ ਚੂਰ ਹੋਕੇ ਪੱਛਮ ਵਿਚ ਲੁਕ ਗਿਆ, ਪਰ ਇਸ ਤੇ ਵੀ ਦੋਨਾਂ ਦਲਾਂ ਦਾ ਜੋਸ਼ ਨਾ ਘਟਿਆ, ਸਗੋਂ ਫੌਜ ਦੇ ਸਦਾਰ ਤੇ ਸਿਪਾਹਸਾਲਾਰ ਅਪਨੇ ਤੇਜ਼ ਅਸਰ ਕਥਨ ਨਾਲ ਸਿਪਾਹੀਆਂ ਨੂੰ ਜੋਸ਼ ਦਵਾਉਨ ਅਤੇ ਕੌਮੀ ਜੈਕਾਰਿਆਂ ਨਾਲ ਓਹਨਾਂ ਨੂੰ ਅਗੇ ਵਧ ੨ ਕੇ ਕੁਰਬਾਨ ਹੋਣ ਲਈ ਉਕਸਾਉਣ ਲਗੇ। ਸਾਰੀ ਰਾਤ ਲੜਾਈ ਹੁੰਦੀ ਰਹੀ, ਰਸਤੇ ਲੋਥਾਂ ਨਾਲ ਭਰ ਗਏ, ਫਟੜਾਂ ਦੇ ਲਹੂ ਨਾਲ ਗਲੀਆਂ ਨੇ, ਨਾਲੀਆਂ ਅਤੇ ਬਾਜ਼ਾਰਾਂ ਨੇ ਨਦੀਆਂ ਦੀ ਸ਼ਕਲ ਬਦਲ ਲਈ। ਚੜ੍ਹਦੇ ਦੇ ਸ਼ਹਨਸ਼ਾਹ ਦੇ ਸੁਨੈਹ-ਰੀ ਤਾਜ ਸਿਰ ਤੇ ਰਖਕੇ ਆਉਂਨ ਤੋਂ ਪੈਹਲੇ ਜਲਾਲਾਬਾਦ ਦੇ ਕਿਲੇ ਉਤੇ ਅਸਮਾਨ ਨਾਲ ਗਲਾਂ ਕਰਦਾ ਅਕਾਲੀ ਝੰਡਾ ਝੁਲਦਾ ਦ੍ਰਿਸਣਲਗਾ, ਸਾਰੀਆਂ ਜ਼ਰੂਰੀ ਇਮਾਰਤਾਂ ਤੇ ਖਾਲਸਾ ਜੀ ਦਾ ਕਬਜ਼ਾ ਹੋਗਿਆ, ਨਵਾਬ ਦੀ ਫੌਜ ਮਾਰੀ ਗਈ, ਜੋ ਬਚੀ ਉਸ ਨੇ ਹਥਿਆਰ ਸੁਟਕੇ ਅੰਮਾਨ ਚਾਹੀ ਤੇ ਜਾਨ ਬਚਾਈ।

ਐਕੜ ਵਿਚ ਐਕੜ

ਹੱਕੋ ਹੱਕ ਨਬੇੜਾ ਹੋਇਆ,
ਹੱਕ ਵਾਲੇ ਹੱਕ ਪਾਇਆ।

ਸਵੇਰ ਦਾ ਸੁੰਦਰ ਸਮਾਂ ਹੈ, ਜਹਾਨ ਨੂੰ ਚਾਨਣ ਦੇਣ ਵਾਲਾ ਸੂਰਜ ਅਪਨੀਆਂ ਰੌਸ਼ਨ ਕਿਰਨਾਂ ਨਾਲ ਅਧੀ ਦੁਨੀਆਂ ਨੂੰ ਚਾਨਣ ਦੇ ਰਿਹਾ ਹੈ, ਰਾਤ ਦਾ ਹਨੇਰਾ ਬੋਰੀਆ ਬਿਸਤਰਾ ਬਨ ਕੇ ਕੂਚ ਕਰ ਰਿਹਾ ਹੈ, ਜੰਗਲ ਦੀ ਹਵਾ ਬੂਟਿਆਂ ਵਿਚ ਨਵੀਂ ਰੂਹ ਫੂਕ ਰਹੀ ਹੈ, ਬੁਲਬੁਲ ਦੇ ਗੀਤਾਂ ਨਾਲ ਫੁਲਾਂ ਨਾਲ ਲਦੀਆਂ ਡਾਲੀਆਂ ਮਸਤੀ ਵਿਚ ਆਕੇ ਝੂਮ ਰਹੀਆਂ ਹਨ, ਗੁਲਾਬ ਦੀ ਖੁਸ਼ਬੋ, ਬੇਲੇ ਦੀ ਮੈਹਕ, ਚੰਬੇਲੀ ਦੀਆਂ ਲਪਟਾਂ ਬਾਗ ਦੇ ਹਰ ਪਾਸੇ ਨੂੰ ਖੁਸ਼ਬੂਦਾਰ ਬਨਾ ਰਹੀਆਂ ਹਨ।

ਜਲਾਲਾਬਾਦ ਦੇ ਪੂਰਬ ਵਲ ਨਵਾਬ ਦਾ ਬਾਗ਼ ਹੈ, ਜਿਥੇ ਐਸ਼, ਆਰਾਮ ਤੇ ਖਾਨ ਪੀਨ ਦੀਆਂ ਮੈਹਫਲਾਂ ਹਮੇਸ਼ਾਂ ਲਗੀਆਂ ਰੈਂਹਦੀਆਂ ਸਨ, ਇਸ ਬਾਗ ਦੇ ਵਿਚਕਾਰ ਇਕ ਇਮਾਰਤ ਖੜੀ ਹੈ, ਜਿਸ ਦੇ ਸੁੰਦਰ ਕਮਰੇ ਅਪਨੀ ਸਜਾਵਟ ਕਰਕੇ ਮੁਹੰਮਦ ਸ਼ਾਹ ਰੰਗੀਲੇ ਦੇ ਮੈਹਲ ਚੇਤੇ ਕਰਾਉਂਦੇ ਹਨ, ਇਸ ਮਹਲ ਦੇ ਇਕ ਸਾਫ ਸੁਥਰੇ ਕਮਰੇ ਵਿਚ ਇਕ ਜਵਾਨ ਲੜਕੀ ਸਿਰ ਨੀਵਾਂ ਕਰਕੇ ਨਿਮੋਝੂਣ ਬੈਠੀ ਹੈ, ਇਸ ਸੁੰਦਰ ਕਮਰੇ ਵਿਚ ਇਸ ਸੁੰਦਰੀ ਦਾ ਮੈਲੇ ਕੁਚੈਲੇ ਕਪੜੇ ਪਾਈ

ਨਿਰਾਸਤਾ ਦੇ ਵਿਚ ਡੁਬਿਆਂ ਰੈਹਣਾ ਦਸ ਰਿਹਾ ਹੈ ਕਿ ਇਹ ਕੋਈ ਨੌਕਰਾਨੀ ਜਾਂ ਗੋਲੀ ਨਹੀਂ, ਜਲਾਲਾ ਬਾਦ ਦੇ ਹਾਕਮ ਨੇ ਅਪਣੀਆਂ ਬੁਰੀਆਂ ਖ਼ਾਹਸ਼ਾਂ ਪੂਰੀਆਂ ਕਰਣ ਲਈ ਜ਼ੋਰ ਜ਼ੁਲਮ ਦੇ ਰਸਿਆਂ ਨਾਲ ਬੇਵੱਸ ਤੇ ਨਤਾਣੀ ਇਸਤ੍ਰੀ ਬੰਨ੍ਹੀ ਹੋਈ ਹੈ। ਇਸਦੇ ਸੁੰਦਰ ਚੇਹਰੇ ਪੁਰ ਅਫਸੋਸ ਅਤੇ ਗ਼ਮ ਦੇ ਨਸ਼ਾਨ ਦਿਸਦੇ ਹਨ, ਦਿਲ ਦਾ ਟੁਟਣਾ ਤੇ ਕਲੇਜੇ ਦਾ ਮੁਰਝਾਣਾ ਚੇਹਰੇ ਤੇ ਦਿਪਤ ਹੋ ਰਿਹਾ ਹੈ, ਰੰਜ ਅਤੇ ਗ਼ਮ ਦੇ ਖ਼ਿਆਲਾਂ ਨੇ ਇਸ ਨੂੰ ਹੈਰਾਨ ਅਤੇ ਪਰੇਸ਼ਾਨ ਕਰ ਰਖਯਾ ਹੈ। ਜਦ ਦਿਲ ਦੀ ਬੇਕਰਾਰੀ ਦੀ ਤਪਸ਼ ਹਦੋਂ ਵਧਦੀ ਹੈ ਤਾਂ ਗ਼ਮ ਤੇ ਫਿਕਰ ਦੀਆਂ ਘਟਾਂ ਦਮਾਗ਼ ਤੇ ਮੁੜ ਮੁੜਕੇ ਆਉਂਦੀਆਂ ਤੇ ਅਖਾਂ ਛਮ ਛਮ ਕਰਦੀਆਂ ਝੜੀ ਲਾ ਦੇਂਦੀਆਂ ਹਨ।

ਜਦ ਆਸਾਂ ਤੇ ਉਮੈਦਾਂ ਇਧਰ ਉਧਰ ਲੁਕਣ ਲਗ-ਦੀਆਂ ਹਨ, ਉਸ ਵੇਲੇ ਬੜੀ ਬੇਸਬਰੀ ਨਾਲ ਸਿਰ ਚੁਕਕੇ ਉਪਰ ਵਲ ਵੇਖਦੀ ਹੈ, ਮਾਨੋਂ ਕਿ ਧਰਤੀ ਤੇ ਓਹ ਅਪਨਾ ਕੋਈ ਸਾਥੀ ਜਾਂ ਮਦਤੀ ਨਾਂ ਵੇਖਕੇ ਅਸਮਾਨ ਤੋਂ ਗ਼ੈਬੀ ਮਦਦ ਲਈ ਪ੍ਰਾਰਥਨਾ ਕਰਦੀ ਹੈ, ਪਰ ਜਦ ਓਸਤੋਂ ਭੀ ਉਸਦੀ ਨਿਗਾਹ ਨਿਰਾਸ ਫਿਰਕੇ ਮੁੜਦੀ ਹੈ ਤਾਂ ਓਹ ਨਰਾਸਤਾ ਦੀ ਦਿਲ ਛਿਲਵੀਂ ਹਾਲਤ ਵਿਚ ਸਿਰ ਨੀਵਾਂ ਕਰ ਲੈਂਦੀ ਹੈ।

ਪੈਰ ਦਾ ਖੜਕਾ ਸੁਣਕੇ ਇਹ ਸੁੰਦਰੀ ਝਟ ਤ੍ਰਬਕੀ, ਸੁੰਗੜੀ ਤੇ ਘਬਰਾਈ, ਜਦ ਉਸਨੇ ਪਿਛੇ ਨਿਗਾਹ ਮਾਰਕੇ ਡਿੱਠਾ ਤਾਂ ਉਸਦਾ ਪਿਤਾ ਕੁਝ ਸਿੰਘਾਂ ਸਣੇ ਦਿੱਸਿਆ, ਬੇਵਸੀ ਹੋਕੇ ਪਿਤਾ ਦੇ ਗਲ ਲਗਕੇ ਧਾਹਾਂ ਮਾਰਕੇ ਰੋਣ ਲਗੀ, ਪਿਓ

ਦਾ ਭੀ ਸਬਰ ਜਾਂਦਾ ਰਿਹਾ, ਓਹ ਭੀ ਦਿਲ ਖੋਲ੍ਹਕੇ ਰੋਇਆ, ਜਦ ਜੀ ਕੁਝ ਠੰਢਾ ਹੋਇਆ ਤਾਂ ਅਪਣੇ ਸਾਥੀਆਂ ਵਲਵੇਖਕੇ ਆਖਣ ਲਗਾਃ—

"ਸ੍ਰਦਾਰ ਜੀ! ਏਹੋ ਮੇਰੀ ਬੱਚੀ ਹੈ।"

'ਕੀ ਏਹੋ ਤੁਹਾਡੀ ਧੀ ਹੈ?'

"ਹਾਂ ਹਜ਼ੂਰ ਏਹੋ ਮੇਰੀ ਧੀ ਹੈ।"

ਸ੍ਰਦਾਰ ਸਾਹਿਬ—ਹਛਾ ਇਸਨੂੰ ਨਾਲ ਲੈ ਚਲੋ।

ਪੰਡਤ—ਬੱਚੀ ਤੇਰੇ ਛੁਡਾਣ ਲਈ ਖ਼ਾਲਸਾ ਸੈਂਕੜੇ ਮੀਲਾਂ ਤੋਂ ਤਕਲੀਫਾਂ ਸੈਹਕੇ ਆਇਆ ਹੈ, ਤਿੰਨਾਂ ਦਿਨਾਂ ਦੀ ਭਿਆਨਕ ਲੜਾਈ ਦੇ ਮਗਰੋਂ ਅੱਜ ਜਲਾਲਾ ਬਾਦ ਤੇ ਓਹਨਾਂ ਨੇ ਕਬਜ਼ਾ ਕਰ ਲਿਆ ਹੈ, ਏਥੋਂ ਦਾ ਕਸਾਈ ਹਾਕਮ ਨੱਸ ਗਿਆ ਹੈ, ਚਲੋ ਹੁਣ ਘਰ ਚਲੀਏ।

ਬੀਬੀ—(ਠੰਢਾ ਸਾਹ ਭਰਕੇ) ਮੈਂ ਤੁਹਾਡੇ ਜਾਣ ਦੇ ਯੋਗ ਨਹੀਂ ਰਹੀ, ਮੁਸਲਮਾਨਾਂ ਦੇ ਘਰ ਰੈਂਹਦਿਆਂ ਕਈ ਮਹੀਨੇ ਹੋਗਏ ਹਨ, ਓਹਨਾਂ ਨੇ ਮੇਰਾ ਧਰਮ ਕਰਮ ਨਸ਼ਟ ਕਰ ਦਿਤਾ ਹੈ, ਹੁਣ ਤੁਹਾਡੇ ਨਾਲ ਕਿਕੁਣ ਜਾਵਾਂ? ਤੇ ਜਾਕੇ ਕੀ ਮੂੰਹ ਵਿਖਾਵਾਂ? ਹੁਣ ਮੇਰੀ ਸਮਾਈ ਤੁਹਾਡੇ ਕੋਲ ਨਹੀਂ ਹੋ ਸਕਦੀ, ਇਹ ਕੈਂਹਦਿਆਂ ਹੀ ਗਸ਼ ਖਾਕੇ ਧਰਤੀ ਤੇ ਜਾ ਪਈ, ਸਾਹ ਰੁਕ ਗਿਆ, ਹਥ ਪੈਰ ਠੰਢੇ ਹੋ ਗਏ, ਅੱਖਾਂ ਦੀਆਂ ਪੁਤਲੀਆਂ ਫਿਰ ਗਈਆਂ, ਮੂੰਹ ਖੁਲ ਗਿਆ ਤੇ ਚੇਹਰਾ ਡਰਾਉਣਾ ਦਿੱਸਨ ਲੱਗਾ। ਪੰਡਤ ਬਹੁਤ ਘਬਰਾਇਆ, ਉਸਨੇ ਕੁੜੀ ਨੂੰ ਚੁਕਿਆ, ਉਸ ਦੇ ਮੂੰਹ ਵਿਚ ਪਾਣੀ ਪਾਇਆ, ਇਕ

ਸਿਖ ਨੇ ਪੱਖਾ ਝਲਿਆ, ਲੜਕੀ ਨੂੰ ਹੋਸ਼ ਆਈ, ਬੋਲਨ ਦਾ ਉਪ੍ਰਾਲਾ ਕੀਤਾ, ਪਰ ਸੁਕੀ ਹੋਈ ਜ਼ਬਾਨ ਚਲ ਨਾ ਸਕੀ, ਪੰਡਤ ਨੇ ਥੋੜਾ ਜਿਹਾ ਪਾਣੀ ਮੂੰਹ ਵਿਚਹੋਰ ਪਾਇਆ, ਕੁੜੀ ਉਠ ਕੇ ਬੈਹ ਗਈ।

ਕੁੜੀ ਦੀਆਂ ਗਲਾਂ ਨੇ ਬ੍ਰਾਹਮਨ ਲਈ ਮੁਸੀਬਤ ਦਾ ਇਕ ਹੋਰ ਦਫ਼ਤਰ ਖੋਲ ਦਿਤਾ ਤੇ ਉਸ ਨੇ 'ਔਕੜ ਵਿਚ ਇਕ ਹੋਰ ਔਕੜ' ਦੇਖੀ ਜੋ ਉਸ ਦੇ ਖਿਆਲ ਵਿਚ ਪਹਿਲੇ ਨਾਲੋਂ ਭੀ ਵਧੀਕ ਔਕੜ ਸੀ। ਬ੍ਰਾਹਮਨ ਉਤੇ ਲੜਕੀ ਦੇ ਏਸ ਕਥਨ ਨੇ ਬਿਜਲੀ ਦਾ ਅਸਰ ਕੀਤਾ ਤੇ ਉਸ ਨੇ ਬੜੀ ਹੀ ਨਿਰਾਸਤਾ ਭਰੀ ਨਿਗਾਹ ਨਾਲ ਖ਼ਾਲਸਾ ਜੀ ਵਲ ਡਿਠਾ, ਜਿਸ ਦਾ ਭਾਵ ਏਹ ਸੀ ਕਿ ਤੁਸੀ ਬੜੀ ਕ੍ਰਿਪਾਲਤਾ ਨਾਲ ਇਕ ਭਿਆਨਕ ਲੜਾਈ ਲੜ ਕੇ ਤੇ ਸੈਂਕੜੇ ਜਾਨਾਂ ਭੇਟ ਚੜ੍ਹਾ ਕੇ ਏਹ ਕੁੜੀ ਮੈਨੂੰ ਫੇਰ ਦਵਾਈ ਹੈ, ਪਰ ਮੇਰੇ ਬ੍ਰਾਦਰੀ ਵਾਲੇ ਇਸ ਨੂੰ ਆਪਣੇ ਨਾਲ ਖਾਨ ਪਾਨ ਦੀ ਆਗਿਆ ਨਹੀਂ ਦੇਣਗੇ, ਅਜਹੀ ਹਾਲਤ ਵਿਚ ਕੀ ਹੁਣ ਆਪਣੇ ਹਥੀਂ ਏਹ ਕੁੜੀ ਮੁਸਲਮਾਨਾਂ ਦੇ ਹਵਾਲੇ ਕਰਨੀ ਪਏਗੀ? ਏਹ ਖ਼ਿਆਲ ਸਨ ਜਿਨਾਂ ਵਲ ਕੁੜੀ ਨੇ ਅਪਣੇ ਪਿਤਾ ਦਾ ਧਿਆਨ ਕਰਾਇਆ ਤੇ ਪਿਤਾ ਇਸ ਖ਼ਿਆਲ ਦੇ ਸਾਮਣੇ ਆਉਂਦਿਆਂ ਹੀ ਘਬਰਾ ਉਠਿਆ ਤੇ ਉਸ ਨੇ ਸਿੰਘਾਂ ਵਲ ਨਿਗਾਹ ਫੇਰ ਕੇ ਪੁਛਿਆ ਕਿ ਕੀ ਮੇਰੀ ਇਸ ਮੁਸੀਬਤ ਦਾ ਭੀ ਕੋਈ ਇਲਾਜ ਆਪ ਦੇ ਪਾਸ ਹੈ?

ਬ੍ਰਾਹਮਣ ਤੇ ਉਸ ਲੜਕੀ ਦਾ ਭਾਵ ਸਮਝਨ ਵਿਚ ਸਿੰਘਾਂ ਨੂੰ ਚਿਰਨਹੀਂ ਲਗਾ, ਓਹ ਲੜਕੀ ਨੂੰ ਲੈਕੇ ਕੈਂਪ ਵਿਚ

ਆਗਏ, ਉਧਰ ਸ੍ਰਦਾਰ ਬਘੇਲ ਸਿੰਘ ਸਾਹਿਬ ਨੇ ਸਯਦ ਨੂੰ ਇਕ ਭੋਰੇ ਵਿਚ ਇਸਤ੍ਰੀਆਂ ਦੀ ਪੁਸ਼ਾਕ ਪਾਈ ਲੁਕੇ ਹੋਏ ਨੂੰ ਜਾ ਫੜਿਆ।

ਦੁਪੈਹਰ ਵੇਲੇ ਆਮ ਦਰਬਾਰ ਹੋਇਆ, ਦੂਰ ਨੇੜੇ ਦੇ ਪਿੰਡਾਂ ਦੇ ਆਦਮੀ ਕੱਠੇ ਕੀਤੇ ਗਏ, ਸਭਤੋਂ ਪਹਿਲੇ ਸਯਦ ਦਾ ਮੁਆਮਲਾ ਪੇਸ਼ ਹੋਇਆ, ਹਿੰਦੂ ਮੁਸਲਮਾਨ ਮਰਦਾਂ ਤੇ ਇਸਤ੍ਰੀਆਂ ਨੇ ਇਸਦੇ ਏਸ ਤਰਾਂ ਗੁਝੇ ਭੇਦ ਪ੍ਰਗਟ ਕੀਤੇ ਕਿ ਜਿਨ੍ਹਾਂ ਨੂੰ ਸੁਣਕੇ ਸ੍ਰੋਤੇ ਕੰਬ ਉਠੇ, ਸਯਦ ਨੂੰ ਮੌਤ ਦੀ ਸਜ਼ਾ ਦਿਤੀ ਗਈ।

ਫਿਰ ਬ੍ਰਾਹਮਨ ਦੀ ਲੜਕੀ ਪੇਸ਼ਹੋਈ, ਉਸਦੇ ਸੌਹਰੇ ਤੇ ਪੇਕੇ ਪਿੰਡ ਵਾਲਿਆਂ ਨੂੰ ਸਰਦਾਰ ਬਘੇਲ ਸਿੰਘ ਸਾਹਿਬ ਨੇ ਆਖਿਆ ਕਿ ਇਹ ਬੀਬੀ ਹੁਣ ਪੰਥ ਦੀ ਸ਼ਰਨ ਹੈ, ਇਸਦੇ ਨਾਲ ਹੁਣ ਪਹਿਲੇ ਵਾਂਗ ਖਾਣਾ ਪੀਣਾ ਪਵੇਗਾ। ਕਿਸੇਤਰਾਂ ਦੇ ਛੇਕਣ ਦਾ ਖਿਆਲ ਨਾਂ ਕਰਨਾ ਹੋਵੇਗਾ, ਸਾਰਿਆਂ ਨੇ ਬਿਨਾਂ ਕਿਸੇ ਹੀਲ ਹੁਜਤ ਦੇ ਉਸਦੇ ਹਥ ਦੀ ਕਚੀ ਰੋਟੀ ਖਾਧੀ, ਖਾਲਸਾ ਜੀ ਨੇ ਬਹੁਤ ਸਾਰੀ ਰਕਮ ਇਕੱਤਰ ਕਰਕੇ ਬ੍ਰਾਹਮਨ ਦੀ ਲੜਕੀ ਨੂੰ ਮਦਦ ਵਾਸਤੇ ਦਿਤੀ ਤੇ ਉਸਦੇ ਪਿਤਾ ਤੇ ਪਤੀ ਨਾਲ ਲੜਕੀ ਨੂੰ ਟੋਰ ਦਿਤਾ।

ਹਿੰਦੁਸਤਾਨੀਆਂ ਨੇ ਸ੍ਰਦਾਰ ਬਘੇਲ ਸਿੰਘ ਤੇ ਦੂਸਰੇ ਸਿਖ ਸ੍ਰਦਾਰਾਂ ਨੂੰ ਅਕਾਸ਼ੀਮਦਦ ਜਾਣਿਆਂ, ਓਹਨਾਂ ਨੂੰ ਭਰੋਸਾ ਹੋਗਿਆ ਕਿ ਇਹ ਗ਼ਰੀਬਾਂ, ਅਨਾਥਾਂ ਅਤੇ ਦੁਖਿਆਰੇ ਆਦਮੀਆਂ ਦੀਆਂ ਤਕਲੀਫਾਂ ਦੇਖਕੇ ਵਾਹਿਗੁਰੂ ਦੀ ਗ਼ੈਰਤ ਨੇ ਉਛਾਲਾ ਖਾਧਾ ਹੈ ਤੇ ਉਸਨੇ ਅਪਣੇ ਫਰਿਸ਼ਤਿਆਂ ਨੂੰ

ਮਨੁਖੀ ਰੂਪ ਵਿੱਚ ਸਿੱਖ ਬਣਾਕੇ ਪੈਦਾ ਕੀਤਾ ਹੈ, ਜੋ ਕੇਵਲ ਰਬ ਦੇ ਬੰਦਿਆਂ ਦੀ ਭਲਾਈ ਲਈ ਅਪਨੇ ਸਿਰ ਤਲੀ ਤੇ ਰੱਖਕੇ ਮੁਸੀਬਤਾਂ ਨੂੰ 'ਜੀ ਆਇਆਂ' ਕੈਹ ਰਹੇ ਹਨ, ਜਲਾਲ-ਦੀਨ ਨੂੰ ਅਪਣੇ ਕੰਮਾਂ ਦੀ ਭਿਆਨਕ ਸਜ਼ਾ ਮਿਲਦੀ ਵੇਖਕੇ ਸਾਰੇ ਆਸ ਪਾਸ ਦੇ ਲੋਕ ਜਿਨ੍ਹਾਂ ਨੂੰ ਅਪਣੇ ਰਈਸਾਂ, ਅਮੀਰਾਂ ਨਵਾਬਾਂ ਜਾਂ ਹਾਕਮਾਂ ਦੇ ਵਿਰੁਧ ਸ਼ਕਾਇਤਾਂ ਸਨ, ਅਪਨੀਆਂ ਅਪਨੀਆਂ ਵਿਥਯਾ ਸਿਖ ਸ੍ਰਦਾਰਾਂ ਨੂੰ ਸੁਨਾਣ ਲਗੇ, ਜਿਸ ਤੇ ਸ੍ਰਦਾਰ ਬਘੇਲ ਸਿੰਘ ਤੇ ਓਹਨਾਂ ਦੇ ਸਾਥੀ ਸਰਦਾਰਾਂ ਨੇ ਲੋਕਾਂ ਦੀ ਬੇਨਤੀ ਸੁਣਕੇ ਉਸ ਇਲਾਕੇ ਵਿਚ ਦੌਰਾ ਕੀਤਾ।

ਸਿੰਘਾਂ ਦੀ ਫੌਜ ਦਰਯਾ ਵਾਂਗ ਠਾਠਾਂ ਮਾਰਦੀ ਫਿਰਨ ਲਗੀ, ਕਿਸੇ ਥਾਂ ਇਕ ਤੇ ਕਿਸੇ ਥਾਂ ਦੋ ਦਿਨ ਪੜਾ ਹੋਂਦਾ ਸੀ, ਜਿਨ੍ਹਾਂ ਲੋਕਾਂ ਨੇ ਖ਼ਾਲਸਾ ਜੀ ਦੀ ਤਾਕਤ ਨੂੰ ਦੇਖ ਲਿਆ ਸੀ, ਓਹ ਅਪਨੇ ਆਪ ਆਕੇ ਮਿਲੇ, ਨਜ਼ਰਾਂ ਅਗੇ ਰਖਕੇ ਰਈਅਤ ਦੀਆਂ ਤਕਲੀਫਾਂ ਹਟਾਣ ਦਾ ਇਕਰਾਰ ਕਰਕੇ ਆਪੋ ਆਪਣੇ ਇਲਾਕਿਆਂ ਵਿਚ ਪਹਿਲੇ ਵਾਂਗ ਬੈਠੇ ਰਹੇ, ਪਰ ਕਈ ਥਾਵਾਂ ਦੇ ਰਈਸ ਜੰਗ ਲਈ ਤਿਆਰ ਹੋਏ, ਜਿਸ ਕਰਕੇ ਖ਼ਾਲਸਾ ਜੀ ਨੇ ਲੜਾਈ ਦੇ ਮੈਦਾਨ ਵਿਚ ਇਸ ਤਰਾਂ ਓਹਨਾਂ ਦੇ ਛੱਕੇ ਛੁਡਾਏ ਕਿ ਓਹਨਾਂ ਨੂੰ ਅਪਣੀ ਮੁਕਤੀ ਖ਼ਾਲਸਾ ਜੀ ਦੀ ਤਲਵਾਰ ਦੀ ਤੇਜ਼ ਧਾਰ ਹੇਠ ਹੀ ਦਿੱਸੀ, ਇਸ ਤਰਾਂ, 'ਮੁਜ਼ੱਫਰ ਨਗਰ, ਧਾਮ੍ਹ ਪੁਰ ਨਗੀਨਾ, ਰਾਮ ਪੁਰ, ਮੁਰਾਦਾਬਾਦ, ਚੰਦੌਸੀ, ਹਰਦੋਈ, ਅਲੀ ਗੜ੍ਹ, ਖੁਰਜਾ, ਹਾਥਰਸ, ਅਟਾਵਾ, ਅਨੂਪ ਸ਼ੈਹਰ, ਬਲੰਦ ਨਗਰ, ਬਿਜਨੌਰ, ਅੰਬਾਲਾ

ਸਹਾਰਨਪੁਰ, ਬਦਾਯੂੰ, ਕਾਸ ਗੰਜ, ਕਰਨਾਲ, ਦਿੱਲੀ ਆਦਕ ਸ਼ੈਹਰਾਂ ਵਿਚ ਪਹੁੰਚੇ, ਫਰੁਖ਼ਾਬਾਦ ਦਾ ਨਵਾਬ ਈਸ਼ਾ-ਖਾਂ, ਮੇਰਠ ਦਾ ਜ਼ਾਬਤਾ ਖਾਂ ਤੇ ਨਜੀਬਾ ਬਾਦ ਦਾ ਹਾਕਮ ਲੜਨ ਲਈ ਨਿਕਲੇ, ਓਹਨਾਂ ਦੇ ਨਾਲ ਕਾਫੀ ਫੌਜ ਸੀ, ਲੜਾਈ ਦਾ ਮੈਦਾਨ ਗਰਮ ਹੋਇਆ, ਦੋਹਾਂ ਪਾਸਿਆਂ ਦੇ ਬਹਾਦਰ ਜਾਨ ਤੋੜਕੇ ਲੜੇ, ਸ੍ਰਦਾਰ ਜੱਸਾ ਸਿੰਘ ਆਹਲੂ-ਵਾਲੀਆ ਫੱਟੜ ਹੋਗਿਆ ਤੇ ਕਈ ਸ੍ਰਦਾਰ ਸ਼ਹੀਦ ਹੋਏ, ਜਿੱਤ ਖ਼ਾਲਸਾਜੀ ਦੇ ਹੱਥ ਰਹੀ। ੫੫ ਹਜਾਰ ਦੇ ਮੁਲਦਾ ਹੁਕਾ ਤੇ ੩੩ ਹਜਾਰ ਦੀ ਸੋਟੀ ਹਾਕਮ ਦੇ ਘਰੋਂ ਨਿਕਲੀ ਤੇ ਖਾਲਸਾ ਫੌਜ ਫੇਰ ਪੰਜਾਬ ਵਿਚ ਮੁੜ ਆਈ।

ਇਸ ਸਫਰ ਤੇ ਜਾਣ ਸਮੇਂ ਖ਼ਾਲਸਾ ਜੀ ਨੇ ਪ੍ਰਣ ਕੀਤਾ ਸੀ ਕਿ ਜਿੰਨਾਂ ਰੁਪਿਆ ਸੁਧਾਈ ਵਿਚ ਮਿਲੇਗਾ ਓਹ ਸ੍ਰੀ ਦਰਬਾਰ ਸਾਹਿਬ ਤੇ ਖ਼ਰਚ ਕੀਤਾ ਜਾਵੇਗਾ, ਸੋ ਜਿਸ ਸਮੇਂ ਇਸ ਇਲਾਕੇ ਦੀ ਸੋਧ ਕਰਕੇ ਖਾਲਸਾ ਮੁੜਿਆ ਤਾਂ ਪ੍ਰਣ ਅਨੁਸਾਰ ਸ੍ਰਦਾਰ ਬਘੇਲ ਸਿੰਘ, ਸ੍ਰਦਾਰ ਜੱਸਾ ਸਿੰਘ ਆਹਲੂਵਾਲੀਆ, ਸ੍ਰਦਾਰ ਜੱਸਾ ਸਿੰਘ ਰਾਮਗੜ੍ਹੀਆ, ਸ੍ਰਦਾਰ ਜੈ ਸਿੰਘ, ਸ੍ਰਦਾਰ ਤਾਰਾ ਸਿੰਘ ਘੇਬਾ ਤੇ ਸ੍ਰਦਾਰ ਚੜ੍ਹਤ ਸਿੰਘ ਸਾਹਿਬ ਸੁਕਰ ਚਕੀਆ ਨੇ ਸੰਮਤ ੧੮੨੧ ਵਿਚ ਸਤ ਲੱਖ ਦੇ ਕਰੀਬ ਰੁਪਿਆ ਇਕੱਤ੍ਰ ਕਰਕੇ ਕ੍ਰੋੜੀ ਮਲ ਸ਼ਾਹੂਕਾਰ ਕੋਲ ਰਖਿਆ ਤੇ ਭਾਈ ਦੇਸ ਰਾਜ ਸਾਹਿਬ 'ਸੁਰ ਸਿੰਗ' ਨਿਵਾਸੀ ਨੂੰ ਸ੍ਰੀ ਦਰਬਾਰ ਸਾਹਿਬ ਦੀ ਉਸਾਰੀ ਦਾ ਕੰਮ ਸੌਂਪ ਕੇ ਇਕ ਮੋਹਰ ਦਿੱਤੀ ਗਈ ਕਿ ਲੋੜ ਸਮੇਂ ਚੀਜ਼ਾਂ ਮੰਗਾਣ ਲਈ ਏਹ ਮੋਹਰ ਲਾਕੇ ਪ੍ਰਵਾਨਾ ਜਾਰੀ ਕਰ ਦਿੱਤਾ

ਰਨ, ਸੰਮਤ ੧੯੩੩ ਵਿਚ ਸ੍ਰੋਵਰ, ਹਰਿਮੰਦਰ ਸਾਹਿਬ ਦੀ ਇਮਾਰਤ, ਪੁਲ, ਦਰਸ਼ਨੀ ਦਰਵਾਜ਼ੇ ਆਦਕ ਤਿਆਰ ਹੋ ਗਏ।

-:o:-

ਸ਼ੇਰਾਂ ਦੀ ਟੱਕਰ

"ਇਸ ਘਰ ਨੂੰ ਅੱਗ ਲਗ ਗਈ, ਘਰ ਦੇ ਚਰਾਗ਼ ਤੋਂ"

ਸ਼ੇਖ ਸਅਦੀ ਨੇ ਇਕ ਥਾਂ ਲਿਖਿਆ ਹੈ ਤੇ ਠੀਕ ਲਿਖਿਆ ਹੈ ਕਿ ਮੈਂ ਏਹ ਕਰ ਸਕਦਾ ਹਾਂ ਕਿ ਕਿਸੇ ਦਾ ਦਿਲ ਨਾਂ ਦੁਖਾਵਾਂ, ਪਰ ਈਰਖਾ ਵਾਲੇ ਨੂੰ ਕੀ ਆਖਾਂ ਜੋ ਬਿਨਾ ਕਿਸੇ ਕਾਰਨ ਦੇ ਹੀ ਗੁੱਸੇ ਹੈ।

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਦੁਨੀਆਂ ਵਿਚ ਸਚਾਈ ਦੀ ਰਖਯਾ ਲਈ ਖ਼ਾਲਸਾ ਪੈਦਾ ਕੀਤਾ, ਖ਼ਾਲਸੇ ਨੇ ਅਪਣੇ ਕੰਮਾਂ ਤੋਂ ਸਾਬਤ ਕਰ ਦਿਖਾਇਆ ਕਿ ਓਹ ਸਚਾਈ ਦੇ ਬਦਲੇ ਟੋਟੇ ਟੋਟੇ ਹੋਣ ਲਈ ਤਿਆਰ ਹੈ, ਜਿਉਂਦੇ ਅੱਗ ਵਿਚ ਸੜਨਾ ਕਬੂਲ ਕਰੇਗਾ ਤੇ ਹਸਦੇ ਮਥੇ ਚਰਖ਼ ਤੇ ਚੜ੍ਹਕੇ ਪੋਰੀ ਪੋਰੀ ਹੋ ਜਾਇਗਾ, ਪਰ ਸਚਾਈ ਤੋਂ ਇਕ ਇੰਚ ਦਾ ਕ੍ਰੋੜਵਾਂ ਹਿੱਸਾ ਵੀ ਐਧਰ ਓਧਰ ਹੋਣ ਨੂੰ ਤਿਆਰ ਨਹੀਂ, ਪਰ ਇਸ ਦੇਸ ਵਿਚ ਅਜਹੇ ਆਦਮੀ ਬਹੁਤ ਸਾਰੇ ਸਨ, ਜੋ ਖ਼ਾਲਸਾ ਜੀ ਦੀ ਇਜ਼ਤ ਅਤੇ ਮਰਤਬੇ ਨੂੰ ਦੇਖਕੇ ਦਿਲ ਹੀ

ਦਿਲ ਵਿਚ ਕੋਲੇ ਹੁੰਦੇ ਸਨ, ਇਹ ਇਕ ਸਚਾਈ ਹੈ ਕਿ ਇਸ ਤਰਾਂ ਦੇ ਆਦਮੀ ਹਰ ਸਮੇਂ ਰਿਆਸਤ ਪਟਿਆਲਾ ਵਿਚ ਮਿਲਦੇ ਰਹੇ ਹਨ।

ਸ੍ਰਦਾਰ ਬਘੇਲ ਸਿੰਘ ਦੀ ਜਾਗੀਰ ਤੇ ਪਟਿਆਲਾ ਰਿਆਸਤ ਦੀ ਹੱਦ ਆਪਸ ਵਿਚ ਮਿਲੀਆਂ ਹੋਈਆਂ ਸਨ, ਮੂੰਹ ਵਿਚ ਰਾਮ ਰਾਮ ਤੇ ਬੁਕਲ ਵਿਚ ਛੁਰੀ ਰਖਣ ਵਾਲਿਆਂ ਨੇ ਆਪਸ ਵਿਚ ਟਕਰਾਉਨ ਦੀ ਤਦਬੀਰ ਕੱਢੀ।

ਸ੍ਰਦਾਰ ਬਘੇਲ ਸਿੰਘ ਦੇ ਕੁਛ ਪਿੰਡਾਂ ਤੇ ਮਹਾਰਾਜਾ ਅਮਰ ਸਿੰਘ ਨੂੰ ਕਬਜ਼ਾ ਕਰਨ ਦੀ ਸਲਾਹ ਦਿਤੀ, ਤੇ ਸ਼ੈਹਰਾਂ ਤੇ ਅਪਣਾ ਕਬਜ਼ਾ ਕਰ ਲਿਆ, ਜਦ ਇਹ ਖ਼ਬਰ ਸ੍ਰਦਾਰ ਬਘੇਲ ਸਿੰਘ ਦੇ ਕੰਨੀਂ ਪੁੱਜੀ ਤਾਂ ਓਹਨਾਂ ਨੇ ਮਹਾਰਾਜਾ ਅਮਰ ਸਿੰਘ ਨੂੰ ਲਿਖਿਆ ਕਿਃ—

"ਆਪਦੇ ਚਾਲਬਾਜ਼ ਕਰਮਚਾਰੀਆਂ ਨੇ ਸਾਨੂੰ ਆਪਸ ਵਿਚ ਹੱਥ ਪਲੱਥੀ ਕਰਾਣ ਦਾ ਢੰਗ ਸੋਚਿਆ ਹੈ ਤੇ ਮੇਰੇ ਕੁਝ ਪਿੰਡਾਂ ਤੇ ਬਿਨਾ ਕਿਸੇ ਕਾਰਨ ਦੇ ਕਬਜ਼ਾ ਕਰ ਲਿਆ ਹੈ, ਇਹ ਗਲ ਉੱਕੀ ਹੀ ਅਯੋਗ ਤੇ ਅਨੁਚਤ ਹੈ, ਤੁਹਾਨੂੰ ਆਪਣੇ ਨੌਕਰਾਂ ਨੂੰ ਸਜ਼ਾ ਦੇਣੀ ਚਾਹੀਦੀ ਹੈ ਤੇ ਇਨਾਂ ਨੂੰ ਇਸਤਰਾਂ ਦਾ ਮੌਕਾ ਨਹੀਂ ਦੇਣਾ ਚਾਹੀਦਾ ਕਿ ਸਾਡੀ ਆਪਸ ਵਿਚ ਲੜਾਈ ਕਰਾਉਣ, ਮੇਰੇ ਪਿੰਡ ਸ਼ੀਘਰ ਹੀ ਮੋੜ ਦਿਓ ਤੇ ਦੋਸੀਆਂ ਨੂੰ ਸਜ਼ਾ ਦਿਓ।"

ਮਹਾਰਾਜਾ ਅਮਰ ਸਿੰਘ ਨੇ ਅਪਣੇ ਵਜ਼ੀਰਾਂ ਨੂੰ ਸਦਿਆ ਤੇ ਚਿਠੀ ਪੜ੍ਹਾਈ, ਓਹ ਗੁੱਸੇ ਵਿਚ ਭਰ ਗਏ ਤੇ ਮਹਾਰਾਜਾ ਸਾਹਿਬ ਨੂੰ ਇਨਾਂ ਸਮਝਾਇਆ ਕਿ ਤੁਹਾਡੇ

ਵਰਗੇ ਐਸ਼ਵਰ ਜਵਾਨ, ਪ੍ਰਤਾਪੀ ਅਤੇ ਉਚੇ ਮਰਤਬੇ ਵਾਲੇ ਦੇ ਸਾਹਮਣੇ ਸ੍ਰਦਾਰ ਬਘੇਲ ਸਿੰਘ ਕੀ ਚੀਜ਼ ਹੈ? ਜੋ ਸਿਰ ਚੜ੍ਹ ਰਿਹਾ ਹੈ, ਤੁਹਾਡੇ ਹੁਕਮ ਨਾਲ ਸੈਂਕੜੇ ਸ੍ਰਦਾਰ ਤੇ ਅਮੀਰ ਅਪਣੀ ਆਪਣੀ ਫੌਜ ਲੈਕੇ ਇਕੱਤ੍ਰ ਹੋ ਸਕਦੇ ਹਨ, ਪਰ ਸਰਦਾਰ ਬਘੇਲ ਸਿੰਘ ਦਾ ਸਾਥ ਦੇਣ ਵਾਲਾ ਕੇਹੜਾ ਹੈ? "ਚਣਾ ਭੁੜਕੇਗਾ ਤਾਂ ਕੀ ਪਹਾੜ ਢਾਏਗਾ?" । ਇਸ ਚਿਠੀ ਦਾ ਉੱਤਰ ਭੀ ਦੇਣਾ ਠੀਕ ਨਹੀਂ ।

ਪੰਥ ਪ੍ਰਕਾਸ਼ ਵਿਚ ਇਸ ਗਲ ਬਾਤ ਨੂੰ ਇਸਤਰਾਂ ਲਿਖਯਾ ਹੈ:—

ਛੋਡਨ ਤੇ ਗਾਮ ਭੂਪ ਦੀਓ ਹੈ ਜਵਾਬ ਜਬ ਤਬ ਸਭਹੀ ਮਝੈਲ ਚੜ੍ਹਕੇ ਐਹੈ ।

ਸੁਣ ਪਟਲੇਸ ਤੋ ਅਸੇਸ ਸਰਦਾਰ ਨਿਜ, ਕਾਰਦਾਰ ਸਦਕੇ ਸਲਾਹੇਂ ਕਰਤੇ ਭਏ । ਬੋਲੇ ਸ੍ਰਦਾਰ ਆਵੇਂ ਕਿਉਂ ਨਾਂ ਏਦੂ ਚਾਰ ਹਿਸੇ, ਪਾਰ ਤੇ ਉਰਾਰ ਕੇ ਮਝੈਲ ਬਲ ਲਾਏਕੇ । ਹੋਏਗੀ ਚੜ੍ਹਾਈ ਜਬ ਭਾਈ ਮਲਵਈਅਨ, ਕੀ ਬਿਨਾ ਹੀ ਲੜਾਈ ਉਨੇਂ ਮਾਰੇ ਹੈਂ ਦਬਾਏਕੇ ।

ਸਫਾ ੮੯੨ ।

ਸ੍ਰਦਾਰ ਬਘੇਲ ਸਿੰਘ ਨੇ ਜਦ ਡਿਠਾ ਕਿ ਉਸਦੀ ਚਿਠੀ ਦਾ ਉੱਤਰ ਵੀ ਨਹੀਂ ਮਿਲਿਆ ਤਾਂ ਆਪ ਨੇ ਸੰਮਤ ੧੮੨੬ ਵਿਚ ਪਟਿਆਲੇ ਤੇ ਚੜ੍ਹਾਈ ਕੀਤੀ, ਇਹਨਾਂ ਦਿਨਾਂ ਵਿਚ ਮਹਾਰਾਜਾ, ਅਮਰ ਸਿੰਘ ਸਾਹਿਬ ਮੂਨਕ ਵਲ ਭਟੀ ਰਾਜਪੂਤਾਂ ਨਾਲ ਲੜ ਰਹੇ ਸੀ, ਜਿਸ ਵੇਲੇ ਇਨਾਂ ਨੂੰ ਪਤਾ ਲਗਾ ਕਿ ਸਰਦਾਰ ਬਘੇਲ ਸਿੰਘ ਨੇ ਪਟਿਆਲੇ ਵਲ ਕੂਚ

ਕੀਤਾ ਹੈ, ਓਸੇ ਵੇਲੇ ਕੰਵਰ ਹਿਮਤ ਸਿੰਘ ਸਾਹਿਬਦੀ ਕਮਾਨ ਵਿਚ ਬਖਸ਼ੀ ਭਾਨ ਸਿੰਘ, ਦਰਯਾ ਸਿੰਘ, ਜੋਧ ਸਿੰਘ ਆਦਕ ਸਰਦਾਰਾਂ ਨੂੰ ਛਡਕੇ ਆਪ ਪਟਿਆਲੇ ਪੁਜੇ ਤੇ ਅਪਣੇ ਲਸ਼-ਕਰ ਨੂੰ ਠੀਕ ਕਰਕੇ ਪਿੰਡ ਘੜਾਮ ਤੇ ਸਰਦਾਰ ਬਘੇਲ ਸਿੰਘ ਦੇ ਨਾਲ ਆਕੇ ਜੰਗ ਛੇੜ ਦਿੱਤੀ।

ਪਟਿਆਲੇ ਵਲੋਂ ਸਰਦਾਰ ਬਖਸ਼ੂ ਸਿੰਘ ਬਖ਼ਤ ਗ਼ੜ੍ਹ, ਗੁਲਾਮ ਰਸੂਲ ਖਾਂ, ਪਾਖਰ ਸਿੰਘ, ਮਹਾਂ ਸਿੰਘ ਮੁਦਕੀ (ਮਹਾਰਾਜਾ ਅਮਰ ਸਿੰਘ ਦੇ ਸਾਲੇ) ਰਿਆਸਤ ਨਾਹਨ ਦੀ ਫੌਜ ਤੇ ਸਿੰਘ ਪੁਰੀਏ ਸਰਦਾਰ ਸਨ। ਦੂਜੇ ਪਾਸੇ ਸਰਦਾਰ ਬਘੇਲ ਸਿੰਘ ਦੇ ਨਾਲ ੨੦ ਹਜ਼ਾਰ ਸਵਾਰ ਪਹਿਲੇ ਸਨ, ਪਰ ਘੁੜਾਮ ਤੇ ਸ੍ਰਦਾਰ ਦੁਲਚਾ ਸਿੰਘ ੧੨ ਹਜ਼ਾਰ ਫੌਜ ਲੈਕੇ ਆ ਰਲਿਆ।

ਮਹਾਰਾਜਾ ਅਮਰ ਸਿੰਘ ਵਲੋਂ ਸ੍ਰਦਾਰ ਚੈਨ ਸਿੰਘ ਜੀ ਵਕੀਲ ਬਣਕੇ ਸ੍ਰ: ਬਘੇਲ ਸਿੰਘ ਦੇ ਕੋਲ ਰੈਂਹਦੇ ਸਨ, ਓਨ੍ਹਾਂ ਨੇ ਮਹਾਰਾਜਾ ਅਮਰ ਸਿੰਘ ਸਾਹਿਬ ਨੂੰ ਆਖਿਆ ਕਿ ਆਪ ਦੇ ਵਜ਼ੀਰਾਂ ਤੇ ਅਮੀਰਾਂ ਨੇ ਸਰਦਾਰ ਬਘੇਲ ਸਿੰਘ ਨਾਲ ਜੋ ਜੰਗ ਛੇੜੀ ਹੈ, ਇਹ ਇਨਾਂ ਦੀ ਬੇਸਮਝੀ ਹੈ, ਨਾਵਾਜਬ ਲਾਲਚ ਛਡੋ ਤੇ ਓਹਨਾਂ ਦੇ ਪਿੰਡਾਂ ਵਲੋਂ ਮੂੰਹ ਮੋੜੋ, ਨਹੀਂ ਤਾਂ ਲੜਾਈ ਹੋਣ ਨਾਲ ਤੁਹਾਡਾ ਹਰਜ ਤੇ ਸਰਾਸਰ ਨੁਕਸਾਨ ਹੈ, ਲੜਾਈ ਕਰਕੇ ਜਿਤਣਾ ਕਠਨ ਹੈ ਤੇ ਇਹ ਤੁਹਾਡੇ ਨੌਕਰਾਂ ਦਾ ਕਚਾ ਖ਼ਿਆਲ ਹੈ ਪਰ:—

ਸੁਣਦਾ ਕੌਣ ਸੀ ਢੋਲ ਢਮਕਿਆਂ ਵਿਚ,
ਨਿਕੀ ਜਹੀ ਅੰਵਾਜ ਇਹ ਤੂਤੜੀ ਦੀ।

ਸ੍ਰਦਾਰ ਚੈਨ ਸਿੰਘ ਦੀ ਅਵਾਜ਼ ਨੂੰ ਕਿਸੇ ਨਾਂ ਸੁਣਿਆ।

ਜੰਗ ਸ਼ੁਰੂ ਹੋਈ, ਘਮਸਾਨ ਦਾ ਯੁਧ ਮਚਿਆ, ਇਹ ਆਪਸ ਵਿਚ ਸ਼ੇਰਾਂ ਦੀ ਟੱਕਰ ਸੀ, ਤਿਨ ਦਿਨ ਐਨੀ ਜ਼ੋਰ ਦੀ ਲੜਾਈ ਹੋਈ,ਕਿ ਵੇਖਣ ਵਾਲੇ ਹੈਰਾਨ ਸਨ। ਪਰ ਸਿਖਾਂ ਦਾ ਸਿਖਾਂ ਨਾਲ ਲੜਨਾ ਸਿਖਾਂ ਨੂੰ ਪ੍ਰਵਾਨ ਨਹੀਂ ਸੀ, ਭੂਮਾ ਸਿੰਘ ਥਾਨੇਸਰ, ਸ੍ਰਦਾਰ ਦੇਸੂ ਸਿੰਘ, ਸ੍ਰਦਾਰ ਜਸਾ ਸਿੰਘ ਆਹਲੂਵਾਲੀਆ ਨੇ ਸੁਲ੍ਹਾ ਦੀ ਗਲ ਛੇੜੀ ਤੇ ਮਹਾਰਾਜਾ ਅਮਰ ਸਿੰਘ ਸਾਹਿਬ ਦੇ ਹੁਕਮ ਨਾਲ ਚੈਨ ਸਿੰਘ ਨੇ ਸ੍ਰਦਾਰ ਬਘੇਲ ਸਿੰਘ ਦਾ ਘੋੜਾ ਅਗੋਂ ਆ ਫੜਿਆ ਤੇ ਬੇਨਤੀ ਕੀਤੀ ਕਿ ਸ੍ਰਦਾਰ ਜੀ! ਬਸ ਕਰੋ,ਆਪਣੇ ਪਿੰਡ ਮੋੜ ਲੋ ਤੇ ਤਲਵਾਰ ਮਿਆਨ ਵਿਚ ਕਤੋ, ਜੋ ਹੋਗਈ ਸੋ ਹੋਗਈ, ਹੁਣ ਜਾਣ ਦਿਓ, ਅਗੋਂ ਸੋਚ ਕੇ ਕੰਮ ਕੀਤਾ ਜਾਵੇਗਾ। ਦੋਹਾਂ ਪਾਸਿਆ ਹਥਿਆਰ ਸੁਟ ਦਿਤੇ ਤੇ ਖੁਲੇ ਦਿਲਾਂ ਨਾਲ ਆਪਸ ਵਿਚ ਮਿਲੇ।

ਮਹਾਰਾਜਾ ਅਮਰ ਸਿੰਘ ਸਾਹਿਬ ਨੂੰ ਸ੍ਰਦਾਰ ਬਘੇਲ ਸਿੰਘ ਜੀ ਦੀ ਤਾਕਤ ਦਾ ਪਤਾ ਲਗ ਚੁਕਾ ਸੀ, ਓਹਨਾ ਨੇ ਫਰਮਾਇਆ ਕਿ ਐਡੇ ਵਡੇ ਸ੍ਰਦਾਰ ਨਾਲ ਪਿਆਰ ਪਾਉਣਾ ਤੇ ਉਸ ਨੂੰ ਸਾਥੀ ਬਨਾਉਣਾ ਵਾਜਬ ਹੀ ਨਹੀਂ ਸਗੋਂ ਜਰੂਰੀ ਹੈ, ਇਸ ਲਈ ਆਪ ਨੇ ਓਸੇ ਵੇਲੇ ਟਿਕਾ ਸਾਹਿਬ ਸਿੰਘ ਨੂੰ ਸਦਿਆ ਤੇ ਸ੍ਰਦਾਰ ਬਘੇਲ ਸਿੰਘ ਸਾਹਿਬ ਦੇ ਹਥੋਂ ਅੰਮ੍ਰਿਤ ਛਕਾਇਆ*।

---

*ਜਿਸ ਤਰਾਂ ਮਹਾਰਾਜਾ ਅਮਰ ਸਿੰਘ ਨੇ ਮਿਤ੍ਰਤਾ ਨੂੰ ਵਧਾਉਣ ਤੇ ਪਕਾ ਕਰਨ ਲਈ ਅਪਣੇ ਸਾਹਿਬ ਜ਼ਾਦੇ ਟਿਕਾ

ਸਾਹਿਬ ਸਿੰਘ ਨੂੰ ਸ੍ਰਦਾਰ ਬਘੇਲ ਸਿੰਘ ਸਾਹਿਬ ਤੋਂ ਅੰਮ੍ਰਤ ਛਕਾਇਆ ਏਸੇ ਹੀ ਤਰਾਂ ਮਹਾਰਾਜਾ ਆਲਾ ਸਿੰਘ ਸਾਹਿਬ ਨੇ ਅਪਨੇ ਸਪੁਤਰ ਟਿਕਾ ਅਮਰ ਸਿੰਘ ਨੂੰ ਸ੍ਰਦਾਰ ਜਸਾ ਸਿੰਘ ਆਹਲੂਵਾਲੀਏ ਦੇ ਹਥੋਂ ਅੰਮ੍ਰਤ ਪਾਨ ਕਰਾਇਆ। ਇਹ ਗਲਾਂ ਇਸ ਗਲ ਦੀਆਂ ਸਾਖੀ ਹਨ ਕਿ ਮਿਸਲਾਂ ਦੇ ਵੇਲੇ ਸ੍ਰਦਾਰ ਤੇ ਜਥੇਦਾਰ ਸਿਖ ਧਰਮ ਦੇ ਪਕੇ ਵਿਸ਼ਵਾਸ਼ੀ ਹੁੰਦੇ ਸਨ, ਕਨਿੰਘਮ ਸਾਹਿਬ ਅਪਣੀ ਪ੍ਰਸਿਧ ਪੁਸਤਕ 'ਹਿਸਟਰੀ ਆਫ ਦੀ ਸਿਖਜ਼' ਤੇ 'ਸੀਅਰੁਲਮਤਾਖਰੀਨ' ਦੇ ਲੇਖਕ ਨੇ ਇਕ ਹੋਰ ਘਟਨਾ ਦਸਦੇ ਹੋਏ ਲਿਖਿਆ ਹੈ ਕਿ ਨਜ਼ੀਰੁਲ ਦੌਲਾ (ਗੰਗਾ ਤੇ ਜਮਨਾ ਦੇ ਵਿਚਕਾਰਲੇ ਹਿਸੇ ਤੇ ਕਾਬਜ਼ ਅਤੇ ਸ੍ਰਦਾਰ ਬਘੇਲ ਸਿੰਘ ਸਾਹਿਬ ਦੇ ਗਵਾਂਢ ਰੈਂਹਦਾ ਸੀ) ਦੇ ਮਰਨ ਪਿਛੋਂ ਉਸ ਦਾ ਪੁਤਰ ਜ਼ਾਬਤਾ ਖਾਂ ਅਪਣੇ ਪਿਤਾ ਦੀ ਗਦੀ ਦਾ ਵਾਰਸ ਬਣਿਆਂ ਤੇ ਸ਼ਹਿਨਸ਼ਾਹ ਦਿਲੀ ਵਲੋਂ ਉਸ ਨੂੰ ਸਹਾਰਨਪੁਰ ਦੇ ਅਲਾਕੇ ਦੀ ਹਕੂਮਤ ਮਿਲੀ, ਜ਼ਾਬਤਾ ਖਾਂ ਨੇ ਸਿਖ ਧਰਮ ਕਬੂਲ ਕਰਕੇ ਅੰਮ੍ਰਤ ਛਕ ਲਿਆ ਤੇ ਉਸ ਦਾ ਨਾਮ ਧਰਮ ਸਿੰਘ ਰਖਿਆ ਗਿਆ [ਦੇਖੋ ਕਨਿੰਘਮ ੧੨੪ ਫਰੰਟੀਅਰ ਦਾ ਸਫਰਨਾਮਾ ਹਿਸਾ ਪੈਹਲਾ ਸਫਾ ੩੨੫, ਬਰਾਉਨ ਦਾ ਇੰਡਆ ਟ੍ਰੈਕਟ ਦੂਜਾ ਹਿਸਾ ਸਫਾ ੨੯, ਫਰਾਂ-ਕਲਨ ਦਾ ਸ਼ਾਹ ਆਲਮ ਸਫਾ ੭੨ ਤੇ ਸੱਯਰਉਲ ਮੁਤਾ-ਖ਼ਰੀਨ ਸਫਾ ੧੧੪ ਜਿਲਦ ਤੀਸਰੀ।]

ਏਹ ਗਲਾਂ ਉਸ ਸੰਮੇਂ ਦੇ ਸਿਖ ਸ੍ਰਦਾਰਾਂ ਦੇ ਦਿਲਾਂ

ਰਿਆਸਤ ਦੀ ਸਾਂਝ ਪ੍ਰੇਮ ਤੇ ਪਯਾਰ ਇਸ ਤਰਾਂ ਦਾ ਪੱਕਾ ਹੋ ਗਿਆ ਕਿ ਫਿਰ ਜਦ ਕਦੀ ਪਟਯਾਲਾ ਸਟੇਟ ਨੂੰ ਕਿਸੇ

ਵਿਚ ਸਿਖੀ ਦੇ ਪ੍ਰਚਾਰ ਲਈ ਜੇਹੜੀ ਉਮੰਗ ਠਾਠਾਂ ਮਾਰਦੀ ਰੈਂਹਦੀ ਸੀ ਉਹਦਾ ਕੁਝ ਪਤਾ ਲਗਾਂਦੀਆਂ ਹਨ, ਕਿ ਉਨਾਂ ਦੇ ਦਿਲਾਂ ਵਿਚ ਸਿਖੀ ਦਾ ਪ੍ਰੇਮ ਕਿਨਾਕੁ ਜੋਸ਼ ਠਾਠਾਂ ਮਾਰਦਾ ਸੀ ਤੇ ਓਹ ਸਿਖੀ ਤੇ ਐਨੇ ਪ੍ਰਪਕ ਅਤੇ ਪਿਆਰੇ ਸਨ ਕਿ ਓਹਨਾਂ ਦਾ ਅਮਲੀਜੀਵਨ ਆਪਣਿਆਂ ਤੇ ਬਗਾਨਿਆਂ ਦੇ ਦਿਲਾਂ ਵਿਚ ਸਿਖ ਧਰਮ ਲਈ ਇਕੋ ਜਹੀ ਖਿਚ ਪਾਉਂਦਾ ਸੀ, ਦੁਨੀਆਂ ਦਾ ਤੇਜ, ਪ੍ਰਤਾਪ, ਐਸ਼ਵਰਜ ਤੇ ਧਨ ਦੌਲਤ ਮਿਲ ਜਾਣ ਤੇ ਭੀ ਓਹ ਅਪਨੇ ਵਾਹਿਗੁਰੂ ਦੇ ਹੁਕਮਾਂ ਨੂੰ ਨਹੀਂ ਭੁਲੇ, ਅਪਣੇ ਫਰਜ਼ ਪੂਰੇ ਕਰਨ ਵਿਚ ਢਿਲੜ ਨਹੀਂ ਬਣੇ, ਗੁਰੂ ਜੀਦੇ ਦਸੇ ਹੋਏ ਰਾਹ ਨੂੰ ਅਖਾਂ ਤੋਂ ਓਹਲੇ ਨਹੀਂ ਹੋਣ ਦਿਤਾ, ਰੱਬੀ ਹੁਕਮ ਆਦਮੀਆਂ ਤਕ ਪੁਚਾਨ ਦਾ ਜੋ ਕਰਾਰ ਕੀਤਾ ਸੀ ਓਹ ਪੂਰਾ ਕੀਤਾ ਤੇ ਖਾਲਸਾ ਧਰਮ ਧਾਰਨ ਕਰਕੇ ਜੋ ਸ਼ਾਂਤੀ ਤੇ ਅਨੰਦ ਓਹਨਾਂ ਨੂੰ ਮਿਲਿਆ ਸੀ ਹਰ ਇਕ ਆਦਮੀ ਨੂੰ ਉਸਤੋਂ ਲਾਭ ਪੁਚਾਣ ਦਾ ਉਪਰਾਲਾ ਕਰਦੇ ਰੈਂਹਦੇ ਸਨ, ਏਹੋ ਕਾਰਨ ਹੈ ਕਿ ਹੋਰ ਤਾਂ ਹੋਰ ਜ਼ਾਬਤਾ ਖ਼ਾਂ ਵਰਗੇ ਆਦਮੀ ਜਿਨਾਂ ਦਾ ਸਿਖਾਂ ਨਾਲ ਮੁਢ ਦਾ ਵੈਰ ਸੀ ਤੇ ਜਿਨਾਂ ਦਾ ਪਿਤਾ ਨਸੀਰ ਉਲ ਦੌਲਾ ਹਮੇਸ਼ਾ ਸਿਖਾਂ ਦੇ ਨਾਲ ਲੜਦਾ ਰਿਹਾ, ਮਹਾਰਾਸ਼ਟਰ ਦੇ ਮਰਹੱਟਿਆਂ ਦਾ ਇਕ ਜੱਥਾ ਨਾਲ ਲੈਕੇ ਇਕ ਭਾਰੀ ਲੜਾਈ ਦੀ ਚਾਹ ਕਰਦਾ ਇਹ ਕੈਂਹਦਾ ਮਰ ਗਿਆ ਕਿ:-

ਤਰਾਂ ਦਾ ਖਤਰਾ ਮਲੂਮ ਹੋਇਆ, ਸ੍ਰਦਾਰ ਬਘੇਲਸਿੰਘ ਅਪਣੇ ਆਪ ਪੁਜੇ ਤੇ ਦੁਸਮਨਾਂ ਦੇ ਪੰਜੇ ਤੋਂ ਬਚਾਇਆ। ਨਾਨੂੰ ਮਲ ਦੀ ਗ਼ਦਾਰੀ, ਗੌਹਰ ਅਲੀ ਦੇ ਧੋਖੇ, ਭਟੀਆਂ ਦੇ ਝਗੜੇ ਤੇ ਮਰਹਟਿਆਂ ਦੀਆਂ ਲੜਾਈਆਂ ਸਮੇਂ ਸ੍ਰਦਾਰ ਬਘੇਲ ਸਿੰਘ ਨੇ ਪਟਿਆਲਾ ਰਿਆਸਤ ਨੂੰ ਜਿਸ ਤਰਾਂ ਬਚਾਇਆ ਓਹ ਖਾਸ ਕਰਕੇ ਉਪਮਾ ਯੋਗ ਸੀ।

—ះoះ—

ਅਗ ਦਿਲੇ ਦੀ ਮੂਲ ਨ ਬੁਝਸੀ ਵਿਚ ਕਬਰ ਵੀ ਜਾਕੇ।
ਚਨਾਰ ਜੰਮੇਗਾ ਗੋਰ ਮੇਰੀ ਤੇ ਵੇਖ ਲੈਣਾ ਪ੍ਰਤਾਕੇ।

ਓਹ ਜ਼ਾਬਤ ਖ਼ਾਂ ਸਰਦਾਰ ਸਿਖਾਂ ਦੇ ਜੀਵਨ ਦੇ ਉੱਚ ਭਾਵ ਤੇ ਮੋਹਤ ਹੋਕੇ ਖ਼ਾਲਸਾ ਬਣ ਗਿਆ, ਜ਼ਾਬਤ ਖ਼ਾਂ ਦੇ ਸਿੰਘ ਬਣਨ ਤੋਂ ਮਲੂਮ ਹੋ ਸਕਦਾ ਹੈ ਕਿ ਸਿਖ ਸਿਖ ਧਰਮ ਨੂੰ ਉੱਚਾ ਧਰਮ ਅਤੇ ਸਾਰੇ ਬੰਦਿਆਂ ਦਾ ਧਰਮ ਸਮਝਦੇ ਸਨ। ਸਭਨਾਂ ਲਈ ਇਸਦੇ ਬੂਹੇ ਇਕੋ ਜਹੇ ਖੁਲੇ ਰੈਂਹਦੇ ਸਨ, ਕਾਸ਼! ਅਜ ਕਲ ਦੇ ਸਿਖ ਸਰਦਾਰ ਵੀ ਇਹੋ ਜਿਹੇ ਧਰਮ ਪਯਾਰ ਤੇ ਸਿਖੀ ਦੇ ਪ੍ਰਚਾਰ ਲਈ ਇੰਨੇ ਤਯਾਰ ਬਰ ਤਯਾਰ ਹੋਂਦੇ।

ਪਟਯਾਲਾ ਖ਼ਤਰੇ ਵਿਚ

"ਸਾਥੋਂ ਮੰਦਾ ਹੋਰ, ਤੁਸੀਂ ਨਾਂ ਵੇਖਸੋ
ਕੀਤੇ ਪਾਪ ਹਨ ਘੋਰ, ਜਗ ਵਿਚ ਅਸਾਂ ਨੇ।"

ਸੰਨ ੧੭੮੦ ਵਿਚ ਮਹਾਰਾਜਾ ਅਮਰ-ਸਿੰਘ ਜੀ ਨੇ ਅੱਖਾਂ ਮੀਟੀਆਂ, ਆਪ ਦੀ ਥਾਂ ਆਪ ਦਾ ਸਪੁਤ੍ਰ ਤਖ਼ਤ ਤੇ ਬੈਠਾ, ਗੱਦੀ ਤੇ ਬੈਠਣ ਸਮੇਂ ਮਹਾਰਾਜਾ ਸਾਹਿਬ ਸਿੰਘ ਦੀਆਯੂ ਕੇਵਲ ੭ ਸਾਲ ਦੀ ਸੀ, ਇਸ ਲਈ ਵਜ਼ੀਰੀ ਵਾਸਤੇ ਸਾਰੇ ਐਹਲਕਾਰ ਹਥ ਪੈਰ ਮਾਰਨ ਲਗੇ।

ਨਾਨੂੰ ਮਲ ਨਾਮੀ ਇਕ ਬਾਣੀਆਂ ਮਹਾਰਾਜਾ ਅਮਰ-ਸਿੰਘ ਦੇ ਸਮੇਂ ਦੀਵਾਨੀ ਦੇ ਹੁਦੇ ਤੇ ਲਗਾ ਹੋਇਆ ਸੀ, ਇਹ ਆਦਮੀ ਬੜਾ ਚਲਾਕ, ਪਰਲੇ ਦਰਜੇ ਦਾ ਚਾਲ ਬਾਜ਼ ਤੇ ਮੱਕਾਰ ਸੀ, ਇਹਦਾ ਵਤਨ ਪਿੰਡ ਸੁਨਾਮ ਸੀ, ਸੁਨਾਮ ਅਰਬੀ ਜ਼ਬਾਨ ਦਾ ਸ਼ਬਦ ਹੈ, ਇਸਦਾ ਮਤਲਬ ਹੈ ਊਠ ਦਾ ਕੁਹਾਨ, ਕਿਉਂਕਿ ਇਹ ਕਸਬਾ ਭੀ ਉਚੀ ਨੀਵੀਂ ਥਾਂ ਤੇ ਵਸਿਆ ਹੋਇਆ ਹੈ, ਇਸਵਾਸਤੇ ਇਸਦਾ ਇਹ ਨਾਮ ਪਿਆ। ਨਾਨੂੰਮਲ ਵੀ ਅਪਣੇ ਪਿੰਡ ਵਾਂਗ ਦਿਲ ਦੇ ਉਚੇ ਨੀਵੇਂ ਸਨ, ਦੂਜੇ ਐਹਲਕਾਰਾਂ ਵਾਂਗ ਇਹ ਹਥ ਪੈਰ ਮਾਰਨ ਲਗੇ, ਮਹਾ-ਰਾਜਾ ਸਾਹਬ ਦੇ ਖ਼ਾਨਦਾਨ ਵਿਚ ਉਸਸਮੇਂ ਸਭਤੋਂ ਵਡੀ ਰਾਣੀ 'ਹੁਕਮਾਂ' ਮਹਾਰਾਜਾ ਅਮਰ ਸਿੰਘ' ਸਾਹਿਬ ਦੀ ਮਾਤਾ ਸਨ, ਇਹ ਓਨ੍ਹਾਂ ਦੇ ਪਾਸ ਪਹੁੰਚਾ ਤੇ ਬਿਨੈ ਕੀਤੀ ਕਿ ਮੈਂ ਇਸ

ਘਰਾਣੇ ਦਾ ਪੁਰਾਣਾ ਨੌਕਰ ਤੇ ਮੁਢ ਤੋਂ ਨਿਮਕ ਖਾਣ ਵਾਲਾ ਹਾਂ, ਮੇਰੇ ਸਰੀਰ ਦਾ ਰੋਮ ਰੋਮ ਆਪਦੀ ਬਖਸ਼ੀਸ਼ ਨਾਲ ਬਣਿਆ ਹੈ, ਜੇ ਰਿਆਸਤ ਦੀ ਵਜ਼ੀਰੀ ਦਾ ਕੰਮ ਮੈਨੂੰ ਸੌਂਪਿਆ ਜਾਵੇ ਤਾਂ ਆਪਦੀ ਕੁਲ ਦੀ ਭਲਾਈ, ਵਾਧਾ ਤੇ ਰਿਆਸਤ ਦੀ ਤਰੱਕੀ ਤੇ ਸ਼ੁਭ ਚਿੰਤਨੀ ਦਾ ਕੋਈ ਸਮਾਂ ਹਥੋਂ ਨਹੀਂ ਗਵਾਵਾਂਗਾ, ਰਾਣੀ ਹੁਕਮਾਂ ਨੇ ਸਿਖ ਸਰਦਾਰਾਂ ਨੂੰ ਸੱਦਿਆ, ਵਜ਼ੀਰੀ ਬਾਬਤ ਓਹਨਾਂ ਦੀ ਸਲਾਹ ਲੀਤੀ, ਦੂਜੇ ਉਮੇਦ ਵਾਰਾਂ ਦੇ ਨਾਲ ਨਾਨੂੰ ਮਲ ਦਾ ਨਾਮ ਭੀ ਪੇਸ਼ ਹੋਇਆ, ਨਾਨੂੰ ਮਲ ਨੇ ਹਰ ਤਰਾਂ ਨਾਲ ਏਹ ਯਕੀਨ ਕਰਾਨ ਦਾ ਉਪ੍ਰਾਲਾ ਕੀਤਾ ਕਿ ਮੈਂ ਰਿਆਸਤ ਦਾ ਸ਼ੁਭਚਿੰਤਕ ਹੋਣ ਵਿਚ ਕੋਈ ਢਿਲ ਨਹੀਂ ਕਰਾਂਗਾ।

ਕੋਈ ਅਜੇਹਾ ਕੰਮ ਮੈਥੋਂ ਨਹੀਂ ਹੋਵੇਗਾ ਜਿਸ ਤੋਂ ਕਿਸੇ ਤਰਾਂ ਦੀ ਸ਼ਕੈਤ ਦਾ ਆਪ ਨੂੰ ਸਮਾਂ ਮਿਲੇ, ਪਰ ਨਾਨੂੰ-ਮਲ ਤੋਂ ਸਿਖ ਸ੍ਰਦਾਰ ਅਨਜਾਣ ਨਹੀਂ ਸਨ, ਓਹਨਾਂ ਨੂੰ ਪਤਾ ਸੀ ਕਿ ਮਹਾਰਾਜਾ ਅਮਰ ਸਿੰਘ ਦੇ ਵੇਲੇ ਵਢੀ ਖਾਣ ਦੇ ਦੋਸ ਵਿਚ ਏਸ ਆਦਮੀ ਨੂੰ ਚਾਰ ਲਖ ਰੁਪੱਯਾ ਡੰਡ ਲਗ ਚੁਕਾ ਹੈ, ਦੂਜੇ ਪਾਸੇ ਇਹ ਭੀ ਖਿਆਲ ਸੀ ਕਿ ਮਹਾਰਾਜਾ ਦੇ ਛੋਟਾ ਹੋਣ ਦੇ ਕਾਰਨ ਵਜ਼ੀਰ ਦਾਨਾ ਹੋਣਾ ਚਾਹੀਦਾ ਹੈ ਤਾਂ ਜੋ ਰਿਆਸਤ ਦੇ ਕੰਮ ਵਿਚ ਕਿਸੇ ਤਰਾਂ ਦਾ ਵਿਘਨ ਨਾ ਪਵੇ, ਨਾਨੂੰ ਮਲ ਦੀ ਚੁਸਤੀ ਚਲਾਕੀ ਤੋਂ ਸਭ ਜਾਣੂ ਸਨ, ਉਸ ਦਾ ਮਿੰਨਤ ਤਰਲਾ ਕੰਮ ਕਰ ਗਿਆ ਤੇ ਏਹ ਫੈਸਲਾ ਹੋਇਆ ਕਿ ਅਗੋਂ ਲਈ ਨੇਕ ਚਲਨ ਰੈਹਨ ਤੇ ਇਕ ਮੌਕਾ ਇਹਨੂੰ ਦਿਤਾ ਜਾਵੇ।

ਨਾਨੂੰ ਮਲ ਵਜੀਰ ਬਣਿਆਂ, ਥੋੜੇ ਹੀ ਦਿਨਾ ਵਿਚ ਅਪਨੀ ਖੁਸ਼ਾਮਦ ਅਤੇ ਚਾਪਲੂਸੀ ਦੇ ਕਾਰਨ ਇਹ ਰਾਣੀ ਸਾਹਿਬਾ ਹੁਕਮਾਂ ਤੇ ਬਾਲ ਮਹਾਰਾਜਾ ਸਾਹਿਬ ਸਿੰਘ ਦੇ ਅਜਿਹਾ ਮੂੰਹ ਲਗਾ ਤੇ ਉਸ ਨੂੰ ਅਜਿਹਾ ਵਸ ਕੀਤਾ ਕਿ ਓਹ ਬਿਨਾ ਇਸ ਦੇ ਪੁਛੇ ਕੋਈ ਗਲ ਭੀ ਨਹੀਂ ਕਰਦੇ ਸਨ, ਜਦ ਇਸ ਨੇ ਜਾਣਿਆਂ ਕਿ ਮੇਰਾ ਜਾਦੂ ਚਲ ਗਿਆ ਹੈ, ਤਾਂ ਅਪਨੀ ਕਮੀਨੀ ਆਦਤ ਤੋਂ ਲਾਚਾਰ ਹੋ ਕੇ ਓਹ ਕੰਮ ਕਰਨ ਲਗਾ, ਜਿਨਾਂ ਕਰਕੇ ਰਿਆਸਤ ਦੇ ਸਾਰੇ ਕੰਮ ਧੰਧੇ ਇਕ ਇਸੇ ਦੇ ਹਥ ਵਿਚ ਹੋ ਜਾਣ, ਭਲਾ ਬੁਰਾ ਜੋ ਜੀ ਚਾਹੇ ਕਰੇ ਇਸ ਨੂੰ ਪੁਛਣ ਵਾਲਾ ਕੋਈ ਨਾ ਹੋਵੇ।

ਨਾਨੂੰ ਮਲ ਜਾਣਦਾ ਸੀ ਕਿ ਜਦ ਤਦ ਮਹਾਰਾਜਾ ਸਾਹਿਬ ਦੀ ਕੁੱਲ ਦੇ ਰਈਸ ਤੇ ਹੋਰ ਸਿਖ ਸ੍ਰਦਾਰ ਰਿਆਸਤ ਦੇ ਸ਼ੁਭਚਿੰਤਕ ਹਨ ਉਸ ਵੇਲੇ ਤਕ ਓਹਦੀ ਦਾਲ ਗਲਣੀ ਕਠਨ ਹੈ, ਇਸ ਲਈ ਇਸ ਨੇ ਸਭ ਤੋਂ ਪੈਹਲੇ ਏਹ ਚਾਲ ਖੇਡੀ ਕਿ ਪਟਿਆਲੇ ਦੇ ਓਹ ਸਾਰੇ ਸ੍ਰਦਾਰ ਜੋ ਸ਼ਾਹੀ ਘਰਾਣੇ ਨਾਲ ਸੰਬੰਧ ਰਖਦੇ ਸਨ, ਇਕ ੨ ਕਰਕੇ ਇਹਨਾਂ ਨੂੰ ਰਿਆਸਤ ਦਾ ਦੋਖੀ ਅਤੇ ਦੁਸ਼ਮਨ ਦਸਕੇ ਮਹਾਰਾਜਾ ਸਾਹਿਬ ਸਿੰਘ ਤੇ ਰਾਣੀ ਹੁਕਮਾ ਨੂੰ ਏਹਨਾਂ ਤੋਂ ਘ੍ਰਿਣਾ ਦਵਾਈ, ਫੇਰ ਇਕ ੨ ਤੇ ਚੜ੍ਹਾਈ ਕਰਕੇ ਓਹਨਾਂ ਦੀਆਂ ਜਾਇਦਾਦਾਂ ਖੋਹ ਲਈਆਂ, ਜਿਹਾ ਕਿਃ—

(੧) ਰਾਣੀ ਦੇਸੋ ਦਾ ਭਰਾ ਸਰਦਾਰ ਮਹਾਂ ਸਿੰਘ ਕਿਲਾ ਭਵਾਨੀ ਗੜ੍ਹ ਵਿਚ ਰੈਂਹਦਾ ਸੀ, ਸਭ ਤੋਂ ਪਹਿਲੇ ਓਹਨਾਂ ਵਲ ਵਾਗਾਂ ਮੋੜੀਆਂ, ਝੱਟ ਫੌਜਾਂ ਲੈਕੇ ਚੜ੍ਹਾਈ ਕੀਤੀ

ਗਈ, ਤਿੰਨ ਮਹੀਨੇ ਦੀ ਲੜਾਈ ਮਗਰੋਂ ਇਸ ਸਰਦਾਰ ਨੂੰ ਜਿੱਤਕੇ ਕਿਲਾ ਭਵਾਨੀ ਗੜ੍ਹ ਵਿਚੋਂ ਕੱਢ ਦਿਤਾ ਤੇ ਉਸ ਕੋਲੋਂ ਇਕ ਲੱਖ ਰੁਪਿਆ ਜੁਰਮਾਨਾਂ ਵਸੂਲ ਕੀਤਾ।

(੨) ਸਰਦਾਰ ਬਖਸ਼ੂ ਸਿੰਘ ਦੀ ਵਿਧਵਾ ਤੇ ਸਰਦਾਰ ਸੁਖਚੈਨ ਸਿੰਘ ਬਠਿੰਡੇ ਦੇ ਪੁਰਾਣੇ ਰਈਸ ਦੀ ਲੜਕੀ ਬੀਬੀ ਰਾਜ ਕੌਰ ਤੇ ਚੜ੍ਹਾਈ ਕੀਤੀ, ਇਹਨਾਂ ਦਾ ਇਲਾਕਾ ਫਤਹ ਕਰਕੇ ਬਹੁਤ ਸਾਰਾ ਰੁਪਿਆ ਵਸੂਲ ਕੀਤਾ।

(੩) ਮਹਾਰਾਜਾ ਅਮਰ ਸਿੰਘ ਦੀ ਰਾਣੀ ਖੇਮ ਕੌਰ ਦਾ ਭਰਾ ਆਲਾ ਸਿੰਘ ਭਿਖੀ ਵਿਚ ਰੈਂਹਦਾ ਸੀ, ਨਾਨੂੰ ਮਲ ਨੇ ਫੌਜ ਲੈਕੇ ਉਸ ਪਾਸੇ ਮੂੰਹ ਕੀਤਾ, ਪਰ ਸਰਦਾਰ ਆਲਾ ਸਿੰਘ ਲੜਾਈ ਦਾ ਹੌਸਲਾ ਨਾਂ ਵੇਖਕੇ ਤਲਵੰਡੀ ਵਲ ਨੱਸ ਗਿਆ, ਤੇ ਓੜਕ ਤਿੰਨ ਲਖ ਰੁਪਿਆ ਦੀਵਾਨ ਨਾਨੂੰ ਮਲ ਦੀ ਭੇਟਾ ਕਰਕੇ ਪਿੱਛਾ ਛੁਡਾਇਆ।

(੪) ਮੂਲਾਪੁਰ ਦਾ ਹਾਕਮ ਸ੍ਰਦਾਰ ਸ੍ਰਦੂਲ ਸਿੰਘ ਸੀ, ਏਹ ਸ੍ਰਦਾਰ ਰਾਣੀ ਖੇਮ ਕੌਰ ਦਾ ਸਾਕ ਸੀ, ਇਸ ਤੇ ਦਸ ਲਖ ਰੁਪਏ ਹੜਪ ਕਰਨ ਦਾ ਦੋਸ ਲਾਕੇ ਚੜਾਈ ਕੀਤੀ ਪਰ:—

ਸ਼ਕਾਰੀ ਨੂੰ ਹਰ ਵਾਰ ਮਿਲੇ ਸ਼ਕਾਰ ਨਾ,
ਚਿਤਰੇ ਲੈਂਦੇ ਫਾੜ ਮਥਿਓ ਹਿਰੇ ਜਦ।

੨੦ ਦਿਨ ਭਾਰੀ ਲੜਾਈ ਹੋਈ ਜਿਸ ਵਿਚ ਨਾਨੂੰ ਮਲ ਫਟੜ ਹੋਕੇ ਫੜਿਆਗਿਆ।

ਰਿਆਸਤ ਦੇ ਸ਼ੁਭਚਿੰਤਕ ਸਭ ਤੋਂ ਵਧੀਕ ਓਹ ਆਦਮੀ ਹੋ ਸਕਦੇ ਸਨ, ਜਿਨਾਂ ਦੇ ਰਿਆਸਤ ਨਾਲ ਨੇੜੇ ਦੇ ਸੰਬੰਧ ਸਨ, ਨਾਨੂੰ ਮਲ ਨੇ ਰਿਆਸਤ ਦੇ ਸ਼ਾਹੀ ਘਰਾਣੇ ਨਾਲ

ਮਤਾ ਰਖਣ ਵਾਲਿਆਂ ਨੂੰ ਇਕ ੨ ਕਰਕੇ ਓਹਨਾਂ ਤੇ ਬਾਗ਼ੀ ਅਤੇ ਗ਼ਦਾਰੀ ਦਾ ਦੋਸ ਲਾਇਆ ਤੇ ਨਾਸ ਕਰ ਦਿਤਾ, ਓਹਨਾਂ ਵਿਚੋਂ ਕੋਈ ਤਾਕਤ ਵਾਲਾ ਨਾ ਇਸ ਲਈ ਰਿਹਾ, ਓਹਨਾਂ ਦੇ ਦਿਲ ਰਿਆਸਤ ਵਲੋਂ ਖੱਟੇ ਹੋਗਏ।

ਨਾਨੂੰ ਮਲ ਨੇ ਦੂਸਰਾ ਪੈਰ ਚੁਕਿਆ, ਓਹ ਪੈਰ ਏਹ ਸੀ ਕਿ ਰਿਆਸਤ ਦੇ ਸਾਰੇ ਜ਼ਮੇਂ ਵਾਰੀ ਦੇ ਔਹਦੇ ਇਕ ੨ ਕਰਕੇ ਸਿਖਾਂ ਪਾਸੋਂ ਖੋਹ ਲਏ ਤੇ ਓਹਨਾਂ ਦੀ ਥਾਂ ਉਤੇ ਅਪਣੇ ਆਦਮੀ ਲਾ ਦਿਤੇ।

ਇਕ ਰਾਮ ਦਿਆਲ ਤੋਂ ਛੁਟ ਬਾਕੀ ਦੇ ਸਾਰੇ ਔਹਲਕਾਰ ਇਸਦੇ ਅਪਨੇ ਰਿਸ਼ਤੇਦਾਰ ਸਨ, ਜੋ ਇਸ ਦੀਆਂ ਸੈਨਤਾਂ ਤੇ ਨੱਚਦੇ ਸਨ,* ਸਿਰਕਰਦੇ ਸਿਖ ਅਪਨੇ ਵਡੇ ੨ ਔਹਦਿਆਂ ਤੋਂ ਹਟਾ ਦਿਤੇ ਜਾਣ ਕਰਕੇ ਅਪਨੇ ਅਪਨੇ ਘਰਾਂ ਵਿਚ ਜਾਂ ਬੈਠੇ ਤੇ ਰਾਣੀਆਂ ਦੇ ਸਾਕਾਂ ਦਾ ਦਿਲ ਰਿਆਸਤ ਦੇ ਵਰਤਾਓ ਨਾਲ ਸੜ ਗਿਆ ਸੀ। ਬਾਲ ਉਮਰ ਮਹਾਰਾਜਾ ਸਾਹਿਬ ਸਿੰਘ ਦੇ ਖਿਆਲ ਅਜੇਹੇ ਕਰ ਦਿਤੇ ਸਨ ਕਿ ਓਹ ਖੇਡਣ ਤੋਂ ਛੁਟ ਹੋਰ ਕੁਛ ਜਾਣਦਾ ਹੀ ਨਹੀਂ ਸੀ, ਰਿਆਸਤ ਪਟਿਆਲਾ ਦਾ ਕਰਤਾ ਧਰਤਾ ਨਾਨੂੰ ਮਲ ਬਣ ਗਿਆ ਤੇ ਹਰ ਪਾਸੇ ਏਸੇ ਦਾ ਹੁਕਮ ਚੱਲਣ ਲਗਾ।

---

*ਹਰ ਇਕ ਵਡੇ ਵਡੇ ਔਹਦੇ ਤੇ ਇਸ ਨੇ ਅਪਨੇ ਪੁਤਰ ਅਤੇ ਰਿਸ਼ਤੇਦਾਰ ਲਾਏ ਹੋਏ ਸਨ, ਪਰ ਕੇਵਲ ਇਕ ਮੀਰ ਮੁਨਸ਼ੀ ਦਾ ਹੁਦਾ ਰਾਮ ਦਿਆਲ ਕੋਲ ਸੀ। (ਤ੍ਵਾਰੀਖ਼ ਖ਼ਾਲਸਾ ਸਫ਼ਾ ੪੦੪)

ਨਾਨੂੰ ਮਲ ਨੇ ਜਦ ਦੇਖ਼ਿਆ ਕਿ ਮੈਂ ਹੁਣ ਹਰ ਤਰਾਂ ਨਾਲ ਸੁਤੰਤ੍ਰ ਬਣ ਗਿਆ ਹਾਂ, ਇਸਦੇ ਹੰਕਾਰ ਅਤੇ ਗੁਮਾਨ ਦੀ ਹਦ ਟਪ ਗਈ, 'ਗਿਆਨੀ ਗਿਆਨ ਸਿੰਘ ਜੋ ਨਾਨੂੰਮਲ ਦਾ ਹਦੋਂ ਵਧ ਉਪਮਾ ਕਰਨ ਵਾਲਾ ਹੈ ਲਿਖਦਾ ਹੈ ਕਿਃ—

"ਇਹਨਾਂ ਤਕਲੀਫ਼ਾਂ ਤੋਂ ਛੁਟ ਓਹ ਕਚੈਹਰੀ ਵਿਚ ਬੈਠਕੇ ਪੇਚਵਾਨੀ ਹੁਕਾ ਪੀਂਦਾ ਸੀ ਤੇ ਸਿਖ ਸਰਦਾਰਾਂ ਉਤੇ ਧੂਏਂ ਦੇ ਬੰਬ ਛਡਦਾ ਹੁੰਦਾ ਸੀ, ਇਸ ਕਰਕੇ ਸਾਰੇ ਸਿਖ ਇਸਤੋਂ ਘ੍ਰਿਣਾ ਕਰਦੇ ਅਤੇ ਵਿਰੋਧੀ ਹੋ ਗਏ ਸਨ, ਏਸੇ ਤਕੱਬਰ ਕਰਕੇ ਕੋਈ ਸਿਖ ਸਰਦਾਰ ਇਸਦਾ ਵੇਲੇ ਸਿਰ ਮਦਤੀ ਨਾਂ ਬਣਿਆ।"

ਜਦ ਨਾਨੂੰ ਮਲ ਨੇ ਰਾਣੀ ਖੇਮ ਕੌਰ ਦੇ ਭਰਾ ਤੇ ਹਮਲਾ ਕੀਤਾ ਤਾਂ ਓਹਨਾਂ ਨੇ ਏਹਨੂੰ ਫੜ ਲਿਆ, ਰਿਆ-ਸਤ ਪਟਿਆਲਾ ਦੀ ਅਜਹੀ ਭਿਆਨਕ ਦਸ਼ਾ ਦੇਖਕੇ ਰਾਣੀ ਰਾਜਿੰਦਰ ਕੌਰ ਜੋ ਮਹਾਰਾਜਾ ਅਮਰ ਸਿੰਘ ਸਾਹਿਬ ਦੀ (ਚਾਚੇ ਦੀ ਧੀ) ਭੈਣ ਸੀ ਫੌਜ ਲੈਕੇ ਪਟਿਆਲੇ ਆ ਪੁਜੀ ਉਸ ਨੇ ਆਉਂਦਿਆਂ ਹੀ ਨਾਨੂੰ ਮਲ ਨੂੰ ਕੈਦ ਵਿਚੋਂ ਛੁਡਾਇਆ, ਵਜ਼ੀਰੀ ਦਾ ਕੰਮ ਅਪਣੇ ਹਥ ਲੀਤਾ ਤੇ ਨਾਨੂੰ ਮਲ ਨੂੰ ਸਹਾਇਕ ਬਣਾਇਆ।

ਜੇ ਰਾਜਿੰਦਰ ਕੌਰ ਪਟਿਆਲੇ ਪਹੁੰਚ ਕੇ ਨਾਨੂੰ ਮਲ ਦੀ ਖ਼ੁਲਾਸੀ ਨਾ ਕਰਾਉਂਦੀ ਤਾਂ ਨਾਨੂੰ ਮਲ ਨੂੰ ਸਾਰੀ ਉਮਰ ਛੁਟਕਾਰਾ ਨਸੀਬ ਨਾ ਹੁੰਦਾ, ਬੇੜੀਆਂ ਪਏ ਹੀ ਇਸ ਜਹਾਨ ਤੋਂ ਕੂਚ ਕਰਨਾ ਪੈਂਦਾ, ਇਸਲਈ ਉਸ ਨੂੰ ਰਾਣੀ ਰਾਜਿੰਦਰ-ਕੌਰ ਦਾ ਧੰਨਵਾਦੀ ਹੋਣਾ ਚਾਹੀਦਾ ਸੀ ਕਿ ਇਕ ਤਾਂ ਉਸਨੇ

ਕੈਦ ਤੋਂ ਛੁਡਾਇਆ, ਦੂਜੇ ਉਸ ਦੇ ਰਿਆਸਤ ਦੀ ਵੈਰਾਨੀ ਅਤੇ ਬ੍ਰਬਾਦੀ ਦੇ ਕੰਮਾਂ ਤੇ ਪੜਦਾ ਪਾਕੇ ਫਿਰ ਵਜ਼ੀਰ ਬਨਾਇਆ, ਪਰ ਨਾਨੂੰ ਮਲ ਦੀ ਮਿੱਟੀ ਹੀ ਕੁਝ ਇਸ ਭਾਂਤ ਦੀ ਸੀ ਕਿ ਓਹ ਅਪਣੇ ਸ਼ੈਤਾਨਪੁਣੇ ਤੋਂ ਨਹੀਂ ਮੁੜ ਸਕਦਾ ਸੀ ਤੇ ਓਹ ਨਾ ਮੁੜਿਆ। ਹੁਣ ਉਸ ਦੇ ਅਪਣੇ ਹਥਾਂ ਵਿਚ ਕੁਛ ਨਹੀਂ ਸੀ ਕਿ ਰਿਆਸਤ ਪਟਿਆਲੇ ਨੂੰ ਮਲੀਆ ਮੇਟ ਕਰਦਾ, ਇਸ ਲਈ ਉਸ ਨੇ ਇਕ ਨਵੀਂ ਚਾਲ ਚਲੀ ਤੇ ਓਹ ਚਾਲ ਏਹ ਸੀ ਕਿ ਉਸ ਨੇ ਧਾਰਾ ਰਾਓ ਮਰਹਟੇ ਨੂੰ ਪਟਿਆਲੇ ਸਦਿਆ ਤੇ ਲਿਖਿਆ ਕਿ ਇਸ ਵੇਲੇ ਪਟਿਆਲੇ ਦੀ ਗਦੀ ਤੇ ਸਾਹਿਬ ਸਿੰਘ ਮਹਾਰਾਜਾ ਹੈ, ਜੋ ਕਿ ਅਨਜਾਣ ਹੈ, ਰਿਆਸਤ ਦੀ ਵਜ਼ੀਰ ਇਕ ਇਸਤ੍ਰੀ ਹੈ, ਜੇ ਇਸ ਵੇਲੇ ਫੌਜ ਲੈਕੇ ਆ ਜਾਓ, ਤਾਂ ਬਿਨਾ ਕਿਸੇਤਰਾਂ ਦੀ ਖਿਚ ਦੇ ਪਟਿਆਲਾ ਰਿਆਸਤ ਤੇ ਕਬਜ਼ਾ ਕਰ ਸਕਦੇ ਹੋ। ਮਰਹੱਟਿਆਂ ਲਈ ਇਸ ਤੋਂ ਵਧ ਕੇ ਹੋਰ ਖੁਸ਼ਨਸੀਬੀ ਦੀ ਕੇਹੜੀ ਗਲ ਹੋ ਸਕਦੀ ਸੀ ਕਿ ਓਹ ਬਿਨਾ ਹਥ ਹਲਾਏ ਪਟਿਆਲੇ ਤੇ ਕਬਜ਼ਾ ਕਰ ਲੈਣ, ਸੋ ਓਹਨਾ ਨੇ ਖਬਰ ਮਿਲਦਿਆਂ ਹੀ ਪਟਿਆਲੇ ਵਲ ਕੂਚ ਕਰ ਦਿਤਾ।

ਰਿਆਸਤ ਪਟਿਆਲਾ ਦੀ ਨਾਨੂੰ ਮਲ ਦੇ ਹਥੋਂ ਤਬਾਹੀ ਤੇ ਵੈਰਾਨੀ, ਤੇ ਮਰਹੱਟਿਆਂ ਦੀ ਚੜ੍ਹਾਈ ਦੀ ਖਬਰ ਸ੍ਰਦਾਰ ਬਘੇਲ ਸਿੰਘ ਦੇ ਕੰਨੀ ਪੁਜੀ, ਸ੍ਰਦਾਰ ਬਘੇਲ ਸਿੰਘ ਇਕ ਸਿਖ ਰਿਆਸਤ ਨੂੰ ਨਾਸ ਹੁੰਦਿਆਂ ਵੇਖਕੇ ਕੰਬ ਉਠਿਆ, ਉਸਦੀ ਕੌਮੀ ਅਣਖ ਨੇ ਜੋਸ਼ ਦਿੱਤਾ ਕਿ ਜਿਸ ਤਰਾਂ ਭੀ ਹੋਵੇ ਇਸ ਰਿਆਸਤ ਨੂੰ ਬਚਾਇਆ ਜਾਵੇ, ਨਾਨੂੰ ਮਲ ਦੇ ਮਰ-

ਹੱਟਿਆਂ ਨਾਲ ਰਲ ਜਾਣ ਦੀ ਖ਼ਬਰ ਤੋਂ ਸਰਦਾਰ ਬਘੇਲ ਸਿੰਘ ਜੀ ਜਾਣੂ ਸਨ, ਹੁਣ ਓਹ ਹੈਰਾਨ ਸਨ ਕਿ ਕਰੀਏ ਤਾਂ ਕੀ ਕਰੀਏ, ਕਿਉਂਕਿ ਇਥੇ ਤਾਂ ਮੁਦਈ ਸੁਸਤ ਤੇ ਉਗਾਹ ਚੁਸਤ ਵਾਲੀ ਗਲ ਬਣੀ ਹੈ, ਪਟਿਆਲੇ ਦਾ ਵਜ਼ੀਰ ਤਾਂ ਮਰਹੱਟਿਆਂ ਨੂੰ ਸਦਦਾ ਹੈ ਕਿ ਆਓ, ਇਸ ਹਾਲਤ ਵਿਚ ਸ੍ਰਦਾਰ ਬਘੇਲ ਸਿੰਘ ਦਾ ਮਰਹੱਟਿਆਂ ਨੂੰ ਲੜਾਈ ਲਈ ਵੰਗਾਰਨਾ ਕੋਈ ਅਰਥ ਨਹੀਂ ਸੀ ਰਖਦਾ, ਸੋ ਸ੍ਰਦਾਰ ਬਘੇਲ ਸਿੰਘ ਨੇ ਅਕਲ ਦਾ ਦਾਓ ਖੇਡਿਆ, ਓਹ ਅਪਣੀ ਫੌਜ ਲੈਕੇ ਮਰਹੱਟਾ ਸਰਦਾਰ ਦੇ ਨਾਲ ਆ ਰਲਿਆ ਤੇ ਮਿਤ੍ਰਤਾ ਪਾਕੇ ਸਃ ਦੀਵਾਨ ਸਿੰਘ ਲੰਡਾ ਤੇ ਸ੍ਰਃ ਮਤਾਬ ਸਿੰਘ ਬਾਨੇਸਰੀ ਦੇ ਨਾਲ ਪਟਿਆਲੇ ਵਲ ਕੂਚ ਕੀਤਾ, ਜਦ ਮਰਹਟਾ ਸ੍ਰਦਾਰ ਪਹੁੰਚਾ ਤਾਂ ਦੀਵਾਨ ਨਾਨੂੰ ਮਲ, ਬੀਬੀ ਰਾਜਿੰਦਰ ਕੌਰ ਤੇ ਰਾਜਾ ਗਜਪਤ ਸਿੰਘ ਵਾਲੀਏ ਜੀਂਦ ਅਗੋਂ ਜਾ ਮਿਲੇ।

ਸ੍ਰਦਾਰ ਬਘੇਲ ਸਿੰਘ ਦਾ ਧਾਰਾ ਰਾਓ ਦੇ ਨਾਲ ਰਲ ਜਾਣਾ ਪਟਿਆਲਾ ਸਟੇਟ ਦੇ ਜੀਵਨ ਦਾ ਕਾਰਨ ਬਣਗਿਆ, ਕਿਉਂਕਿ ਧਾਰਾ ਰਾਓ ਹੁਣ ਹਰ ਕੰਮ ਸ੍ਰਦਾਰ ਬਘੇਲ ਸਿੰਘ ਦੀ ਸਲਾਹ ਨਾਲ ਕਰਨ ਲਗਗਿਆ ਸੀ ਤੇ ਓਹਨਾਂ ਦੇ ਹੁੰਦਿਆਂ ਨਾਨੂੰ ਮਲ ਭੀ ਪਟਿਆਲੇ ਦੇ ਵਿਰੁਧ ਕੋਈ ਸਲਾਹ ਨਹੀਂ ਦੇ ਸਕਦਾ ਸੀ।

ਧਾਰਾ ਰਾਓ ਨੇ ਨੇੜੇ ੨ ਦੇ ਸ੍ਰਦਾਰਾਂ ਕੋਲੋਂ ਨਜ਼ਰਾਂ ਲੈਣੀਆਂ ਸ਼ੁਰੂ ਕੀਤੀਆਂ, ਕੋਟ ਆਦਕ ਦਾ ਜਿਨਾ ਇਲਾਕਾ ਪਟਿਆਲੇ ਦਾ ਅੰਬਾਲੇ ਦੇ ਜ਼ਿਲੇ ਵਿਚ ਸੀ ਉਸ ਤੇ ਫੇਰ

ਦੁਬਾਰਾ ਕਬਜ਼ਾ ਕਰ ਲਿਆ ਤੇ ਸਠ ਹਜਾਰ ਰੁਪਇਆ ਚੱਟੀ ਦਾ ਓਹਨਾਂ ਤੋਂ ਲੀਤਾ।

ਅੰਬਾਲੇ ਦੇ ਜ਼ਿਲੇ ਵਿਚੋਂ ਵੇਹਲੇ ਹੋਕੇ ਕਸਬਾ ਬਨੂੜ ਵਲ ਧਿਆਨ ਕੀਤਾ, ਏਹ ਕਸਬਾ ਸੁਦਾਰ ਖੁਸਹਾਲ ਸਿੰਘ ਸਿੰਘ ਪੁਰ ਵਾਲੇ ਦੇ ਹਥਾਂ ਵਿਚ ਸੀ, ਇਥੋਂ ਨਜ਼ਰਾਨਾ ਲੈਕੇ ਸੁਦਾਰ ਬਘੇਲ ਸਿੰਘ ਦੀ ਸਲਾਹ ਨਾਲ ਬੀਬੀ ਰਾਜਿੰਦਰ ਕੌਰ ਤੇ ਨਾਨੂੰ ਮਲ ਨੇ ਮਰਹੱਟੇ ਸੁਦਾਰ ਨੂੰ ਦੋ ਲੱਖ ਰਪਯਾ ਦੇ ਕੇ ਮੋੜਿਆ।

ਸੁਦਾਰ ਬਘੇਲ ਸਿੰਘ ਜੀ ਕੁਛ ਚਿਰ ਤਕ ਪਟਿਆਲੇ ਵਿਚ ਹੀ ਰਹੇ, ਨਾਨੂੰ ਮਲ ਦੀਆਂ ਖੋਟੀਆਂ ਚਾਲਾਂ ਤੋਂ ਦੁਖੀ ਹੋਏ ੨ ਸੁਦਾਰਾਂ ਨੂੰ ਫਿਰ ਇਕਠੇ ਕੀਤਾ ਤੇ ਰਿਆਸਤ ਦੇ ਘਰੋਗੀ ਜੰਗ ਦੀ ਇਸ ਤਰਾਂ ਸਮਾਪਤੀ ਹੋਈ।

ਭੱਟੀਆਂ ਦਾ ਇਲਾਕਾ ਜੋ ਮਹਾਰਾਜਾ ਅਮਰ ਸਿੰਘ ਸਾਹਿਬ ਨੇ ੩੦ ਵਰ੍ਹਿਆਂ ਦੀ ਕਰੜੀ ਮੇਹਨਤ ਨਾਲ ਲੀਤਾ ਸੀ, ਓਹ ਨਾਨੂੰ ਮਲ ਦੀ ਮੇਹਰਬਾਨੀ ਨਾਲ ਹਥੋਂ ਜਾਂਦਾ ਰਿਹਾ ਸੀ, ਸੁਦਾਰ ਬਘੇਲ ਸਿੰਘ ਨੇ ਫਿਰ ਵਾਪਸ ਦਵਾਇਆ, ਇਸੇ ਤਰਾਂ ਪਿੰਡ ਸੰਘਤਾ, ਭੋਨਾ ਝੰਡਾਤੋਂ ਮਾਲ ਗੁਜ਼ਾਰੀ ਲੈਕੇ ਪਟਿਆਲਾ ਸਟੇਟ ਪਹਿਲੇ ਵਾਂਗ ਅਪਣੇ ਪੈਰਾਂ ਤ ਖੜੀ ਹੋਜਾਣ ਦੇ ਮਗਰੋਂ ਸੁਦਾਰ ਬਘੇਲ ਸਿੰਘ ਜੀ ਅਪਣੀ ਰਿਆਸਤ ਵਿਚ ਮੁੜ ਆਏ।

ਦਿੱਲੀ ਦੀ ਪਟਯਾਲੇ ਤੇ ਚੜ੍ਹਾਈ

ਨਵੰਬਰ ਸਨ ੧੭੭੨ ਈਸਵੀ ਵਿਚ ਬਹੀ ਕੜ੍ਹੀ ਨੇ ਉਬਾਲਾ ਖਾਧਾ, ਅਰ-ਥਾਤ ਸ਼ਹਨਸ਼ਾਹ ਦਿਲੀ ਦਾ ਦਿਲ ਫੇਰ ਪੰਜਾਬ ਵਲ ਉਛਲਿਆ, ਮੂੰਹ ਵਿਚ ਪਾਣੀ ਭਰ ਗਿਆ ਤੇ ਸਲਾਹ ਕੀਤੀ ਕਿ ਪੰਜਾਬ ਸਿਖਾਂ ਪਾਸੋਂ ਖੋਹਿਆ ਜਾਵੇ, ਇਸ ਲਈ ਸ਼ਹਜ਼ਾਦਾ ਫਰਖ਼ੰਦਾ ਬਖ਼ਤ ਨੂੰ ਅਬਦੁਲ ਵਾਹਦ ਕਸ਼ਮੀਰੀ, ਮਜੀਦੁਲ-ਦੌਲਾ ਤੇ ਅਬਦੁਲਾ ਖ਼ਾਂ ਦੇ ਨਾਲ ਇਸ ਕੰਮ ਲਈ ਭੇਜਿਆ, ੨੦ ਹਜ਼ਾਰ ਲੜਾਕੇ ਸਿਪਾਹੀ ਨਾਲ ਸਨ।

ਸ਼ਾਹੀ ਫੌਜ ਬੜੇ ਠਾਠ ਬਾਠ ਨਾਲ ਦਿਲੀਓਂ ਨਿਕਲੀ ਤੇ ਬੜੀ ਸ਼ਾਨ ਨਾਲ ਪੰਜਾਬ ਵਲ ਕੂਚ ਕੀਤਾ, ਸਭਤੋਂ ਪੈਹਲੇ ਸ਼ਹਜ਼ਾਦੇ ਨੂੰ ਸਰਦਾਰ ਬਘੇਲ ਸਿੰਘ ਜੀ ਨਾਲ ਵਾਹ ਪਿਆ, ਸਰਦਾਰ ਸਾਹਿਬ ਬੜੇ ਹੁਸ਼ਿਆਰ ਤੇ ਫੁਰਤੀਲੇ ਸਨ, ਇਹਨਾਂ ਦਾ ਚਿਤ ਜੰਗ ਕਰਨ ਤੋਂ ਹਮੇਸ਼ਾ ਸੰਕੋਚ ਕਰਦਾ ਰਿਹਾ ਹੈ, ਇਸ ਲਈ ਓਹਨਾਂ ਨੇ ਸ਼ਹਜ਼ਾਦੇ ਨੂੰ ਬਥੇਰਾ ਸਮ-ਝਾਇਆ ਬੁਝਾਇਆ ਕਿ ਪੰਜਾਬ ਵਾਲਿਆਂ ਨੂੰ ਅਪਣੀ ਕਿਸਮਤ ਤੇ ਛਡ ਦਿਓ, ਇਹਨਾਂ ਦੇ ਦੁਖ ਨਾਲ ਐਵੇਂ ਅਪਨਾ ਦਿਲ ਨਾ ਦੁਖਾਓ, ਜਦ ਤੁਸੀਂ ਅਪਣੇ ਨੇੜੇ ਦੇ ਸੂਬਿਆਂ ਦਾ ਪ੍ਰਬੰਧ ਚੰਗੀ ਤਰਾਂ ਨਹੀਂ ਕਰ ਸਕਦੇ ਤਾਂ ਐਨੇ ਦੂਰ ਦੇ ਅਲਾਕੇ ਦਾ ਤੁਹਾਡੇ ਕਬਜ਼ੇ ਵਿਚ ਰੈਹਣਾ ਕਠਨ ਹੈ, ਕਠਨ

ਹੀ ਨਹੀਂ ਸਗੋਂ ਤੁਹਾਡੇ ਉਤੇ ਭਾਰ ਹਨ। ਏਹ ਲਾਭਦਾਇਕ ਨਸੀਹਤ ਨਾ ਤਾਂ ਸਹਜ਼ਾਦੇ ਦੇ ਦਮਾਗ਼ ਵਿਚ ਆਈ ਤੇ ਨਾ ਹੀ ਏਹ ਨਸੀਹਤ ਅਬਦੁਲ ਵਾਹਦ ਕਸਮੀਰੀ ਨੂੰ ਚੰਗੀ ਲਗੀ, ਸ੍ਰਦਾਰ ਬਘੇਲ ਸਿੰਘ ਨੇ ਸਮਝ ਲਿਆ ਕਿ ਲਤਾਂਦੇ ਭੂਤ ਗਲਾਂ ਨਾਲ ਵਸ ਨਹੀਂ ਹੋਣਗੇ, ਆਪਨੇ ਰਾਜ ਨੀਤੀ ਵਰਤੀ, ਅਪਨੇ ਵਲੋਂ ਨਜ਼ਰਾਨਾ ਦਿਤਾ ਤੇ ਫੋਜ ਸਣੇ ਇਸ ਲੜਾਈ ਵਿਚ ਸ਼ਹਜਾਦੇ ਦੇ ਨਾਲ ਰੈਹਣ ਦਾ ਖਿਆਲ ਪ੍ਰਗਟ ਕੀਤਾ, ਸ੍ਰਦਾਰ ਬਘੇਲ ਸਿੰਘ ਜਹੇ ਜੱਰੀ ਸ੍ਰਦਾਰ ਦਾ ਐਸ ਤਰਾਂ ਨਜ਼ਰਾਨਾ ਰਖਣਾ ਤੇ ਫਿਰ ਨਾਲ ਹੋਕੇ ਸਿਖਾਂ ਦੇ ਵਿਰੁਧ ਤਲਵਾਰ ਚੁਕਨੀ ਕੋਈ ਮਮੂਲੀ ਗਲ ਨਹੀਂ ਸੀ, ਸ਼ਹਜ਼ਾਦੇ ਤੇ ਉਸ ਦੇ ਕਸ਼ਮੀਰੀ ਮਿੱਤਰ ਦੀਆਂ ਖੁਸ਼ੀਆਂ ਦੀ ਹੱਦ ਨਾ ਰਹੀ ਸ਼ਹਜ਼ਾਦਾ ਖੁਸ਼ੀ ਨਾਲ ਸ੍ਰਦਾਰ ਬਘੇਲ ਸਿੰਘ ਨੂੰ ਲੈਕੇ ਅਗੇ ਵਧਿਆ, ਏਹ ਕੈਂਥਲ਼ ਦਾ ਅਲਾਕਾ ਸੀ, ਸ੍ਰਦਾਰ ਬਘੇਲ ਸਿੰਘ ਸਾਹਿਬ ਦੀ ਸੈਨਤ ਨਾਲ ਆਪਨੇ ਕੁਛ ਭੇਟਾ ਰਖੀ ਪਰ ਸ਼ਹਜ਼ਾਦਾ ਮਮੂਲੀ ਜਹੀ ਰਕਮ ਲੈਣ ਲਈ ਤਿਆਰ ਨਹੀਂ ਸੀ, ਚਾਰ ਲਖ ਰੁਪਏ ਤੇ ਅੜ ਗਿਆ, ਓੜਕ ਇਸ ਰਈਸ ਨੇ ਤਿੰਨ ਲਖ ਰੁਪਯਾ ਰੋਕ ਦਿਤਾ ਤੇ ਅਪਨਾ ਪੁਤਰ ਲਾਲ ਸਿੰਘ ਨਾਲ ਦਿਤਾ ਕਿ ਜਦ ਇਕ ਲਖ ਦਿਤਾ ਜਾਵੇਗਾ ਤਾਂ ਏਹ ਘਰਆ ਜਾਵੇਗਾ, ਏਸੇ ਤਰਾਂ ਸਿਆਮਨ ਗੜ੍ਹਾ, ਇੰਦਰੀ, ਸੀਕਰੀ, ਲਾਡੋਲ ਸਾਢੋਰਾ, ਬੂੜੀਆ ਤੇ ਸ਼ਾਹ ਅਬਾਦ ਆਦਕ ਇਲਾਕੇ ਰਸਤੇ ਵਿਚ ਆਏ ਤੇ ਏਹਨਾ ਸਾਰੀਆਂ ਥਾਵਾਂ ਦੇ ਸਿਖ ਰਈਸ ਅਪਣੇ ਆਪ ਹਰਜਾਨੇ ਤੇ ਨਜ਼ਰਾਨੇ ਰਖਦੇ ਚਲੇ ਗਏ।

ਸ਼ਾਹਜ਼ਾਦਾ ਫਰਖ਼ੰਦਾ ਬਖਤ ਅਪਣੀ ਖੁਸ਼ਕਿਸਮਤੀ ਤੇ ਪ੍ਰਸੰਨ ਸੀ ਤੇ ਚਿਤ ਵਿਚ ਖੁਸ਼ ਸੀ ਕਿ ਓਹ ਕੰਮ ਜੋ ਅਜ ਤਕ ਕਿਸੇ ਤਕੜੇ ਤੋਂ ਤਕੜੇ ਹਾਕਮ ਕੋਲੋਂ ਨਹੀਂ ਹੋਸਕਿਆ ਓਹ ਬਿਨਾ ਕਿਸੇ ਦੁਖ ਦੇ ਅਪਨੇ ਆਪ ਸਿਰੇ ਚੜ ਰਿਹਾ ਹੈ, ਅਬਦੁਲ ਐਹਦ ਅਪਣੀ ਥਾਂ ਕਪੜਿਆਂ ਤੋਂ ਬਾਹਰ ਹੋਰਿਹਾ ਸੀ, ਓਹ ਸਮਝਦਾ ਸੀ ਕਿ ਸਿਖ ਕੌਮ ਜੋ ਅਜ ਤਕ ਕਿਸੇ ਕੋਲੋਂ ਨਹੀਂ ਦਬੀ ਓਹਦੇ ਪ੍ਰਸਿਧ ਸ੍ਰਦਾਰ ਨਜ਼ਰਾਂ ਦੇ ਰਹੇ ਹਨ, ਇਸ ਸਫਲਤਾ ਦਾ ਸੇਹਰਾ ਮੇਰੇ ਸਿਰ ਹੀ ਬਝੇਗਾ। ਏਸੇ ਤਰਾਂ ਦੇ ਖ਼ਿਆਲੀ ਘੋੜੇ ਦੌੜਾਂਦਾ ਵਧਦਾ ਵਧਦਾ ਇਹ ਲਸ਼ਕਰ ਦਰਯਾ ਸਤਲੁਜ ਤੋਂ ਪਾਰ ਹੋਇਆ, ਪਟਿਆਲਾ ਰਿਆਸਤ ਦੀ ਸਰਹੱਦ ਤੇ ਪੌਂਹਚਾ, ਸ਼ਹਜ਼ਾਦੇ ਦੀ ਫੋਜ ਪਟਯਾਲੇ ਵਲ ਵਧੀ ਤੇ ਪਿੰਡ ਘੁੜਾਮ ਤੇ ਉਤਾਰਾ ਕੀਤਾ, ਪਟਿਆਲੇ ਦੇ ਮਾਲਕ ਮਹਾਰਾਜਾ ਸਾਹਿਬ ਅਮਰ ਸਿੰਘ ਨੂੰ ਲਿਖਿਆ ਗਿਆ ਕਿਃ—

"ਝੱਟ ਨਜਰਾਨਾ ਤੇ ਪੱਟ ਹਰਜਾਨਾ ਲੈਕੇ ਹਾਜਰ ਹੋਵੋ ਨਹੀਂ ਤਾਂ ਲੜਨ ਵਾਸਤੇ ਤਯਾਰ ਹੋ ਜਾਓ"

ਸਤਲੁਜ ਲੰਘਦਿਆਂ ਹੀ ਸਰਦਾਰ ਬਘੇਲ ਸਿੰਘ ਨੇ ਚੌਹੀਂ ਪਾਸੀਂ ਦੂਤ ਭੇਜਕੇ ਸਿਖ ਸਰਦਾਰਾਂ ਨੂੰ ਖ਼ਬਰ ਕਰ ਦਿਤੀ ਸੀ ਕਿ ਦਿਲੀ ਦੇ ਸ਼ਹਜ਼ਾਦੇ ਨੇ ਪੰਜਾਬ ਵਿਚੋਂ ਸਿਖਾਂ ਨੂੰ ਕਢਣ ਲਈ ਚੜ੍ਹਾਈ ਕੀਤੀ ਹੈ, ਸਿਧੇ ਰਸਤੇ ਲਿਆਉਣ ਤੇ ਲੜਾਈ ਦੇ ਖ਼ਿਆਲ ਤੋਂ ਹਟਾਉਣ ਲਈ ਮੈਂ ਬਥੇਰਾ ਜ਼ੋਰ ਲਾਇਆ ਪਰ ਏਹ ਅਪਨੀ ਫੌਜੀ ਤਾਕਤ ਦੇ ਘਮੰਡ ਵਿਚ ਕੋਈ ਗਲ ਨਹੀਂ ਸੁਣਦਾ, ਇਸ ਲਈ ਮੈਂ ਇਸ

ਨੂੰ ਇਕ ਅਜਹੀ ਥਾਂ ਲਿਆਯਾ ਹਾਂ ਜੋ ਦਿਲੀ ਤੋਂ ਦੂਰ ਤੇ ਆਪ ਦੇ ਨੇੜੇ ਹੈ, ਸ਼ਹਜ਼ਾਦਾ ਪਟਿਆਲੇ ਵਲ ਵਧੇਗਾ, ਇਸ ਨਾਲ ਏਥੇ ਲੜਾਈ ਕਰਨ ਲਈ ਜ਼ਰੂਰ ਪੁਜੋ।"

ਰਾਜਾ ਅਮਰ ਸਿੰਘ ਨੂੰ ਭੀ ਏਹ ਚਿਠੀ ਪਹੁੰਚ ਚੁਕੀ ਸੀ ਇਸ ਲਈ ਓਹਨਾਂ ਨੇ ਸ਼ਹਜਾਦੇ ਦੇ ਸੁਨੇਹੇ ਦੇ ਉੱਤਰ ਵਿਚ ਕਹਾ ਭੇਜਿਆ ਕਿਃ-

"ਖਾਲਸਾ ਫੌਜ ਆਪਦੇ ਗਵਾਂਢ ਡੇਰੇ ਲਾਈ ਬੈਠੀਹੈ, ਆਪਨੂੰ ਹਰਜਾਨਾ,ਜਰਮਾਨਾ ਤੇ ਨਜ਼ਰਾਨਾ ਜੋ ਜੋ ਚਾਹੋ ਤਲ-ਵਾਰ ਨਾਲਦੇ ਦੇਵੇਗੀ,ਲੈਣ ਵਿਚ ਢਿਲ ਨਾ ਕਰੋ।

ਵਜ਼ੀਰ ਤੇ ਸ਼ਹਜ਼ਾਦਾ ਇਸ ਆਸ ਵਿਰੁਧ ਉਤਰ ਤੋਂ ਹੈਰਾਨ ਰੈਹ ਗਏ, ਓਹਨਾ ਨੇ ਸਿਖਾਂ ਦੇ ਹੱਥ ਚੰਗੀ ਤਰਾਂ ਦੇਖੇ ਸਨ ਤੇ ਜਾਣਦੇ ਸਨ ਕਿ ਜੇ ਲੜਾਈ ਸ਼ੁਰੂ ਹੋਗਈ ਤਾਂ ਲੈਣ ਦੀ ਥਾਂ ਦੇਣੇ ਪੈਜਾਣਗੇ, ਇਸ਼ ਲਈ ਇਸ ਉਤਰ ਨਾਲ ਓਹਨਾ ਦੇ ਰੰਗ ਉਡ ਗਏ ਤੇ ਸਮਝੇ ਕਿ ਬਸ ਬਣੀ ਬਨਾਈ ਖੇਡ ਵਿਗੜੀ। ਏਹ ਖਬਰ ਫੋਜ ਵਿਚ ਭੀ ਝਟ ਫੈਲ ਗਈ, ਜਿਸ ਨਾਲ ਸਿਪਾਹੀ ਅਤੇ ਅਫਸਰਾਂ ਦੇ ਹਵਾਸ ਉਡ ਗਏ ਤੇ ਸਾਰਿਆ ਤੇ ਸੁੰਨ ਵਰਤ ਗਈ।

ਸ਼ਹਜ਼ਾਦੇ ਨੇ ਸਿੱਖਾਂ ਦਾ ਭੇਤ ਲੈਣ ਲਈ ਅਪਨੇ ਆਦਮੀ ਛਡੇ ਹੋਏ ਸਨ, ਇਹਨਾਂ ਵਿਚੋਂ ਇਕ ਮੁਖ਼ਬਰ ਆਇਆ ਤੇ ਖਬਰ ਲਿਆਯਾ ਕਿ ਮਹਾਰਾਜਾ ਨਾਭਾ ਤੇ ਜੀਂਦ ਦੀਆਂ ਫੌਜਾਂ ਮਹਾਰਾਜਾ ਪਟਯਾਲਾ ਦੀ ਮਦਦ ਲਈ ਆ ਗਈਆਂ ਹੈਨ, ਇਕ ਏਲਚੀ ਪੁਜਾ ਜਿਸ ਨੇ ਦਸਿਆ ਕਿ ਸਰਦਾਰ ਜੱਸਾ ਸਿੰਘ ਰਾਮਗੜੀਆ ਇਕ ਭਾਰਾ ਲਸ਼ਕਰ

ਲਈ ਧਾਵੇ ਮਾਰਦਾ ਆ ਰਿਹਾ ਹੈ, ਇਕ ਸੂਹੀਏ ਨੇ ਖ਼ਬਰ ਦਿਤੀ ਕਿ ਸਰਦਾਰ ਜੱਸਾ ਸਿੰਘ ਆਹਲੂ ਵਾਲੀਆ ਅਪਣਾ ਸਿਰ ਤਲੀ ਤੇ ਰਖੀ ਹੋਈ ਸਿਖਾਂ ਦੀ ਫੌਜ ਲਈ ਬੜੇ ਜ਼ੋਰ ਸ਼ੋਰ ਨਾਲ ਆਗਿਆ ਹੈ, ਇਕ ਖੋਜੀ ਨੇ ਦਸਿਆ ਕਿ ਸਰ-ਦਾਰ ਹਕੀਕਤ ਸਿੰਘ ਮਿਸਲ ਘਨਈ ਪਰਸੋਂ ਤਕ ਏਥੇ ਪੁਜਨ ਵਾਲੇ ਹਨ, ਇਕ ਜਾਸੂਸ ਨੇ ਦਸਿਆ ਕਿ ਸਰਦਾਰ ਖੁਸ਼ਹਾਲ ਸਿੰਘ ਮਿਸਲ ਫੈਜ਼ੁਲਾ ਪੁਰੀਏ ਕਈ ਹਜ਼ਾਰ ਸਿੰਘਾਂ ਸਣੇ ਸ਼ਹਾਦਤ ਦਾ ਪਿਆਲਾ ਪੀਣ ਲਈ ਆ ਰਹੇ ਹਨ, ਇਕ ਹਲਕਾਰੇ ਨੇ ਸੁਣਾਇਆ ਕਿ ਸਰਦਾਰ ਤਾਰਾ ਸਿੰਘ ਜੋਧ ਸਿੰਘ ਮਾਝੇ ਦੇ ਸਜੀਲੇ, ਰੰਗੀਲੇ ਤੇ ਫਬੀਲੇ ਜਵਾਨਾਂ ਸਣੇ ਇਕ ਦੋ ਦਿਨਾਂ ਵਿਚ ਹੀ ਪੁਜੇ ਚਾਹੁੰਦੇ ਹਨ।

ਹਰ ਪਾਸਿਓਂ ਇਸਤਰਾਂ ਖਾਲਸਾ ਜੀ ਨੂੰ ਆਉਂਦਿਆ ਵੇਖਕੇ ਸ਼ਹਜ਼ਾਦਾ ਤੇ ਅਬਦੁਲ ਆਹਦ ਕਸ਼ਮੀਰੀ ਸੱਟੀ ਪੱਟੀ ਭੁਲ ਗਏ, ਚੇਹਰੇ ਤੇ ਇਕ ਰੰਗ ਆਉਨ ਤੇ ਇਕ ਜਾਣਲਗਾ, ਕਦੀ ਗੁਸੇ ਦੀ ਲਾਲੀ ਚੜ੍ਹਦੀ ਸੀ,ਕਦੀ ਡਰ ਦੀ ਪਿਲਤਣ, ਕਦੀ ਨਰਾਸਤਾ ਤੇ ਨਾਉਮੈਦੀ ਦੀ ਕਾਲਕ, ਕਦੀ ਅਪਣੀ ਮੁਸੀਬਤ ਦੇਖ ਕੇ ਰੋਣਾ ਆਉਂਦਾ ਸੀ, ਕਦੀ ਚਿਤ ਹੀ ਚਿਤ ਵਿਚ ਸ੍ਰਦਾਰ ਬਘੇਲ ਸਿੰਘ ਦੀ ਪੈਹਲੀ ਨਸੀਹਤ ਨਾ ਮਨਣ ਕਰਕੇ ਕਪੜਿਆਂ ਤੋਂ ਬਾਹਰ ਹੁੰਦਾ ਸੀ, ਕਦੀ ਮੂੰਹ ਤੇ ਹਵਾ-ਈਆ ਜਾਂਦੀਆਂ ਸਨ, ਕਦੀ ਨਾਸਾਂ ਫੁਲਕੇ ਰੈਹ ਜਾਂਦੀਆਂ ਸਨ ਤੇ ਅਪਨੇ ਆਪ ਨੂੰ ਚੁਪਾਸਿਓਂ ਖਾਲਸਾ ਜੀ ਦੇ ਅਪਾਰ ਲਸ਼ਕਰ ਵਿਚ ਘਿਰਿਆ ਦੇਖ ਕੇ ਬੇਵਸੇ ਕੈਂਹਦੇ ਸਨ।

ਆਪ ਕੁਮਤੇ ਮਾਮਲੇ, ਆਪੇ ਗਲ ਪਏ।

ਹੁਣ ਨਾਂ ਪੈਰ ਚਲਣ ਜੋਗੇ ਤੇ ਨਾਂ ਥਾਂ ਰੈਹਣ ਨੂੰ, ਅਗੇ ਵਧੀਏ ਤਾਂ ਖ਼ਾਲਸਾ ਤੇਜ਼ਤਲਵਾਰ ਲਈ ਖੜਾਹੈ, ਜੇਪਿਛੇ ਨਸੀਏ ਤਾਂ ਦਿੱਲੀ ਦੂਰ ਹੈ, ਫਿਰ ਰਸਤਾ ਕਠਨ ਤੇ ਖਾਲਸਾ ਸਿਰ ਤੇ ਹੈ। ਗਲ ਕੀ ਇਹਨਾਂ ਤੇ ਕੁਛ ਅਜਿਹਾ ਡਰ ਪਿਆ ਕਿ ਅਕਲ ਕੰਮ ਕਰਨੋਂ ਰੈਹ ਗਈ, ਓੜਕ ਵਜ਼ੀਰ ਨੇ ਸਰ-ਦਾਰ ਬਘੇਲ ਸਿੰਘ ਦੀ ਸਲਾਹ ਲੈਣ ਦਾ ਇਰਾਦਾ ਕੀਤਾ, ਓਹਨਾਂ ਨੂੰ ਮਿਲਿਆ ਤੇ ਆਖਿਆ ਕਿਃ—

ਰਾਜਾ ਅਮਰ ਸਿੰਘ ਨੇ ਸਾਡੀ ਚਿੱਠੀ ਦਾ ਉੱਤਰਬੜਾ ਅਵੈੜਾ ਅਤੇ ਆਸ਼ਾ ਤੋਂ ਉਲਟ ਦਿਤਾ ਹੈ, ਓਹਨਾਂ ਨੂੰ ਮਲੂਮ ਹੋਣਾ ਚਾਹੀਦਾ ਸੀ ਕਿ ਦਿੱਲੀ ਦੇ ਸ਼ਹਨਸ਼ਾਹ ਦੇ ਨਾਲ ਟਾਕਰਾ ਕਰਨਾ ਆਤਮ ਘਾਤ ਕਰਨ ਦੇ ਬਰਾਬਰ ਹੈ।

ਸ੍ਰਃ ਬਘੇਲ ਸਿੰਘ—ਮਹਾਰਾਜਾ ਅਮਰ ਸਿੰਘ ਨਾਬਾਲਗ਼ ਨਹੀਂ, ਓੜਕ ਓਹਨਾਂ ਨੇ ਆਪ ਦੀ ਚਿਠੀ ਦਾ ਉੱਤਰ ਦੇਣ ਸਮੇਂ ਹਾਨ ਲਾਭ ਸੋਚ ਲਿਆ ਹੋਵੇਗਾ ਤੇ ਅਪਨੀਆਂ ਤੇ ਆਪ ਦੀਆਂ ਫੌਜੀ ਤਾਕਤਾਂ ਦੀ ਸੋਚ ਕਰ ਲੀਤੀ ਹੋਵੇਗੀ।

ਅਬਦੁਲ ਆਹਦ—ਕੀ ਆਪ ਦੇ ਖ਼ਿਆਲ ਵਿਚ ਮਹਾਰਾਜਾ ਅਮਰ ਸਿੰਘ ਸ਼ਹਨਸ਼ਾਹ ਦਿੱਲੀ ਨਾਲ ਲੜਕੇ ਜਿੱਤ ਜਾਣਗੇ?

ਸ੍ਰਃ ਬਘੇਲ ਸਿੰਘਃ—'ਇਹ ਪ੍ਰਸ਼ਨ ਮਹਾਰਾਜਾ ਅਮਰ ਸਿੰਘ ਅਤੇ ਸ਼ਹਨਸ਼ਾਹ ਦਿੱਲੀ ਦਾ ਨਹੀਂ ਰਿਹਾ,ਤੁਸੀਂ ਸਿਖ ਰਈਸਾਂ ਤੋਂ ਜਿਸ ਤਰਾਂ ਨਜ਼ਰਾਂ ਲੀਤੀਆਂ ਹਨ ਓਹਨਾਂ

ਨੇ ਸਿਖ ਕੌਮ ਨੂੰ ਦੁਖੀ ਕਰ ਦਿਤਾ ਹੈ, ਇਸ ਲਈ ਓਹ ਅਪਨੀ ਇਕੱਠੀ ਤਾਕਤ ਨਾਲ ਇਸ ਮੈਦਾਨ ਵਿਚ ਕਿਸਮਤ ਪਰਖਣ ਲਈ ਤਿਆਰ ਹੋਗਏ ਹਨ, ਜਿੱਤ ਦਾ ਸੇਹਰਾ ਕਿਸ ਦੇ ਸਿਰ ਹੋਵੇਗਾ ਤੇ ਹਾਰ ਕਿਸ ਨੂੰ ਮਿਲੇਗੀ? ਇਸ ਗਲ ਦਾ ਨਿਰਣਾ ਸਮਾਂ ਕਰੇਗਾ।

ਅਬਦੁਲ ਆਹਦ— ਮੇਰੀ ਫੌਜ ਦੇ ਬਹਾਦਰ ਅਫ਼ਗ਼ਾਨ ਤੇ ਜੋਰੀ ਜਵਾਨ ਲੜਾਈ ਦਾ ਨਾਂ ਸੁਣਕੇ ਜੋਸ਼ ਵਿਚ ਆ ਰਹੇ ਹਨ ਤੇ ਸਿਖਾਂ ਦੇ ਨਾਲ ਟਾਕਰਾ ਕਰਨ ਲਈ ਬੇਸਬਰੇ ਹੋਏ ਹੋਏ ਹਨ।

ਸ੍ਰ: ਬਘੇਲ ਸਿੰਘ— ਜੇ ਆਪਦੇ ਸਾਥੀ ਜੰਗ ਲਈ ਬੇਸਬਰੇ ਹਨ ਤਾਂ ਉਧਰ ਖ਼ਾਲਸਾ ਜੀ ਭੀ ਕੌਮੀ ਆਨ ਤੇ ਲੜ ਮਰਨ ਨੂੰ ਤਿਆਰ ਹੈ, ਹੁਣ ਜੋ ਹੁੰਦਾ ਹੈ ਸੋ ਹੋਣ ਦਿਓ।

ਅਬਦੁਲ ਆਹਦ— ਅਸੀਂ ਚਾਹੁੰਦ ਹਾਂ ਕਿ ਜਿਕੁਣ ਅਗੇ ਬਿਨਾ ਕਿਸੇ ਤਰਾਂ ਦੇ ਲਹੂ ਵੀਟਣ ਤੋਂ ਹੋਰਨੀ ਬਾਈਂ ਫੈਸਲਾ ਹੁੰਦਾ ਚਲਾ ਆਇਆ ਹੈ, ਏਥੇ ਭੀ ਓਸੇ ਤਰਾਂ ਨਿਪਟਾਰਾ ਹੋ ਜਾਵੇ।

ਸ੍ਰ: ਬਘੇਲ ਸਿੰਘ— ਆਪ ਨੇ ਜਿਸ ਵੇਲੇ ਜੰਗ ਦਾ ਅਲਟੀਮੇਟਮ ਦਿਤਾ ਸੀ, ਉਸ ਵੇਲੇ ਆਪ ਨੂੰ ਮਲੂਮ ਹੋਣਾ ਚਾਹੀਦਾ ਸੀ ਕਿ ਏਹ ਅਲਟੀਮੇਟਮ ਅਸੀਂ ਜਿਸ ਕੌਮ ਨੂੰ ਦੇ ਰਹੇ ਹਾਂ ਓਹ ਖੰਡੇ ਦੀ ਤੇਜ਼ ਧਾਰ ਤੋਂ ਉਤਪਨ ਹੋਈ

ਤਲਵਾਰਾਂ ਦੇ ਸਾਏ ਵਿਚ ਪਲੀ ਤੇ ਢਾਲਾਂ ਦੇ ਪੰਘੂੜਿਆਂ ਵਿਚ ਝੂਲੀ ਹੈ, ਜਦ ਓਹ ਟਾਕਰੇ ਵਾਸਤੇ ਜੰਗ ਲਈ ਤਿਆਰ ਹੋਈ ਤਾਂ ਫੇਰ ਕੀ ਬਣੇਗਾ ?

ਦੂਜੇ ਹੁਣ ਤਕ ਬਿਨਾ ਲੜਾਈ ਦੇ ਜੋ ਗਲਾਂ ਪੂਰੀਆਂ ਹੁੰਦੀਆਂ ਹਨ, ਓਹ ਕਿਸੇ ਯੋਗ ਸਮੇਂ ਦੀ ਉਡੀਕ ਲਈ ਸਨ, ਹੁਣ ਓਹ ਸਮਾ ਆਗਿਆ ਹੈ ਜਦ ਕਿ ਓਹਨਾ ਨੇ ਆਪ ਦਾ ਅਲਟੀਮੇਟਮ ਕਬੂਲ ਕਰ ਲਿਆ ਹੈ ।

ਅਬਦੁਲ ਆਹਦ— (ਭੋਲੀ ਸ਼ਕਲ ਬਣਾਕੇ) ਕੀ ਖ਼ਾਲਸਾ ਸ਼ਹਨਸ਼ਾਹ ਦਿਲੀ ਨਾਲ ਮਿਤ੍ਰਤਾ ਦੀ ਖ਼ਬਰ ਸੁਣਕੇ ਪ੍ਰਸੰਨ ਨਹੀਂ ਹੋਵੇਗਾ ?

ਸ੍ਃ ਬਘੇਲ ਸਿੰਘ— ਖ਼ਾਲਸਾ ਤਾਂ ਪੈਦਾਹੀ ਸੁਲਾਹ ਲਈ ਕੀਤਾ ਗਿਆ ਹੈ, ਜਿਨੀ ਖੁਸ਼ੀ ਖ਼ਾਲਸੇ ਨੂੰ ਸੁਲਾਹ ਤੇ ਹੋ ਸਕਦੀ ਹੈ ਓਨੀ ਕਿਸੇ ਹੋਰ ਨੂੰ ਨਹੀਂ ਹੋਸਕਦੀ, ਖ਼ਾਲਸੇ ਦਾ ਤਾਂ ਅਸੂਲ ਹੀ ਇਹ ਹੈ ਕਿਃ—

ਨਾ ਕੋ ਬੈਰੀ ਨਾਹਿ ਬਿਗਾਨਾ,
ਸਕਲ ਸੰਗ ਹਮਰੀ ਬਨਆਈ ।

ਪਰ ਤੁਸੀ ਤਾਂ ਤਲਵਾਰ ਵਖਾ ਰਹੇ ਹੋ ?

ਅਬਦੁਲ ਆਹਦ— ਤੁਸੀ ਮਹਾਰਾਜਾ ਅਮਰ ਸਿੰਘ ਨੂੰ ਸਮਝਾਓ ਕਿ ਦੁਨੀਆਂ ਵਿਚ 'ਜਾਨ' ਦਾ ਸਦਕਾ 'ਮਾਲ' ਹੁੰਦਾ ਹੈ, ਜਦ ਰੁਪਏ ਨਾਲ ਕੰਮ ਚਲ ਸਕਦਾ ਹੈ ਤਾਂ ਲਹੂ ਡੋਹਲਨ ਦਾ ਕੀ ਲਾਭ ?

ਸ੍ਰ: ਬਘੇਲ ਸਿੰਘ— ਪਰ 'ਆਨ' ਦਾ ਸਦਕਾ 'ਜਾਨ' ਭੀ ਤਾਂ ਹੈ। ਹੁਣ ਏਹ ਗਲ ਸਿਖ ਕੌਮ ਦੀ 'ਆਨ' ਵਿਚ ਬਦਲ ਗਈ ਹੈ, ਇਸ ਲਈ ਸਿਖ ਖੁਸ਼ੀ ਨਾਲ ਸਿਰ ਤਲੀ ਤੇ ਰਖ਼ਕੇ ਆਗਏ ਹਨ।

ਅਬਦੁਲ ਆਹਦ— ਕੀ ਹੁਣ ਲੜਾਈ ਜਰੂਰੀ ਹੈ?

ਸ੍ਰ: ਬਘੇਲ ਸਿੰਘ— ਹਾਂ! ਹਾਂ! ਅਟੱਲ।

ਅਬਦੁਲ ਆਹਦ— ਜੇ ਲੜਾਈ ਅਰੰਭ ਹੋ ਗਈ ਤਾਂ ਤੁਸੀ ਕੇਹੜੇ ਪਾਸੇ ਹੋਵੋਗੇ?

ਸ੍ਰ: ਬਘੇਲ ਸਿੰਘ— ਕੌਮ ਵਲ।

ਅਬਦੁਲ ਆਹਦ— (ਤ੍ਰਬਕ ਕੇ) ਏਹ ਕੀ?

ਸ੍ਰ: ਬਘੇਲ ਸਿੰਘ— ਜਿਸ ਸਮੇਂ ਆਪ ਨੇ ਦਿੱਲੀਓਂ ਕੂਚ ਕੀਤਾ ਸੀ ਉਸ ਵੇਲੇ ਆਪ ਨੂੰ ਸਮਝਾ ਦਿਤਾ ਗਿਆ ਸੀ ਕਿ ਖ਼ਾਲਸਾ ਜੀ ਨਾਲ ਲੜਾਈ ਨਾ ਕੀਤੀ ਜਾਵੇ, ਪਰ ਤੁਸੀਂ ਕਿਸੇ ਗਲ ਨੂੰ ਨ ਮੰਨਦੇ ਹੋਏ ਟੁਰ ਪਏ, ਜਿੱਨਾ ੨ ਸ੍ਰਦਾਰਾਂ ਕੋਲੋਂ ਤੁਸੀ ਨਜ਼ਰਾਂ ਲੀਤੀਆਂ ਹਨ, ਓਹਨਾ ਨੇ ਟੁਟੇ ਦਿਲ ਦਿਤੀਆਂ ਹਨ, ਹੁਣ ਉਹ ਇਸ ਉਡੀਕ ਵਿਚ ਹਨ ਕਿ ਸਮਾਂ ਮਿਲੇ ਤੇ ਓਹ ਰਕਮ ਉਗਲਵਾਈ ਜਾਵੇ, ਹੁਣ ਓਹ ਸਾਰੇ ਚਿੜ੍ਹ ਕੇ ਆ ਗਏ ਹਨ ਕਿ ਬਦਲਾ ਲੀਤੇ ਬਿਨਾ ਨਹੀਂ ਛਡਾਂਗੇ। ਦੂਜੇ ਤੁਸੀ ਸਿਖਾਂ ਤੇ ਬਿਨਾ ਕਾਰਨ ਚੜ੍ਹਾਈ ਕੀਤੀ ਹੈਂ, ਅਜਹੀ ਹਾਲਤ ਵਿਚ ਮੈਂ ਕਿਸ ਤਰਾਂ ਕੌਮ ਦਾ ਸਾਥ ਛਡ ਸੇਕਦਾ ਹਾਂ?

ਅਬਦੁਲ ਆਹਦ– ਪਰ ਆਪ ਨੂੰ ਭਰੋਸਾ ਰਹੇ ਕਿ ਸਿਖ ਇਸ ਲੜਾਈ ਵਿਚ ਸਫਲਤਾ ਨਹੀ ਪ੍ਰਾਪਤ ਕਰ ਸਕਣਗੇ।

ਸ੍ਰ: ਬਘੇਲ ਸਿੰਘ– ਖ਼ਾਲਸਾ ਜਿਸ ਸਮੇਂ ਤਿ-ਆਰ ਹੋ ਕੇ ਮੈਦਾਨ ਵਿਚ ਆਉਂਦਾ ਹੈ, ਉਸ ਵੇਲੇ ਉਸ ਦੇ ਦਿਲ ਵਿਚ ਦੋ ਹੀ ਗਲਾਂ ਹੁੰਦੀਆਂ ਹਨ, ਜਾਂ ਜਿੱਤਣਾਂ ਤੇ ਜਾਂ ਲੜਾਈ ਦੇ ਮੈਦਾਨ ਵਿਚ ਸ਼ਹੀਦ ਹੋਣਾ, ਓਨ੍ਹਾਂਦੇ ਖਿਆਲਵਿਚ ਤੀਸਰੀ ਕੋਈ ਗਲ ਹੀ ਨਹੀਂ ਜਿਸ ਵਲ ਗਹੁ ਕੀਤੀ ਜਾਵੇ, ਅਜਹੀ ਹਾਲਤ ਵਿਚ 'ਫਤੇ' ਤੇ 'ਸ਼ਹਾਦਤ' ਪਹਿਲੀ ਗਲ ਹੋਵੇ ਜਾਂ ਦੂਸਰੀ ਇਨ੍ਹਾਂ ਵਿਚੋਂ ਜੇਹੜੀ ਹੋਵੇ ਉਸੇ ਵਿਚ ਓਹ ਅਪਨੀ ਸਫਲਤਾ ਸਮਝਦੇ ਹਨ, ਹੁਣ ਤੁਸੀਂ ਸੋਚ ਲੌ ਕਿ ਜੇਹੜੇ ਆਦਮੀ ਭਰੋਸਾ ਰਖਦੇ ਹਨ ਕਿ ਜੇ ਜਿੱਤ ਗਏ ਤਾਂ ਜਿੱਤ ਦਾ ਸੇਹਰਾ ਓਹਨਾਂ ਦੇ ਸਿਰ ਬਝੇਗਾ ਤੇ ਜੇ ਮਾਰੇ ਗਏ ਤਾਂ 'ਸ਼ਹਾ-ਦਤ' ਦਾ ਤਾਜ ਓਹਨਾਂਦੇ ਸਿਰ ਸੁਹਾਵਣਾ ਹੋਵੇਗਾ,ਓਹਨਾਂ ਦੀ ਹਾਰ ਕਦ ਹੋ ਸਕਦੀ ਹੈ?

ਅਬਦੁਲ ਆਹਦ– ਇਹ ਜਿੰਨੀਆਂ ਫੌਜਾਂ ਕਠੀਆਂ ਹੋ ਰਹੀਆਂ ਹਨ ਕੀ ਓਹ ਸਾਰੀਆਂ ਏਸੇ ਖਿਆਲ ਦੀਆਂ ਹਨ?

ਸ੍ਰ: ਬਘੇਲ ਸਿੰਘ– ਹਾਂ ਏਸੇ ਖਿਆਲ ਦੀਆਂ, ਇਹ ਲੋਕ ਕਿਸੇ ਦੇ ਤਨਖਾਹ ਦਾਰ ਨੌਕਰ ਨਹੀਂ, ਇਸ ਜੰਗ ਨੂੰ ਕੌਮੀ ਜੰਗ ਜਾਣਕੇ ਅਪਨੇ ਕੰਮ ਕਾਰ ਛਡਕੇ ਆ ਗਏ

ਹਨ, ਇੰਨਾਂ ਧਰਮ ਤੇ ਜਾਨ ਦੇਣ ਵਾਲਿਆਂ ਦਾ ਟਾਕਰਾ ਆਪਦੀ ਤਨਖਾਹਦਾਰ ਫੌਜ ਕਿਸੇ ਤਰਾਂ ਨਹੀਂ ਕਰ ਸਕੇਗੀ।

ਅਬਦੁਲ ਆਹਦ— (ਘਬਰਾਕੇ ਤੇ ਘੰਬਰਾ-ਹਟ ਨੂੰ ਲੁਕਾਕੇ) ਮੇਰਾ ਖ਼ਿਆਲ ਹੈ ਕਿ ਜਦ ਆਪ ਵਰਗੇ ਮਿਤ੍ ਨਾਲ ਹੋਣ ਤਾਂ ਫਿਰ ਲੜਾਈ ਦੀ ਲੋੜ ਹੀ ਕਿਉਂ ਪਵੇ?

ਸ੍ਰ: ਬਘੇਲ ਸਿੰਘ— ਜੇ ਤੁਸੀਂ ਮੈਨੂੰ ਅਪਣਾ ਮਿੱਤ੍ ਜਾਣਦੇ ਤਾਂ ਦਿੱਲੀਓਂ ਚਲਣ ਸਮੇਂ ਮੈਂ ਤੁਹਾਨੂੰ ਜੋ ਮਿਤ੍ਤਾ ਦੀ ਸਲਾਹ ਦਿਤੀ ਸੀ ਉਸਨੂੰ ਮੰਨਕੇ ਇਧਰ ਤੁਰਦੇ ਹੀ ਨਾਂ, ਤੁਸੀਂ ਉਸ ਵੇਲੇ ਮੇਰੀ ਗਲ ਬੁਰੀ ਜਾਣਕੇ ਸੁਟ ਦਿਤੀ ਤੇ ਅਜ ਤੁਸੀਂ ਮਿਤ੍ਤਾ ਦੀ ਦੁਹਾਈ ਪਾਣ ਲਗੇ ਹੋ, ਤੁਸੀਂ ਚਾਹੁੰਦੇ ਹੋ ਕਿ ਮੇਰੀ ਬਦੌਲਤ ਮੇਰੇ ਦੇਸੀਆਂ ਤੇ ਪੰਥ ਨੂੰ ਲੁਟਕੇ ਅਪਨੇ ਪੇਟ ਦਾ ਤੰਦੂਰ ਗਰਮ ਕਰੋ, ਇਹ ਕਦ ਹੋ ਸਕਦਾ ਹੈ? ਮੇਰੇ ਕੋਲੋਂ ਅਜਹੀ ਕੌਮ ਫਰੋਸ਼ੀ ਦੀ ਆਸ ਨਾ ਰਖੋ।

ਅਬਦੁਲ ਆਹਦ— (ਸ਼ਰਮਿੰਦਗੀ ਦੇ ਮਾਰੇ ਪਾਣੀ ਪਾਣੀ ਹੋਕੇ) ਆਪਦਾ ਸਿਖ ਕੌਮ ਵਿਚ ਰਸੂਖ ਹੈ, ਆਪ ਅਪਨੇ ਰਸੂਖ਼ ਨੂੰ ਵਰਤੋਂ ਵਿਚ ਲਿਆਓ ਤੇ ਕਿਸੇ ਤਰਾਂ ਦੋਹਾਂ ਧਿਰਾਂ ਦੀ ਇਜ਼ਤ ਨ੍ਾਲ ਸੁਲਹ ਕਰਾ ਦਿਓ।

ਸ੍ਰ: ਬਘੇਲ ਸਿੰਘ— ਮੈਂ ਅਪਨੇ ਜਾਤੀ ਰਸੂਖ਼ ਨੂੰ ਕੌਮੀ ਧਰੋਹ ਲਈ ਨਹੀਂ ਵਰਤ ਸਕਦਾ ਤੇ ਨਾਂ ਹੀ ਭੀੜ

ਸਮੇਂ ਅਪਣੀ ਕੌਮ ਨਾਲ ਗ਼ਦਾਰੀ ਕਰਾਂਗਾ।

ਹਾਂ! ਖਾਲਸਾ ਸੁਲਹ ਲਈ ਤਿਆਰ ਹੋ ਸਕਦਾ ਹੈ ਪਰ ਉਸ ਸੁਲਹ ਲਈ ਜੋ ਯੋਗ ਹੋਵੇ ਤੇ ਇਜ਼ਤ ਵਾਲੀਹੋਵੇ।

ਅਬਦੁਲ ਆਹਦ— ਸੁਲਹ ਕੇਹੜੀਆਂ ਸ਼ਰਤਾਂ ਤੇ ਹੋ ਸਕਦੀ ਹੈ?

ਸ੍ਰ: ਬਘੇਲ ਸਿੰਘ— ਤੁਸੀਂ ਦਿਲੀਓਂ ਤੁਰਕੇ ਜਿੰਨਾਂ ਰੁਪਯਾ ਸਿਖ ਰਈਸਾਂ ਪਾਸੋਂ ਨਜ਼ਰਾਨੇ ਤੇ ਹਰਜਾਨੇ ਵਜੋਂ ਲੀਤਾ ਹੈ, ਓਹ ਸਾਰੇ ਦਾ ਸਾਰਾ ਕੌਡੀ ਕੌਡੀ ਗਿਣਕੇ ਮੋੜ ਦਿਓ,ਤੇ ਖ਼ਾਲਸਾ ਜੀ ਨੂੰ ਜੋ ਕਸ਼ਟ ਝਲਣੇ ਪਏ ਨੇ, ਉਨਾਲਈ ਚਾਰ ਲੱਖ ਰੁਪਯਾ ਹਰਜਾਨਾ ਦਿਓ ਤਦ ਆਪਸ ਵਿਚ ਸੁਲਹ ਹੋ ਸਕਦੀ ਹੈ।

ਅਬਦੁਲ ਆਹਦ— ਸਿਖ ਰਈਸਾਂ ਕੋਲੋਂ ਜੋ ਨਜ਼ਰਾਨਾ ਤੇ ਹਰਜਾਨਾ ਲੀਤਾ ਗਿਆ ਹੈ ਓਹ ਤਾਂ ਮੋੜ ਦਿਤਾ ਜਾਵੇਗਾ, ਪ੍ਰੰਤੂ ਚਾਰ ਲਖ ਰੁਪਯਾ ਹਰਜਾਨਾ ਆਸ਼ਾ ਦੇ ਵਿਰੁਧ ਹੈ।

ਸ੍ਰ: ਬਘੇਲ ਸਿੰਘ— ਆਪ ਦਾ ਦਿੱਲੀਓਂ ਸਿੱਖਾਂ ਦੇ ਵਿਰੁਧ ਕੂਚ ਤੇ ਸਖਤੀ ਨਾਲ ਰਕਮਾਂ ਲੈਣੀਆਂ ਭੀ ਆਸ ਦੇ ਵਿਰੁਧ ਸੀ, ਜਿਥੇ ਤੁਸੀ ਸਿੱਖਾਂ ਦੀ ਆਸ ਵਿਰੁਧ ਕਈ ਕੰਮ ਕੀਤੇ ਓਥੇ ,ਇਕ ਕੰਮ ਅਪਨੀ ਆਸ ਦੇ ਵਿਰੁਧ ਭੀ ਕਰਨਾ ਪਏਗਾ, ਨਹੀਂ ਤਾਂ ਦਿੱਲੀ ਮੁੜਕੇ ਪਹੁੰਚਨਾ ਕਠਨ ਹੋਵੇਗਾ।

ਅਬਦੁਲ ਅਹਦ– ਇਸ ਫੈਸਲੇ ਦੇ ਮਗਰੋਂ ਸਾਡੇ ਮੁੜਨ ਤੇ ਖ਼ਾਲਸਾ ਸਾਡਾ ਪਿਛਾ ਤੇ ਨਾ ਕਰੇਗਾ* ?

---

*ਸਈਅਰਉਲ ਮੁਤਾਖ਼ਰੀਨ ਦੇ ਮੁਸਲਮਾਨਲਿਖਾਰੀ ਨੇ ਜੋ ਓਨੀਂ ਦਿਨੀਂ ਦਿੱਲੀ ਵਿਚ ਸੀ ਇਸ ਗਲ ਨੂੰ ਇੱਜ ਕਥਨ ਕੀਤਾ ਹੈ:–

"ਅਬਦੁਲ ਅਹਦ ਖਾਂ ਦਰਬਾਰ ਵਿਚ ਮਨਿਆਂ ਪ੍ਰਮਨਿਆਂ ਤੇ ਸਾਰੇ ਦਰਬਾਰੀ ਕੰਮਾਂ ਤੇ ਹਾਜ਼ਰ ਨਾਜ਼ਰ ਸੀ ਤੇ ਸ਼ਾਹ ਆਲਮ ਬਾਦਸ਼ਾਹ ਓਹਦੀ ਬੜੀ ਇਜ਼ਤ ਕਰਦਾ ਸੀ, ਹਮੇਸ਼ ਅਮੀਰ ਉਲ ਉਮਰਾ ਨਾਲ ਓਹਦਾ ਵਿਗਾੜਰੈਂਹਦਾ ਸੀ, ਜਦ ਅਮੀਰ ਉਲ ਉਮਰਾ ਨਜਫ ਖ਼ਾਂ ਬਹਾਦਰ ਨੇ ਜ਼ਾਬਤ ਖਾਂ ਤੇ ਫਤੇ ਪਾਈ, ਉਸਨੇ ਡਿਠਾ ਕਿ ਹੁਣ ਕੋਈ ਉਪ੍ਰੋਕਤ ਖ਼ਾਨ ਦੀ ਪਾਯਾਂ ਨੂੰ ਨਹੀਂ ਪੁਜ ਸਕਦਾ, ਓਸ ਨੂੰ ਇਸੇ ਵਿਚ ਭਲਿਆਈ ਦਿੱਸੀ ਕਿ ਸ਼ਹਜ਼ਾਦੇ ਸਮੇਤ ਆਪ ਸਰਹੰਦ ਵਲ ਜਾਵੇ ਤੇ ਫੌਜ ਨੌਕਰ ਰਖਕੇ ਇਧਰ ਦੇ ਸਿਖਾਂ ਨੂੰ ਵੰਗਾਰੇ। ਬਾਦਸ਼ਾਹ ਨੂੰ ਇਹ ਇਰਾਦਾ ਦਸਿਆ, ਸ਼ਹਜ਼ਾਦਾ ਜਵਾਂ ਬਖ਼ਤ ਜਾਂ ਅਕਬਰ ਸ਼ਾਹ ਨੂੰ ਨਾਲ ਲੈਕੇ ਤੰਬੂ ਬਾਹਰ ਲਾਏ ਤੇ ਭਰਤੀ ਸ਼ੁਰੂ ਕਰ ਦਿਤੀ, ਲੋੜਵੰਦ ਥੋੜੇ ਚਿਰ ਵਿਚ ਆਗਏ, ਥੋੜੀ ਜਹੀ ਗਹੁ ਕਰਨ ਤੇ ਭਾਰਾ ਲਸ਼ਕਰ ਕੱਠਾ ਹੋਗਿਆ ਤੇ ਕਈ ਥਾਵਾਂ ਦੇ ਸਰਦਾਰ ਤੇ ਪ੍ਰਸਿੱਧ ਸਿਪਾਹੀ ਭੀ ਹਾਜ਼ਰ ਸਨ, ਰੋਜ਼ ਵਾਧਾ ਹੁੰਦਾ ਜਾ ਰਿਹਾ ਸੀ, ਬਾਦਸ਼ਾਹ ਦੇ ਸਦਣ ਤੇ ਜ਼ੁਲਫਕਾਰਉਲਦੌਲਾ ਦੀ ਫੌਜ ਭੀ ਸ਼ਹਜ਼ਾਦੇ

ਸ੍ਰ: ਬਘੇਲ ਸਿੰਘ— ਇਸ ਸਾਰੀ ਰਕਮ ਦੇਣ ਅਤੇ ਕੈਂਬਲ ਦੇ ਰਈਸ ਨੂੰ ਛਡਨ ਦੇ ਮਗਰੋਂ ਕੋਈ ਆਦਮੀ ਤੁਹਾਡਾ ਪਿਛਾ ਨਹੀਂ ਕਰੇਗਾ।

ਅਬਦੁਲ ਅਹਦ— ਤੁਸੀ ਸਾਨੂੰ ਅਪਨੀ ਨਿਗ-

ਦੇ ਨਾਲ ਆਈ ਤੇ ਕਾਫੀ ਗਿਣਤੀ ਵਧੀ, ਜਦ ਅਬਦੁਲ ਅਹਦ ਖਾਂ ਨੇ ਠਾਠ ਬਾਠ ਬਣਾ ਲਿਆ, ਸ਼ੈਹਰ ਤੋਂ ਕੂਚ ਕੀਤਾ ਤੇ ਜ਼ੁਲਫਕਾਰਉਲਦੌਲਾ ਦੇ ਵਾਂਗ ਕੁਛ ਕੋਹ ਸਰਹਿੰਦ ਤੋਂ ਲੰਘ ਕੇ ਇਕ ਸਿਖ ਸ੍ਰਦਾਰ ਨਾਲ ਗਲ ਬਾਤ ਛੇੜੀ, ਰੋਅਬ ਦਖਾਇਆ, ਆਪ ਦੀ ਇਜ਼ਤ ਤੇ ਦਰਜਾ ਓਹਨਾਂ ਤੇ ਪ੍ਰਗਟ ਸੀ, ਓਹ ਟਾਕਰੇ ਲਈ ਤਿਆਰ ਹੋਇਆ। ਅਜੇ ਤਲਵਾਰ ਨਹੀਂ ਚਲੀ ਸੀ, ਨਿਰੀ ਚਮਕ ਦੇਖਕੇ ਹੀ ਕਾਇਰ ਅਬਦੁਲ ਅਹਦ ਖਾਂ ਦੀ ਅਖ ਮੀਟੀ ਗਈ, ਬਿਜਲੀ ਵਾਂਗ ਤਲਵਾਰ ਦੀ ਚਮਕ ਦੂਰੋਂ ਝਲਕੀ ਸੀ ਕਿ ਉਸਦੀਆਂ ਅਖਾਂ ਚੁੰਧਿਆ ਗਈਆ, ਪ੍ਰਕਾਸ਼ ਨਾ ਸੈਹ ਸਕਿਆ। ਸ਼ਹਜ਼ਾਦੇ ਸਣੇ ਅਜਿਹਾ ਨਸਿਆ ਕਿ ਪਛੇ ਮੁੜਕੇ ਨਾ ਡਿੱਠਾ, ਨਜਫ ਖਾਂ ਬਹਾਦਰ ਦੀ ਫੌਜ ਸ੍ਰਦਾਰ ਦੇ ਹੌਸਲਾ ਦੇਣ ਤੇ ਪੂਰੀ ਅਤੇ ਸਬੂਤ ਪੁਜੀ ਤੇ ਓਹ ਆਦਮੀ ਜੋ ਏਹਨਾ ਦੇ ਪਿਛੇ ਸਨ, ਓਹਨਾ ਕਰਕੇ ਇਹ ਵੀ ਸਲਾਮਤ ਆਗਏ ਤੇ ਲੋਕਾਂ ਨੇ ਨਾਹਕ ਵਿਚ ਜਾਣ ਆਓਣ ਦੇ ਕਸ਼ਟ ਉਠਾਏ, ਕਪੜੇ ਤੇ ਹਥਿਆਰਾਂ ਤੋਂ ਫਾਡੀ ਹੋ, ਪ੍ਰਤ ਆਬਰੋ ਗੁਵਾ, ਜਿੱਥੇ ਟਕਾਣਾ ਸੀ ਓਥੇ ਜਾ ਪੁੰਜਾ, ਥੋੜੇ ਆਦਮੀ ਕਤਲ ਤੇ ਫੱਟੜ ਹੋਏ।

[ਜਿਲਦ ਤੀਜੀ ਸਫਾ ੧੧੫

ਰਾਨੀ ਵਿਚ ਦਿੱਲੀ ਤਕ ਵਾਪਸ ਪੁਚਾ ਦਿਓਗੇ ?

ਸ: ਬਘੇਲ ਸਿੰਘ— ਬੇਸ਼ਕ।

ਅਬਦੁਲ ਅਹਦ ਤੇ ਸ਼ਹਜ਼ਾਦੇ ਨੇ ਓਸੇ ਵੇਲੇ ਦਿਲੀ ਹਲਕਾਰੇ ਦੁੜਾਏ ਤੇ ਓਥੋਂ ਫੈਸਲੇ ਲਈ ਮੰਗੀ ਰਕਮ ਮੰਗਵਾ ਕੇ ਦਿੱਤੀ ਤੇ ਦਿੱਲੀ ਦਾ ਰਾਹ ਲੀਤਾ।

ਛਿਬੇ ਦੀ ਥਾਂ, ਦੂਬੇ ਬਣ ਗਏ

ਨਰ ਚਾਹਤ ਕਿਛ ਅਉਰ, ਅਉਰੈ ਕੀ ਅਉਰੈ ਭਈ।
ਚਿਤਵਤ ਰਹਿਓ ਠਗਉਰ, ਨਾਨਕ ਫਾਸੀ ਗਲਿ ਪਰੀ॥

ਸੰਮਤ ੧੮੨੪ ਵਿਚ ਨਜੀਬ ਖਾਂ ਨੂੰ ਅਨੋਖਾ ਖਿਆਲ ਆਇਆ, ਹਕੂਮਤ ਦੇ ਚਾ ਵਿਚ ਬੇਸਬਰ ਹੋਕੇ ਮੇਰਠ, ਝਜਰ, ਨਜੀਬਗੜ੍ਹ ਆਦਿਕ ਅਸਥਾਨਾਂ ਦੇ ਛੋਟੇ ਵਡੇ ਮੁਸਲਮਾਨ ਨਵਾਬਾਂ ਤੇ ਰੁਹੇਲੇ ਖਾਨਦਾਨ ਦੇ ਅਮੀਰਾਂ ਨੂੰ ਸਦਿਆ ਤੇ ਸਮਝਾਇਆ ਕਿ ਪੰਜਾਬ ਸੈਂਕੜੇ ਵਰ੍ਹਿਆਂ ਤੋਂ ਮੁਗ਼ਲਾਂ ਦੀ ਹਕੂਮਤ ਰਹੀ ਹੈ ਦਿੱਲੀ ਦੀ ਰਾਜਧਾਨੀ ਦਾ ਦੀਵਾ ਟਮਟਮਾਉਂਦਾ ਵੇਖ ਗਿਣਤੀ ਦੇ ਸਿਖਾਂ ਨੇ ਸਿਰ ਚੁਕਕੇ ਇਸ ਅਲਾਕੇ ਨੂੰ ਦਬਾ ਲੀਤਾਹੈ। ਮੁਗ਼ਲ ਮੁਸਲਮਾਨ ਸਨ, ਜੇ ਓਹ ਕਮਜ਼ੋਰ ਹੋਗਏ ਹਨ ਤਦ ਅਸਾਂ ਓਹਨਾਂ ਦੇ ਜ਼ਾਤ ਭਾਈ ਜਿਉਂਦੇ ਹਾਂ। ਮੁਗ਼ਲਾਂ ਪਿਛੋਂ ਪੰਜਾਬ ਤੇ ਸਾਡਾ ਹੱਕ ਹੈ, ਜੇ ਅਣਖ ਨਾਲ ਤੁਹਾਡਾ ਲਹੂ ਉਬਾਲੇ ਖਾਂਦਾ ਹੈ, ਤੇ ਜੇ ਅਪਨੇ ਵਡਿਆਂ ਦੇ ਨੇਕ

ਨਾਮ ਨੂੰ ਅਟਲ ਰਖਣ ਲਈ ਆਪ ਦੀ ਆਤਮਾ ਆਪ ਅਗੇ ਅਪੀਲ ਕਰੇ ਤਾਂ ਪੰਜਾਬ ਮੋੜ ਲੈਣ ਲਈ ਤਿਆਰ ਹੋ ਜਾਓ, ਪੰਜਾਬ ਦਾ ਮੋੜਨਾ ਨਾਲੇ ਪੁਨ ਤੇ ਨਾਲੇ ਫਲੀਆਂ ਵਾਲੀ ਗਲ ਹੋਵੇਗੀ, ਇਕ ਤਾਂ ਪੰਜਾਬ ਦੀ ਵਡੀ ਰਾਜਧਾਨੀ ਹਥ ਆਵੇਗੀ, ਦੂਜੇ ਕਾਫ਼ਰਾਂ ਦਾ ਨਾਸ ਕਰਨ ਤੇ ਬੜਾ ਭਾਰੀ ਪੁੰਨ ਹੋਵੇਗਾ।

ਥੋੜੀ ਜਹੀ ਸੋਚ ਵਿਚਾਰ ਦੇ ਮਗਰੋਂ ਸਾਰਿਆਂ ਨੇ ਨਜੀਬ ਖਾਂ ਦੀ ਹਾਂ ਵਿਚ ਹਾਂ ਮਿਲਾਈ, ਪੰਜਾਹ ਕੁ ਹਜ਼ਾਰ ਪਿਆਦੇ ਤੇ ਸਵਾਰਾਂ ਦਾ ਭਾਰਾ ਲਸ਼ਕਰ ਲੈਕੇ ਤੁਰ ਪਏ, ਸ਼ਹਨਾਈਆਂ ਦੀ ਅਵਾਜ਼ਨਾਲ ਮੈਦਾਨ ਗੂੰਜ ਉਠਿਆ, ਫੌਜਾਂ ਦਗੜ ੨ ਕਰਦੀਆਂ 'ਘੁੜਾਮ' ਵਾਲੀ ਥਾਂ ਤੇ ਆ ਪੁਜੀਆਂ।

ਇਧਰ ਖ਼ਾਲਸਾ ਭੀ ਬੇਫਿਕਰ ਨਹੀਂ ਸੀ, ਇਕ ਸਿਖ ਰਿਆਸਤ ਦੀ ਨਾਜ਼ਕ ਦਸ਼ਾ ਵੇਖਕੇ ਓਹਨਾਂ ਦੀਆਂ ਰਗਾਂ ਵਿਚ ਲਹੂ ਜੋਸ਼ ਮਾਰਨ ਲੱਗਾ, ਕੌਮੀ ਆਨ ਤੇ ਸ਼ਾਨ ਨੂੰ ਕ਼ਾਇਮ ਰਖਣ ਲਈ ਨਜੀਬ ਖ਼ਾਂ ਰੁਹੇਲੇ ਦੇ ਟਾਕਰੇ ਵਿਚ ਪਟਿਆਲੇ ਪੁਜ ਗਏ।

ਸ੍ਰਦਾਰ ਬਘੇਲ ਸਿੰਘ ਨੇ ਨਜੀਬ ਖ਼ਾਂ ਦੀ ਫੌਜ ਦੇ ਘੁੜਾਮ ਵਾਲੀ ਥਾਂ ਤੇ ਪਹੁੰਚਦਿਆਂ ਹੀ ਹੱਲਾ ਬੋਲ ਦਿਤਾ, ਪਲੋ ਪਲੀ ਵਿਚ ਤਲਵਾਰਾਂ ਚਮਕਨ ਲਗੀਆਂ ਤੇ ਸ੍ਰਦਾਰ ਬਘੇਲ ਸਿੰਘ ਸਾਹਿਬ ਦੀ ਫੌਜ ਨੇ ੪ ਘੰਟੇ ਦੀ ਲੜਾਈ ਦੇ ਉਪਰੰਤ ਰੁਹੇਲਿਆਂ ਨੂੰ ਧਕਦੇ ਧਕਦੇ ਕਈ ਮੀਲ ਪਿਛੇ ਕਰ ਦਿਤਾ ਤੇ ਦੋ ਦਿਨ ਦੀ ਲਗਾਤਾਰ ਲੜਾਈ ਦੇ ਮਗਰੋਂ ਨਜੀਬ ਖ਼ਾਂ ਟਾਕਰੇ ਦੀ ਤਾਕਤ ਨਾ ਵੇਖ ਉਠ ਨੱਸਾ। ਨਜੀਬ

ਖ਼ਾਂ ਵਿਚਾਰੇ ਨਾਲ ਓਹੋ ਗਲ ਬਣੀ:—

ਚੌਬੇ ਜੀ ਗਏ ਸਨ ਬਨਣ ਛਿਬੇ ਜੀ,
ਪਰ ਬਣ ਆਏ ਦੂਬੇ ਜੀ ।

ਪੰਜਾਬ ਲੈਣ ਆਏ ਸਨ, ਸੈਂਕੜਿਆਂ ਦੇ ਹਥਿਆਰ ਤੇ ਹਜਾਰਾਂ ਦਾ ਮਾਲ ਖ਼ਾਲਸਾ ਜੀ ਨੂੰ ਦੇਣਾ ਪਿਆ ।

—:o:—

ਜਾਰਜ ਟਾਮਸਨ ਦੀ ਹਾਰ

ਜੇਕੋ ਬਹੁਤ ਕਰੈ ਅਹੰਕਾਰ ।
ਓਹ ਖਿਨ ਮਹਿ ਰਲਤਾ ਖ਼ਾਕੂ ਨਾਲ ।

ਆਪਾ ਖੰਡਾ ਮਰਹੱਟਾ ਸੰਧੀਆ ਦਾ ਨਜ਼ਦੀਕੀ ਸੀ, ਅਪਣੀਆਂ ਫੌਜਾਂ ਨੂੰ ਕਵਾਇਦ ਸਖਾਉਣ ਤੇ ਯੂਰਪ ਵਾਂਗ ਲੱੜਾਕੇ ਬਨਾਣ ਲਈ ਇਸਨੇ ਜਾਰਜ ਟਾਮਸਨ ਨਾਮ ਦਾ ਇਕ ਫਰਾਂਸੀਸੀ ਅਪਣੀਆਂ ਫੌਜਾਂ ਦਾ ਵਡਾ ਅਫਸਰ ਬਣਾਇਆ, ਝਜਰ ਦਾ ਇਲਾਕਾ ਉਸਦੇ ਮਾਤੈਹਤ ਸੀ, ਜਦ ਆਪਾਖੰਡਾ ਨੇ ਨਾਰਨੌਲ ਤੇ ਕਬਜ਼ਾ ਕੀਤਾ, ਉਸ ਵੇਲੇ ਜਾਰਜ ਟਾਮਸਨ ਨੂੰ ਓਥੋਂ ਦਾ ਨਾਜ਼ਮ ਬਣਾ ਦਿੱਤਾ ਤਾਂ ਜੋ ਇਸਨਵੇਂ ਇਲਾਕੇ ਦਾ ਪ੍ਰਬੰਧਕਰੇ, ਪਰ ਜਾਰਜ ਟਾਮਸਨ ਦੇ ਨਾਜ਼ਮਹੋਣ ਤੋਂ ਥੋੜਾ ਚਿਰ ਮਗਰੋਂ ਹੀ ਆਪਾ ਖੰਡਾ ਨੂੰ ਮੌਤ ਦਾ ਸੱਦਾ ਆ ਗਿਆ ਤੇ ਉਸਦੀ ਗੱਦੀ ਤੇ ਬਾਵਨ ਜੀ ਬੈਠੇ ।

ਬਾਵਨ ਜੀ ਅਜੇ ਉਮਰ ਦੇ ਬੱਚੇ ਤੇ ਅਕਲ ਦੇ ਕੱਚੇ

ਨ, ਇਸ ਲਈ ਦਰਬਾਰ ਵਿਚ ਆਪਾ ਧਾਪੀ ਮਚ ਗਈ। ਹ ਹਾਲ ਦੇਖਕੇ ਜ਼ਾਰਜ ਟਾਮਸਨ ਨੇ ਭੀ ਸ਼ਕਲ ਬਦਲੀ, ਤੇ ਚਸ਼ਮੀ ਵਿਖਾਈ, ਉਸ ਇਲਾਕੇ ਦਾ ਸੁਤੰਤ੍ਰ ਹਾਕਮ ਣ ਬੈਠਾ ਤੇ ਹਾਂਸੀ ਦੇ ਕਿਲੇ ਤੇ ਕਬਜ਼ਾ ਕਰਕੇ ਉਸਨੂੰ ਅਪਨੀ ਰਾਜਧਾਨੀ ਬਣਾ ਲਿਆ। ਪੰਜ ਹਜ਼ਾਰ ਪਿਆਦੇ ਸਪਾਹੀ, ਇਕ ਹਜ਼ਾਰ ਘੋੜ ਚੜ੍ਹੇ ਤੇ ਪੰਜਾਹ ਤੋਪਾਂ ਇਸਦੇ ਕੋਲ ਸਨ। ਇਸ ਇਲਾਕੇ ਤੇ ਅਪਨਾ ਕਬਜ਼ਾ ਕਰਨ ਦੇ ਉਪ੍ਰੰਤ ਸਿਖ ਰਿਆਸਤਾਂ ਨੂੰ ਹੜਪ ਕਰਨ ਦੀ ਸਲਾਹ ਕੀਤੀ।

ਸ਼ਾਹ ਜ਼ਮਾਨ ਦੇ ਹਿੰਦ ਤੇ ਹੱਲਾ ਕਰਨ ਦੀ ਖ਼ਬਰ ਉਡੀ,ਸਿਖ ਸ੍ਰਦਾਰ ਤੇ ਰਾਜੇ ਇਸ ਧੱਕੜਸ਼ਾਹੀ ਦੇਹਥੋਂ ਮੁਲਕ ਨੂੰ ਬਚਾਣ ਲਈ ਲਾਹੌਰ ਕਠੇ ਹੋਏ ਤੇ ਇਸਦੇ ਨਾਲ ਲੜਨ ਦਾ ਫੈਸਲਾ ਕੀਤਾ। ਜਾਰਜ ਟਾਮਸਨ ਨੇ ਮੈਦਾਨ ਖ਼ਾਲੀ ਡਿਠਾ, ਸਮਾਂ ਅਮੋਲਕ ਜਾਣਕੇ ਸੰਮਤ ੧੮੫੫ ਵਿਚ ਜੀਂਦ ਤੇ ਹੱਲਾ ਕਰ ਦਿਤਾ, ਇਹ ਖਬਰ ਸੁਣਦਿਆਂ ਹੀ ਕੈਥਲ, ਪਟਯਾਲਾ ਤੇ ਨਾਭੇ ਦੀਆਂ ਫੌਜਾਂ ਲਾਹੌਰੋਂ ਮੁੜ ਆਈਆਂ। ਸ੍ਰਦਾਰ ਬਘੇਲ ਸਿੰਘ ਨੇ ਜਾਰਜ ਟਾਮਸਨ ਦੇ ਹਮਲੇ ਦੀ ਖਬਰ ਹੁੰਦਿਆਂ ਹੀ ਜਮਨਾ ਤੇ ਸਤਲੁਜ ਦੇ ਵਿਚਕਾਰਲੇ ਇਲਾਕੇ ਦੇ ਸਿੰਘਾਂ ਨੂੰ ਇਕੱਠਾ ਕਰਕੇ ਚੜ੍ਹਾਈ ਕਰ ਦਿਤੀ, ਘਮਸਾਨ ਦਾ ਯੁਧ ਮਚਿਆ, ਸ੍ਰਦਾਰ ਬਘੇਲ ਸਿੰਘ ਤੇ ਬੀਬੀ ਸਾਹਿਬ ਕੌਰ ਪ੍ਟਯਾਲਾ ਨੇ ਜਾਰਜ ਟਾਮਸਨ ਦੀ ਫੌਜ ਦੇ ਛਕੇ ਛੁਡਾ ਦਿਤੇ, ਟਾਮਸਨ ਨੇ ਬਥੇਰਾ ਜ਼ੋਰ ਲਾਇਆ ਕਿ ਕਿਸੇ ਤਰਾਂ ਫੌਜ ਨੂੰ ਟਾਕਰੇ ਲਈ ਖੜਾ ਕਰੇ ਪਰ ਫੌਜ ਨੇ

ਜਵਾਬ ਦੇ ਦਿੱਤਾ। ਜਾਰਜ ਟਾਮਸਨ ਸਿਖ ਰਿਆਸਤ ਨੂੰ ਖੀਰ ਸਮਝਕੇ ਆਯਾ ਸੀ ਪਰ ਹੁਣ ਉਸਨੂੰ ਪਤਾ ਲਗਾ ਕਿ ਖੀਰ ਨਹੀਂ ਸਗੋਂ ਛੋਲੇ ਹਨ ਤੇ ਛੋਲੇ ਭੀ ਲੋਹੇ ਦੇ ਜੋ ਖਾਣ ਸਮੇਂ ਪਹਿਲੇ ਦੰਦਾਂ ਦੀ ਸਫਾਈ ਕਰਨਗੇ ਤੇ ਫੇਰ ਆਂਦਰਾਂ ਦੀ, ਓੜਕ ਸ਼ਰਮਿੰਦਾ ਹੋਕੇ ਮੁੜ ਗਿਆ।

ਚਲੋ ਜਾਨ ਬਚੀ ਲੱਖਾਂ ਖੱਟੇ

ਸੰਮਤ ੧੮੪੬ ਵਿਚ ਮਾਧੋ ਰਾਓ ਦਾ ਬਖਸ਼ੀ ਬਹੁਤ ਸਾਰੀ ਫੌਜ ਲੈਕੇ ਸਿਖ ਰਿਆਸਤਾਂ ਵਲ ਵਧਿਆ, ਸਰਦਾਰ ਬਘੇਲ ਸਿੰਘ ਜੀ ਖਬਰ ਹੁੰਦਿਆਂਹੀ ਬਖਸ਼ੀ ਦੇ ਨਾਲ ਹੋਗਏ, ਜੀਂਦ, ਕੈਂਥਲ, ਪਟਯਾਲਾ, ਨਾਭਾ, ਥਾਨੇਸਰ ਆਦਕ ਦੇ ਰਈਸਾਂ ਤੋਂ ਤੁਹਫੇ ਲੈਕੇ ਜਦ ਮਾਧੋ ਰਾਓ ਦੀ ਫੌਜ ਮੁੜਦੀ ਹੋਈ ਸ਼ਾਹ ਪੁਰ ਵਾਲੀ ਥਾਂ ਪੁਜੀ ਤਾਂ ਲਛੋਡੇ ਦੇ ਸਿੰਘਾਂ ਨੇ ਸ੍ਰਦਾਰ ਬਘੇਲ ਸਿੰਘ ਦੇ ਹੁਕਮ ਅਨੁਸਾਰ ਮਾਧੋ ਰਾਓ ਦੀ ਫੌਜ ਤੇ ਹੱਲਾ ਕਰ ਦਿਤਾ, ਮਰਹੱਟਿਆਂ ਨੇ ਜੋ ਤੋਹਫੇ ਓਧਰੋਂ ਲਿਆਂਦੇ ਸੀ ਉਸ ਵਿਚ ਕੁਛ ਅਪਣੇ ਕੋਲੋਂ ਪਾਕੇ ਪੇਸ਼ ਸਿਖਾਂ ਦੇ ਕੀਤੇ, ਮੁਸ਼ਕਲ ਨਾਲ ਬਖਸ਼ੀ ਸਾਹਿਬ ਨੇ ਸਿਖਾਂ ਤੋਂ ਜਾਨ ਬਖਸ਼ੀ ਕਰਾਈ। ਚਲੋ ਜਾਨ ਬਚੀ ਲੱਖਾਂ ਪਾਏ, ਦੀ ਮੁਹਾਰਨੀ ਨੂੰ ਕੰਠਾਗਰ ਕਰਦੇ ਮੁੜ ਗਏ।

ਆਪਸ ਵਿਚ ਲੜਾਈ

ਜਿਸ ਰਾਖੇ ਤਿਸ ਕੋਇ ਨ ਮਾਰੇ ।

ਸੰਨ ੧੭੮੮ ਵਿੱਚ ਦਿੱਲੀ ਦੇ ਤਖ਼ਤ ਤੇ ਸ਼ਾਹ ਆਲਮ ਸਾਨੀ ਬੈਠਾ ਸੀ ਤੇ ਇਹਨਾਂ ਦਾ ਵਜ਼ੀਰ ਗੁਲਾਮ ਕਾਦਰ ਖਾਂ ਸੀ। ਬਾਦਸ਼ਾਹ ਤੇ ਵਜ਼ੀਰ ਦੀ ਆਪਸ ਵਿਚ ਬਣਦੀ ਨਹੀਂ ਸੀ, ਇਕ ਦੂਜੇ ਦੇ ਵਿਰੁਧ ਖੁਲਮ ਖੁਲਾ ਤੇ ਅੰਦਰੋਂ ਕਪਟ ਜਾਲ ਵਿਛਾਏ ਜਾਂਦੇ ਤੇ ਹਾਨੀ ਕਾਰਕ ਗੋਂਦਾਂ ਗੁੰਦੀਆਂ ਜਾਂਦੀਆਂ ਸਨ । ਸਮਾਂ ਪਾਕੇ ਗ਼ੁਲਾਮ ਕਾਦਰ ਨੇ ਬਾਦ-ਸ਼ਾਹ ਦੀਆਂ ਅੱਖਾਂ ਕਢਵਾ ਦਿਤੀਆਂ ਤੇ ਆਪ ਦਿੱਲੀ ਦੇ ਤਖਤ ਤੇ ਬੈਠ ਗਿਆ ।

ਮਾਧੋ ਜੀ ਸਿੰਧੀਆ ਤੇ ਸ਼ਾਹ ਆਲਮ ਸਾਨੀ ਦੀ ਚੰਗੀ ਬਣੀ ਹੋਈ ਸੀ, ਪਰ ਕੁਝ ਚਿਰ ਤੋਂ ਨਿਕੀ ਜਹੀ ਗਲ ਨੇ ਦੋਹਾਂ ਨੂੰ ਵਖ ਕਰ ਦਿਤਾ ਸੀ, ਮਾਧੋ ਜੀ ਰਾਓ ਨੇ ਇਹ ਸਮਾਂ ਅਮੋਲਕ ਜਾਣਕੇ ਝੱਟ ਲਸ਼ਕਰ ਨੂੰ ਤਿਆਰ ਹੋਣ ਦਾ ਹੁਕਮ ਦਿਤਾ, ਤੇ ਦਿਲੀ ਤੇ ਚੜ੍ਹ ਆਇਆ, ਗੁਲਾਮ ਕਾਦਰ ਉਤੇ ਕੋਈ ਭੀ ਖੁਸ਼ ਨਹੀਂ ਸੀ ਇਸ ਲਈ ਲੜਾਈ ਦੇ ਅਰੰਭ ਵਿਚ ਹੀ ਇਹ ਦੁਸ਼ਟ ਮਾਰਿਆ ਗਿਆ, ਪਰ ਸਿੰਧੀਆ ਨੇ ਸਾਰਾ ਪ੍ਰਬੰਧ ਅਪਨੇ ਹਥ ਵਿਚ ਲੈਕੇ ਨਾਮ ਮਾਤਰ ਸ਼ਾਹ ਆਲਮ ਸਾਨੀ ਨੂੰ ਤਖ਼ਤ ਤੇ ਬਠਾ ਦਿੱਤਾ ।

ਦਿਲੀ ਦੇ ਤਖ਼ਤ ਤੇ ਬੈਠਕੇ ਸਿੰਧੀਆ ਦਾ ਦਿਮਾਗ਼

ਵਿਗੜ ਗਿਆ, ਲਾਲਚ ਵਧਨ ਲਗਾ, ਖ਼ੁਦੀ ਤੇ ਹੰਕਾਰ ਐਨਾ ਸੀ ਕਿ ਕਿਸੇ ਨੂੰ ਕੁਝ ਸਮਝਦਾ ਹੀ ਨਹੀਂ ਸੀ।

ਪਟਯਾਲਾ ਰਿਆਸਤ ਦਾ ਘਰੋਗੀ ਜੰਗ ਕਿਸੇ ਤੋਂ ਗੁੱਝਾ ਨਹੀਂ ਸੀ, ਨਾਨੂੰ ਮਲ ਰਿਆਸਤ ਦੇ ਨਾਸ ਕਰਨ ਲਈ ਸੌਂਹ ਖਾਈ ਬੈਠਾ ਸੀ, ਇਸ ਸਮੇਂ ਤੋਂ ਲਾਭ ਨਾ ਉਠਾਣਾ ਬੜੀ ਬਦਕਿਸਮਤੀ ਸੀ, ਅੰਬਾ ਰਾਓ ਤੇ ਲਛਮੀ ਰਾਓ ਨਾਮ ਦੇ ਦੋ ਸਰਦਾਰਾਂ ਨੂੰ ਫੌਜ ਦੇਕੇ ਪਟਯਾਲੇ ਵੱਲ ਵਧਨ ਦਾ ਹੁਕਮ ਦਿਤਾ ਕਿ ਪਟਯਾਲਾ ਸਟੇਟ ਤੇ ਅਪਣਾ ਕਬਜ਼ਾ ਕਰ ਲਈਏ, ਮੇਰਠ ਦੇ ਨਵਾਬ ਗ਼ੁਲਾਮ ਕਾਦਰ ਦ ਨਾਲ ਦੋਵੇਂ ਮਰਹੱਟੇ ਸਰਦਾਰ ਪਟਯਾਲੇ ਵਲ ਵਧੇ, ਸ੍ਰਦਾਰ ਬਘੇਲ ਸਿੰਘ ਇਹ ਖਬਰ ਸੁਣਦਿਆਂ ਹੀ ਇਹਨਾਂ ਦੇ ਨਾਲ ਮਿਲ ਗਿਆ। ਜਦ ਇਹ ਲਸ਼ਕਰ ਰਾਜ ਗੜ੍ਹ ਦੇ ਕੋਲ ਪੁੱਜਾ ਤਾਂ ਅਗੋਂ ਪਟਯਾਲਾ ਤੇ ਜੀਂਦ ਦੀ ਫੌਜ ਭੀ ਆਗਈ, ਪਰ ਸ੍ਰਦਾਰ ਬਘੇਲ ਸਿੰਘ ਨੇ ਇਕ ਅਜੇਹੀ ਚਾਲ ਚਲੀ ਕਿ ਮਰਹੱਟਿਆਂ ਤੇ ਗ਼ੁਲਾਮ ਕਾਦਰ ਦੀ ਆਪਸ ਵਿਚ ਵਿਗੜ ਗਈ, ਜਿਸਤੋਂ ਬਿਨਾਂ ਕਿਸੇ ਲੜਾਈ ਲੜਨ ਦੇ ਮਰਹੱਟੇ ਤੇ ਗ਼ੁਲਾਮ ਕਾਦਰ ਸਾਹਿਬ ਪਿਛਲੀ ਪੈਰੀਂ ਬੈਰੰਗ ਮੁੜ ਗਏ।

ਸਿਮਰੂ ਬੇਗਮ

ਦਰਯਾ ਜਮਨਾ ਦੇ ਆਸ ਪਾਸ ਦੇ ਇਲਾਕਿਆਂ ਵਿਚ ਅਜ ਅਜਬ ਦਸ਼ਾ ਹੋ ਰਹੀ ਹੈ, ਖ਼ਾਲਸਾ ਜੀ ਦੀ ਲਹੂ ਭਰੀ ਤਲਵਾਰ ਦੇ ਅਗੇ ਚੱਮ ਦੇ ਦੱਮ ਚਲਾਣ ਵਾਲਿਆਂ ਦੀਆਂ ਗਰਦਨਾਂ ਉਡ ਰਹੀਆਂ ਹਨ।

ਓਹ ਲੋਕ ਜੋ ਜਹਾਨ ਦੀ ਇਜ਼ਤ ਤੇ ਧਨ ਦੌਲਤ ਦੇ ਨਸ਼ੇ ਵਿਚ ਗ਼ਲਤਾਨ ਤੇ ਮਸਤ ਹੋਕੇ ਰੱਬ ਦੇ ਬੰਦਿਆਂ ਨੂੰ ਕੁਝ ਨਹੀਂ ਸਮਝਦੇ ਸਨ, ਓਹਨਾਂ ਦਾ ਹੰਕਾਰ ਅਤੇ ਗ਼ਰੂਰ ਚਕਨਾ ਚੂਰ ਹੋ ਚੁਕਾ ਹੈ, ਅਜ ਓਹਨਾਂ ਨੂੰ ਅਪਣਾ ਸਿਰ ਲੁਕਾਣ ਲਈ ਥਾਂ ਨਹੀਂ ਲਭਦੀ।

ਜਿਨ੍ਹਾਂ ਦੇ ਦਿਮਾਗ਼ ਹਕੂਮਤ ਦੇ ਨਸ਼ੇ ਵਿਚ ਅਸਮਾਨ ਤੇ ਚੜ੍ਹੇ ਹੋਏ ਸਨ, ਜਿਨ੍ਹਾਂ ਦੇ ਖ਼ਿਆਲ ਵਿਚ ਆਦਮੀ ਨੂੰ ਮਾਰ ਦੇਣਾ ਕੀੜੀ ਦੇ ਬਰਾਬਰ ਸੀ, ਜਿਨ੍ਹਾਂ ਦੇ ਹਥੋਂ ਕਿਸੇ ਸਤਵੰਤੀ ਦੀ ਇਜ਼ਤ ਭੀ ਨਹੀਂ ਸੀ ਬਚੀ, ਜਿਨ੍ਹਾਂ ਦੀ ਸੈਨਤ ਨਾਲ ਦਬਾ ਦਬ ਨਿਰਦੋਸਿਆਂ ਦੀਆਂ ਗਰਦਨਾਂ ਕਟੀਂਦੀਆਂ ਤੇ ਘਰ ਬਾਰ ਲੁਟੇ ਜਾਂਦੇ ਸਨ, ਅਜ ਓਹ ਆਪ ਲਹੂ ਨਾਲ ਲਥੜ ਪਥੜ ਹੋਏ ਪਏਹਨ ਤੇ ਅਡੀਆਂ ਗੋਡੇ ਰਗੜਾਂਦੇ ਇਸ ਪਾਪਾਂ ਭਰੇ ਜੀਵਨ ਤੋਂ ਛੁਟਕਾਰਾ ਪਾਣ ਲਈ ਅਥਰੂ ਭਰੀਆਂ ਅਖਾਂ ਨਾਲ ਮੌਤ ਦੀ ਉਡੀਕ ਕਰ ਰਹੇ ਹਨ

ਓਹ ਆਦਮੀ ਜੋ ਜ਼ਰਾ ਜਿੰਨੀ ਜਹਾਨ ਦੀ ਤਾਕਤ ਹਥ ਵਿਚ ਆ ਜਾਣ ਕਰਕੇ ਅਪਣੀ ਆਕੜ ਦੇ ਕਾਰਨ 'ਕੋਈ ਨਹੀਂ ਜਹਾਨ ਤੇ ਅਸਾਂ ਜਿਹਾ' ਸਮਝ ਬਾਬਰ ਦੇ ਏਹ ਵਾਕ ਦੁਹਰਾ ਰਹੇ ਸਨ ਕਿਃ—

ਬਾਬਰ ਬ ਐਸ਼ ਕੋਸ਼ ਕਿ ਆਲਮ ਦੁਬਾਰਾ ਨੇਸਤ ।

ਤਥਾਃ- ਮੌਜਾਂ ਮਾਣ ਲੈ ਜਿੰਦੇ ਨੀ ਜਗ ਉੱਤੇ,

ਨਹੀਂ ਆਵਣਾ ਦੂਜੜੀ ਵਾਰ ਏਥੇ।

ਅਤੇ ਬਦਮਾਸ਼ੀ ਵਿਚ ਗ਼ਰਕ ਰਿਹਾ ਕਰਦੇ ਸਨ, ਓਹਨਾਂ ਦੀਆਂ ਲੋਥਾਂ ਧਰਤੀ ਤੇ ਨੰਗੀਆਂ ਰੁਲ ਰਹੀਆਂ ਹਨ, ਦਿਲੀ ਅਰਮਾਨ ਓਹਨਾਂ ਦੇ ਸਿਰ ਤੇ ਰੋਂਦੇ, ਨਿਰਾਸਤਾ ਵਾਲ ਖੋਂਹਦੀ ਤੇ ਇਬਰਤ ਸਰਹਾਣੇ ਖੜੋਤੀ ਵਾਵੈਲਾ ਕਰ ਰਹੀ ਹੈ।

ਜ਼ਾਲਮਾਂ ਤੇ ਜਾਬਰਾਂ ਦੇ ਹਥੋਂ ਯੂ.ਪੀ. ਤੇ ਸੀ.ਪੀ. ਦਾ ਇਲਾਕਾ ਲਗ ਭਗ ਛੁਟਕਾਰਾ ਪਾ ਚੁਕਾ ਹੈ, ਖ਼ਾਲਸਾ ਜੀ ਦੀ ਫੌਜ ਗ਼ਰੀਬਾਂ ਤੇ ਦੁਖੀਆਂ ਨੂੰ ਜ਼ੁਲਮ ਅਤੇ ਤੱਦੀ ਦੇ ਫੌਲਾਦੀ ਪੰਜੇ ਤੋਂ ਛੁੜਾਕੇ ਪੰਜਾਬ ਵਲ ਮੁੜਨ ਦੀਆਂ ਤਿਆਰੀਆਂ ਕਰ ਰਹੀ ਹੈ। ਇਸ ਸਫਰ ਵਿਚ ਹਰ ਮੈਦਾਨ ਖ਼ਾਲਸਾਜੀ ਦੀ ਫਤਹ ਹੋਈ,ਜੋ ਅੜਿਆ, ਸੋ ਝੜਿਆ, ਜੋ ਖ਼ਾਲਸਾ ਜੀ ਦੀ ਸ਼ਰਨ ਆਇਆ ਸੋ ਤਰਿਆ।

ਫਰਖ਼ਾਬਾਦ, ਫਰੀਦਾਬਾਦ, ਕੋਟਲਾ ਆਦਕ ਨੂੰ ਸਿਧੇ ਰਸਤ ਲਿਆਕੇ ਖ਼ਾਲਸਾ ਜੀ ਨੇ ਡੇਰੇ ਲਾ ਦਿਤੇ, ਇਹ ਪੜਾ ਸਰਧਨਾ ਰਿਆਸਤ ਦੇ ਕੋਲ ਸੀ।

ਸਰਧਨਾ ਦਾ ਇਲਾਕਾ ਬਾਦਸ਼ਾਹ ਦਿਲੀ ਦੇ ਇਲਾਕੇ

ਚ ਸੀ, ਓਹਨਾਂ ਨੇ ਇਹ ਰਿਆਸਤ ਅਪਣੇ ਪ੍ਰਸਿਧ ਸ਼ੁਭ ਚਿੰਤਕ ਸਿਮਰੂ ਸਾਹਿਬ (ਫਰਾਂਸੀਸੀ) ਨੂੰ ਦੇ ਛਡੀ ਸੀ, ਸਿਮਰੂ ਸਾਹਿਬ ਆਪ ਤਾਂ ਦਰਬਾਰੀ ਹੋਣ ਦੇ ਕਾਰਨ ਦਿਲੀ ਵਿਚ ਰਿਹਾ ਕਰਦੇ ਸਨ ਤੇ ਰਿਆਸਤ ਦਾ ਪ੍ਰਬੰਧ ਓਹਨਾਂ ਦੀ ਸੁਪਤਨੀ ਮਿਸਜ਼ ਸਮਰੂ ਜਿਨ੍ਹਾਂ ਨੂੰ ਆਮ ਆਦਮੀ ਸਿਮਰੂ ਬੇਗਮ ਕਿਹਾ ਕਰਦੇ ਸਨ ਦੇ ਹਥ ਵਿਚ ਸੀ।

ਸੰਮਤ ੧੮੩੬ ਦੇ ਦਿਨ ਸਨ, ਸਿਖ ਸਿਪਾਹੀ ਡੇਰਾ ਲਾਈ ਅਪਨੇ ਅਪਨੇ ਕੰਮਾਂ ਵਿਚ ਲਗ ਗਏ, ਕਈ ਜਵਾਨ ਜੰਗਲ ਜਾਣ ਲਈ ਮੀਲ ਮੀਲ ਦੋ ਦੋ ਮੀਲ ਦੀ ਵਿਥ ਤੇ ਜਾ ਨਿਕਲੇ, ਅਚਨ ਚੇਤ ਓਹਨਾਂ ਦੀ ਨਿਗਾਹ ਇਕ ਹਥਿਆਰ ਬੰਦ ਟੋਲੇ ਤੇ ਪਈ ਜੋ ਇਕ ਪੀਨਸ ਨਾਲ ਸਫਰ ਕਰ ਰਹੇ ਸਨ।

ਇਸ ਇਲਾਕੇ ਦੇ ਜ਼ਾਲਮਾਂ, ਇਨਸਾਫ ਦੇ ਵੈਰੀਆਂ ਤੇ ਪ੍ਰਜਾ ਦੇ ਅਰਾਮਵਿਚ ਭੰਗ ਪਾਉਣ ਵਾਲੇ ਵਿਗੜੇ ਦਮਾਗ਼ਾਂ ਨੂੰ ਠੀਕ ਕਰਣ ਲਈ ਸ਼ੁਭ ਚਿੰਤਕ ਡਾਕਟਰ ਵਾਂਗ ਖ਼ਾਲਸਾ ਜੀ ਨੇ ਜੋ ਤੇਜ਼ ਨਸ਼ਤਰ ਤੋਂ ਕੰਮ ਲੀਤਾ ਸੀ ਓਸਦੇ ਕਾਰਨ ਸਾਰੇ ਪਾਸੀਂ ਖਾਲਸਾ ਜੀ ਦੀ ਧੁੰਮ ਮਚ ਗਈ ਸੀ, ਬਦਕਾਰ, ਬਦਮਾਸ਼, ਡਾਕੂ ਤੇ ਰਾਹ ਮਾਰ ਲੋਕੀਂ ਖਾਲਸਾ ਜੀ ਦਾ ਨਾਮ ਸੁਣਕੇ ਸਰੂ ਵਾਂਗ ਕੰਬਨ ਲਗ ਜਾਂਦੇ ਸਨ।

ਇਸ ਹਥਿਆਰ ਬੰਦ ਟੋਲੇ ਦੀ ਨਿਗਾਹ ਜਦ ਖਾਲਸਾ ਜੀ ਤੇ ਪਈ ਤਾਂ ਅਗਾ ਦੇਖਿਆ ਨਾਂ ਪਿਛਾ, ਖ਼ਾਲਸਾ ਜੀ ਨੂੰ ਵੇਖਦਿਆਂ ਹੀ ਨੱਸ ਪਏ, ਏਹ ਟੋਲਾ ਖ਼ਾਲਸਾ ਜੀ ਦੀ ਨਜ਼ਰੇ ਭੀ ਪੈ ਚੁਕਾ ਸੀ, ਇਹਨਾਂ ਨੂੰ ਇਸ ਤਰਾਂ ਨਸਦਿਆਂ

ਦੇਖਕੇ ਇਸ ਖ਼ਿਆਲ ਤੋਂ ਕਿ ਸ਼ਾਇਦ ਇਹ ਡਾਕੂ ਹੋਣ ਤੇ ਕਿਸੇ ਪਤਵੰਤੀ ਤੀਵੀਂ ਨੂੰ ਨਸਾਕੇ ਲੈ ਜਾ ਰਹੇ ਹੋਣ, ਏਹ ਬਹਾਦਰ ਭੀ ਓਹਨਾਂ ਦੇ ਪਿਛੇ ਦੌੜੇ। ਭਾਵੇਂ ਹਥਯਾਰ ਬੰਦ ਜਥਾ ਘੋੜਿਆਂ ਤੇ ਸਵਾਰ ਸੀ ਤੇ ਸਿੰਘ ਪੈਦਲ ਸਨ, ਫਿਰ ਭੀ ਓਹਨਾਂ ਨੇ ਥੋੜੇ ਕਦਮਾਂ ਦੇ ਵਿਚ ਵਿਚ ਜਾ ਫੜਿਆ। ਬਸ ਫੇਰ ਕੀ ਸੀ, ਹਥਯਾਰਬੰਦ ਟੋਲੇ ਦਾ ਰੰਗ ਫ਼ਕ, ਹਵਾਸ ਗੁੰਮ ਤੇ ਚੇਹਰਿਆਂ ਦਾ ਰੰਗ ਉਡ ਗਿਆ, ਸਰੀਰ ਵਿੱਚ ਬੇਸੁਰਤੀ ਤੇ ਜਿਸਮ ਥਰ ਥਰ ਕੰਬਨ ਲਗੇ, ਅਤੇ ਹਥਿਆਰ ਸਨ ਕਿ ਅਪਨੇ ਆਪ ਹਥਾਂ ਵਿਚੋਂ ਪਏ ਡਿਗਦੇ ਸਨ। ਪੀਨਸ ਦੇ ਸਵਾਰ ਨੇ ਜਦ ਅਪਣੇ ਸਾਥੀਆਂ ਦੀ ਇਹ ਹਾਲਤ ਡਿਠੀ ਤਾਂ ਉਸਨੇ ਉੱਚੀ ਅਵਾਜ਼ ਨਾਲ ਕਿਹਾ:—

"ਸ੍ਰ: ਬਘੇਲ ਸਿੰਘ ਦੇ ਨਾਮ ਤੇ ਮੇਰੀ ਰੱਖਯਾ ਕਰੋ"

ਸਿਖ ਸਿਪਾਹੀਆਂ ਨੇ ਉਸ ਸਮੇਂ ਤਕ ਹਥਯਾਰ ਬੰਦ ਪਾਰਟੀ ਨੂੰ ਰੋਕਣ ਦਾ ਪ੍ਰਬੰਧ ਕੀਤਾ ਸੀ, ਪੀਨਸ ਵਿਚੋਂ ਆਈ ਅਵਾਜ਼ ਜਦ ਓਹਨਾਂ ਦੇ ਕੰਨਾਂ ਤਕ ਪੁੱਜੀ ਤਾਂ ਓਹਨਾਂ ਦੇ ਲਹੂ ਵਿਚ ਇਕ ਬਿਜਲੀ ਜਹੀ ਦੌੜ ਗਈ, ਇਕ ਤਾਂ ਇਹਨਾਂ ਅਖਰਾਂ ਵਿਚ ਖ਼ਾਲਸਾ ਜੀ ਦੇ ਜਥੇਦਾਰ ਦੇ ਨਾਮ ਤੇ ਰਾਖੀ ਲਈ ਅਪੀਲ ਕੀਤੀਗਈ ਸੀ ਤੇ ਦੂਸਰੇ ਰਖਯਾ ਚਾਹੁਣ ਵਾਲੇ ਦੀ ਆਵਾਜ਼ ਜ਼ਨਾਨੀ ਸੀ, ਕੁਛ ਸਿੱਘਾਂ ਨੇ ਤਾਂ ਉਸ ਹਥਯਾਰਬੰਦ ਜਥੇ ਤੋਂ ਹਥਯਾਰ ਟਖਵਾਣੇ ਸ਼ੁਰੂ ਕਰ ਦਿਤੇ ਬਾਕੀ ਝਟ ਪੀਨਸ ਦੇ ਕੋਲ ਪੁਜੇ ਤੇ ਪੁਛਿਆ ਕਿ:—

"ਤੁਸੀਂ ਕੋਣ ਹੋ? ਤੇ ਇਸ ਹਥਯਾਰਬੰਦ ਜਥੇ ਦੇ ਹੱਥ ਕਿਸਤਰਾਂ ਆ ਗਏ?"

ਅਵਾਜ਼—ਮੈਂ ਮਿਸਜ਼ ਸਿਮਰੂ (ਸਿਮਰੂ ਬੇਗਮ) ਹਾਂ ਤੇ ਏਹ ਮੇਰੇ ਨੌਕਰ ਹਨ, ਅਸੀਂ ਦਿੱਲੀ ਤੋਂ ਆਏ ਹਾਂ, ਕਰਨਾਲ ਤੇ ਰੋਹਤਕ ਦੇ ਇਲਾਕੇ ਦਾ ਦੌਰਾ ਕਰਕੇ ਅਪਣੀ ਰਿਆਸਤ ਸਰਧਨਾ ਵਲ ਜਾ ਰਹੇ ਹਾਂ, ਆਪਨੂੰ ਵੇਖਕੇ ਪਤਾ ਨਹੀਂ ਮੇਰੇ ਨੌਕਰਾਂ ਤੇ ਕੀ ਡਰ ਪੈਗਿਆ ਕਿ ਓਹ ਇਕ ਦਮ ਨੱਸ ਉਠੇ ਤੇ ਅਪਣੇ ਆਪ ਨੂੰ ਸ਼ੱਕੀ ਕਰ ਲਿਆ, ਇੰਨੇ ਨੂੰ ਤੁਸੀਂ ਇਹਨਾਂ ਨੂੰ ਆ ਘੇਰਿਆ ਹੈ, ਮੈਂ ਆਪ ਪਾਸੋਂ ਜਾਨ ਅਤੇ ਮਾਲ ਦੀ ਰਖਵਾਲੀ ਚਾਹੁੰਦੀ ਹਾਂ, ਆਸ਼ਾ ਹੈ ਕਿ ਸਰਦਾਰ ਬਘੇਲ ਸਿੰਘ ਦੇ ਨਾਂਉ ਤੇ ਏਹ ਪ੍ਰਾਥਨਾ ਕਬੂਲ ਕਰੋਗੇ।

ਸਿੰਘ ਸਿਪਾਹੀ—ਜੇ ਤੁਸੀਂ ਪ੍ਰਦੇਸੀ ਹੋ ਤੇ ਇਹ ਤੁਹਾਡੇ ਨੌਕਰ ਹਨਤਾਂ ਤੁਸੀਂ ਜਿਧਰ ਚਾਹੋ ਖੁਸ਼ੀ ਨਾਲ ਜਾ ਸਕਦੇ ਹੋ, ਅਸੀਂ ਤੁਹਾਡੀ ਹਰਤਰਾਂ ਨਾਲ ਮਦਦ ਕਰਨਲਈ ਤਯਾਰਹਾਂ। ਏਨ੍ਹਾਂਨੂੰ ਨਸਦਿਆਂ ਵੇਖਕੇ ਇਹ ਸੋਚਕਿ ਇਹਡਾਕੂ ਕਿਸੇ ਪਤ-ਵੰਤੀ ਇਸਤ੍ਰੀ ਨੂੰ ਨਸਾਕੇ ਨਾਂ ਲੈ ਜਾ ਰਹੇ ਹੋਣ, ਇਨ੍ਹਾਂਨੂੰ ਰੋਕਣ ਦੀ ਲੋੜ ਪਈ, ਜੇ ਏਹ ਅਪਨੀ ਅਸਲੀ ਚਾਲੇ ਤੁਰੇ ਜਾਂਦੇ ਤਾਂ ਅਸੀਂ ਇਹਨਾਂ ਤੇ ਕਿਸੇ ਤਰਾਂ ਦਾ ਸ਼ੱਕ ਨਾਂ ਕਰਦੇ। ਖ਼ਾਲਸਾ ਕਿਸੇ ਦਾ ਵੈਰੀ ਨਹੀਂ ਹੈ, ਓਹ ਦੁਨੀਆਂ ਵਿਚ ਪਿਆਰ ਅਤੇ ਮੁਹੱਬਤ ਦਾ ਸਨੇਹਾ ਲੈਕੇ ਆਇਆ ਹੈ, ਓਹ ਮਨੁਖਾਂ ਦੀ ਸਹਾਇਤਾ ਅਤੇ ਹਮਦਰਦੀ ਲਈ ਪੈਦਾ ਕੀਤਾ ਗਿਆ ਹੈ, ਦੁਖੀਆਂ ਦੀ ਮਦਦ ਉਸਦਾ ਪ੍ਰਯੋਜਨ ਹੈ, ਅਤੇ ਗ਼ਰੀਬਾਂ ਦੀ ਹਮਾਇਤ ਉਸ਼ਦਾ ਈਮਾਨ, ਖ਼ਾਲਸਾ ਚਾਹੁੰਦਾ ਹੈ ਕਿ ਇਸ ਫਿਰਨ 'ਵਾਲੀ ਜ਼ਮੀਨ ਉਤੇ ਤੇ ਇਸ ਚਮਕਣ ਵਾਲੇ ਸੂਰਜ ਦੇ ਸਾਹਮਣੇ ਸਾਰੇ ਆਪਸ ਵਿਚ ਭਰਾ ਭਰਾ ਬਣਕੇ ਰਹੀਏ,

ਪਿਆਰ ਤੇ ਅਪਣਿਤ ਦੀਆਂ ਸੰਗਲੀਆਂ ਨਾਲ ਇਕ ਆਦਮੀ ਦੂਸਰੇ ਨੂੰ ਅਪਨੇ ਨਾਲ ਜੋੜ ਲਵੇ, ਕੋਈ ਕਿਸੇ ਦੀ ਸੁਤੰਤ੍ਰਤਾ ਵਿਚ ਰੋਕ ਨਾਂ ਪਾਵੇ, ਕੋਈ ਕਿਸੇ ਦਾ ਹੱਕ ਨਾਂ ਗਵਾਵੇ ਤੇ ਕੋਈ ਕਿਸੇ ਦੀ ਤਰੱਕੀ ਵਿਚ ਰੁਕਾਵਟ ਦਾ ਕਾਰਨ ਨਾਂ ਬਣੇ, ਪਰ ਜਦ ਖ਼ਾਲਸਾ ਦੇਖਦਾ ਹੈ ਕਿ ਕੋਈ ਇਕ ਆਦਮੀ ਜਾਂ ਜਥਾ ਕਿਸੇ ਤਰਾਂ ਦੀ ਤਾਕਤ ਲੈਕੇ ਦੂਸਰਿਆਂ ਦੇ ਹੱਕਾਂ ਤੇ ਆਜ਼ਾਦੀਨੂੰ ਹੜੱਪ ਕਰਨ ਤੇ ਡਟ ਗਿਆਹੈ ਤੇ ਓਹ ਤਾਕਤਵਰ ਜਥਾ ਜਾਂ ਆਦਮੀ ਸੁਲਹ ਅਤੇ ਮਿਤ੍ਰਤਾ ਦੀ ਕਿਸੇ ਆਵਾਜ਼ ਤੇ ਕੰਨ ਨਹੀਂ ਧਰਦਾ ਤਦ ਖਾਲਸਾ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਏਹ ਸਮਝਕੇ ਕਿਃ–

ਜਿਉਂ ਕਰ ਖੂਹੋਂ ਨਿਕਲੇ ਗਲ ਬਧੇ ਪਾਣੀ

ਤੇ ਇਸ ਕਥਨ ਅਨੁਸਾਰ:–

ਜਦ ਕੰਮ ਨਾਂ ਨਿਕਲੇ ਕਿਸੇ ਹੀਲਿਓਂ,
ਚਾਹੀਏ ਹਥ ਤਲਵਾਰ ਫੜੀ ।

ਲਾਚਾਰ ਹੋਕੇ ਤਲਵਾਰ ਮਿਆਨ ਵਿਚੋਂ ਬਾਹਰ ਕੱਢਦਾ ਹੈ, ਇਸ ਇਲਾਕੇ ਵਿਚ ਜਿੰਨੀ ਤਲਵਾਰ ਵਗੀ ਹੈ ਓਹ ਇਸੇ ਤੇ ਕੇਵਲ ਇਸੇ ਗ਼ਰਜ਼ ਤੇ ਚਲੀ ਹੈ, ਨਹੀਂ ਤਾਂ ਖ਼ਾਲਸਾ ਜੀ ਦਾ ਤਾਂ ਪ੍ਰਣ ਇਹ ਹੈ ਕਿਃ–

ਜੇ ਤਉ ਪ੍ਰਿਅ ਦੀ ਸਿਕ,
ਹੀਯੌ ਨ ਠਾਹੀ ਕਹੀਦਾ ।

ਅਰਥਾਤ–ਜੇ ਰਬ ਦੇ ਦੀਦਾਰ ਦੀ ਚਾਹ ਹੈ ਤਾਂ ਕਿਸੇ ਦਾ ਦਿਲ ਨਾਂ ਦੁਖਾ ।

ਖ਼ਾਲਸਾ ਕਿਸੇ ਨੂੰ ਦੁਖ ਦੇਣ ਲਈ ਨਹੀਂ ਆਇਆ

ਸਗੋਂ ਸਾਰੀ ਦੁਨੀਆ ਦੀਆਂ ਤਕਲੀਫਾਂ ਅਪਣੇ ਸਿਰ ਤੇ ਲੈਕੇ ਲੋਕਾਂ ਨੂੰ ਦੁੱਖਾਂ ਤੋਂ ਛੁਟਕਾਰਾ ਦੇਣ ਲਈ ਆਇਆ ਹੈ। ਇਸਤ੍ਰੀਆਂ, ਬੁਢਿਆਂ, ਬਾਲਾਂ ਅਤੇ ਬੀਮਾਰਾਂ ਤੇ ਤਾਂ ਕਿਸੇਤਰਾਂ ਭੀ ਖਾਲਸੇ ਨੂੰ ਹੱਥ ਚੁਕਨ ਦੀ ਆਗਯਾ ਨਹੀਂ, ਤੁਸੀਂ ਧੀਰਜ ਤੇ ਸ਼ਾਂਤੀਨਾਲ ਅਪਣੀ ਰਿਆਸਤ ਵਲ ਜਾ ਸਕਦੇ ਹੋ।

ਇਹ ਗਲਾਂ ਕੈਹਕੇ ਸਿੰਘਾਂ ਨੇ ਬਾਕੀ ਦੇ ਸਾਥੀਆਂ ਨੂੰ ਆਵਾਜ਼ ਦਿਤੀ, ਜਿਸਤੇ ਓਹ ਹਥਯਾਰਬੰਦ ਪਾਰਟੀ ਦੇ ਹਥ-ਯਾਰ ਰਖਕੇ ਮੁੜ ਆਏ।

ਸਿਮਰੂ ਬੇਗਮ ਤੇ ਓਹਦੇ ਸਾਥੀਆਂ ਨੇ ਅਪਣਾ ਰਾਹ ਲਿਆ, ਪਰ ਬੇਗਮ ਸਾਹਿਬਾ ਅਪਨੇ ਸਿਪਾਹੀਆਂ ਦੀ ਕਾ-ਇਰਤਾ ਅਤੇ ਸਿੰਘਾਂ ਦੀ ਬਹਾਦਰੀ ਤੇ ਉਜਲ ਜੀਵਨ ਦੇਖਕੇ ਉਂਗਲਾਂ ਟੁਕਣ ਲੱਗੀ, ਨੌਜਵਾਨ ਸਿਖਾਂ ਵਲੋਂ ਜੋ ਵਰਤਾਵਾ ਉਸਦੇ ਨਾਲ ਕੀਤਾ ਗਿਆ ਉਸਨੇ ਓਹਨੂੰ ਹੈਰਾਨ ਕਰ ਦਿੱਤਾ ਤੇ ਸਿੰਘਾਂ ਦੇ ਲੜਾਈ ਕਰਨ ਦਾ ਸ਼ੁਭ ਪ੍ਰਯੋਜਨ ਸੁਣਕੇ ਓਹ ਚਕ੍ਰਿਤ ਹੋਗਈ, ਇਸ ਹਾਲਤ ਵਿਚ ਉਸ ਨੂੰ ਪੈਂਡਾ ਮਲੂਮ ਭੀ ਨਾਂ ਹੋਇਆ, ਤਾਂਹੀ ਪਤਾਲਗਾ ਜਦ ਘਰ ਪਹੁੰਚੀ। ਰਿਆਸਤ ਵਿਚ ਪੌਂਹਚਦਿਆਂ ਹੀ ਖਾਲਸਾ ਜੀ ਦੇ ਨਾਮ ਮੁਲਾਕਾਤ ਲਈ ਦਰਖਾਸਤ ਭੇਜੀ, ਸ੍ਰਦਾਰ ਬਘੇਲ ਸਿੰਘ ਸਾਹਿਬ ਸਿਮਰੂ ਬਗਮ ਦੇ ਕੋਲ ਭੇਜੇ ਗਏ, ਬੇਗਮ ਸਾਹਿਬ ਨੇ ਅਪਨੀ ਸਿਰ ਬੀਤੀ, ਖਾਲਸਾ ਸਿਪਾਹੀਆਂ ਦੀ ਬੀਰਤਾ ਤੇ ਗੰਭੀਰਤਾ ਦੀ ਉਪਮਾਂ ਕਰਦਿਆਂ ਹੋਇਆਂ ਚਾਹ ਪ੍ਰਗਟ ਕੀਤੀ ਕਿ ਓਹ ਇਸ ਕੌਮ ਦੇ ਨਾਲ ਅਪਨੀ ਮਿਤ੍ਰਤਾ ਪਾਉਣ ਵਿਚ ਮਾਣ ਸਮਝੇਗੀ, ਜਿਸਦਾ ਉੱਤਰ ਸਰਦਾਰ

ਬਘੇਲ ਸਿੰਘ ਨੇ ਯੋਗ ਦਿਤਾ, ਸਿਮਰੂ ਬੇਗਮ ਨੇ ਦਸ ਹਜ਼ਾਰ ਰੁਪਿਆ ਰੋਕ ਤੇ ਦਸ ਘੋੜੇ ਖਾਲਸਾ ਜੀ ਦੀ ਭੇਟਾ ਕੀਤੇ।

—:o:—

ਖ਼ਾਲਸਾ ਜੀ ਦੇ ਚਰਨਾਂ ਵਿਚ

ਪਿਆਰ ਅਜਿਹਾ ਕਰਨਾ ਸਿੱਖੋ,
ਕਰੇ ਪਿਆਰ ਤੁਸਾਨੂੰ ਜੱਗ।

ਮਹਾ ਜੀ ਸਿੰਧੀਆ ਨੇ ਦਿੱਲੀ ਤੇ ਚੜ੍ਹਾਈ ਕੀਤੀ, ਦਿੱਲੀ ਦੇ ਤਖ਼ਤ ਤੇ ਸ਼ਾਹ ਆਲਮ ਸਾਨੀ ਬੈਠਾ ਹੋਇਆ ਸੀ, ਜੋ ਸਿੰਧੀਆ ਨਾਲ ਟਾਕਰਾ ਨਾਂ ਕਰ ਸਕਿਆ, ਮਰਹੱਟਿਆਂ ਨੇ ਦਿੱਲੀ ਤੇ ਕਬਜ਼ਾ ਕਰ ਲਿਆ।

ਵਜ਼ੀਰ ਨੇ ਅਮੀਰ ਸਦੇ ਕਿ ਮਰਹੱਟਿਆਂ ਦੇ ਹਥੋਂ ਕਿਸ ਤਰਾਂ ਛੁਟਕਾਰਾ ਹੋਵੇ? ਇਸ ਪ੍ਰਸ਼ਨ ਤੇ ਵਿਚਾਰ ਕੀਤੀ ਗਈ, ਅਪਨੀ ਕਮਜ਼ੋਰੀ ਪੱਤਾ ਸੀ, ਇਸ ਲਈ ਚੁਗਿਰਦੇ ਨਿਗਾਹ ਮਾਰੀ, ਪਰ ਆਸ ਪਾਸ ਦੂਰ ਨੇੜੇ ਕੋਈ ਅਜਹੀ ਤਾਕਤ ਨਾਂ ਦਿੱਸੀ ਜੋ ਇਸ ਔਖੇ ਵੇਲੇ ਕੰਮ ਆਵੇ, ਆਸ ਅਤੇ ਨਿਰਾਸਤਾ ਦੇ ਝਗੜੇ ਵਿਚ ਖਾਲਸਾ ਜੀ ਦਾ ਧਿਆਨ ਆਇਆ, ਅਸਲ ਵਿਚ ਏਹੋ ਇਕ ਉਸ ਸਮੇਂ ਤਾਕਤ ਸੀ ਜੋ ਮਰਹੱਟਿਆਂ ਦੇ ਫੌਲਾਦੀ ਪੰਜੇ ਤੋਂ ਛੁਡਾ ਸਕਦੀ ਸੀ, ਪਰ ਰਾਜਧਾਨੀ ਦਿੱਲੀ ਵਲੋਂ ਅਜ ਤਕ ਜੋ ਵਰਤਾਵਾ ਸਿਖਾਂ ਨਾਲ

ਕੀਤਾ ਗਿਆ ਸੀ, ਉਸਦੇ ਹੁੰਦਿਆਂ ਸਿਖਾਂ ਨੂੰ ਮਦਦ ਲਈ ਸਦਣਾ ਪਰਲੇ ਦਰਜੇ ਦੀ ਬੇਸ਼ਰਮੀ ਅਤੇ ਢੀਠਤਾ ਸੀ, ਕਿਉਂ ਕਿ ਪਿਛਲੀ ਸਦੀ ਦਿੱਲੀ ਦੀ ਹਕੂਮਤ ਨੇ ਅਪਨਾ ਮੰਤਵ ਖਾਲਸੇ ਨੂੰ ਦੁਖਾਉਣਾ ਤੇ ਸਿਖਾਂ ਨੂੰ ਨਾਸ ਕਰਨਾ ਬਣਾ ਰਖਿਆ ਸੀ, ਸਾਰੀ ਤਾਕਤ ਸਿੱਖਾਂ ਨੂੰ ਖੇਰੂ ਖੇਰੂ ਕਰਨ ਤੇ ਲਾਈ, ਸਿਖਾਂ ਦੀ ਕਤਲਾਮ ਦੇ ਹੁਕਮ ਦਿਤੇ, ਗਸ਼ਤੀ ਫੌਜਾਂ ਦੀ ਰਾਹੀਂ ਚੁਣ ਚੁਣਕੇ ਮੌਤ ਦੇ ਘਾਟੋਂ ਪਾਰ ਕੀਤੇ, ਘਰ ਬਾਰ ਲੁਟੇ, ਜਾਇਦਾਦਾਂ ਖੋਹੀਆਂ ਤੇ ਇਕ ਇਕ ਸਿਖ ਦੇ ਸਿਰ ਦਾ ਮੁੱਲ ੮੦), ੮੦) ਰੁਪਏ ਰਖਕੇ ਅਪਨੇ ਵਲੋਂ ਸਿਖਾਂ ਦਾ ਖੁਰਾਖੋਜ ਮਿਟਾਇਆ ਤੇ ਇਸ ਤਰਾਂ ਮਨੁਖੀ ਤਾਕਤ ਦੇ ਅੰਦਰ ਜੋ ਕੁਛ ਹੋ ਸਕਦਾ ਹੈ ਓਹ ਸਾਰੀਆਂ ਗਲਾਂ ਸਿਖਾਂ ਦੇ ਨਾਸ ਕਰਨ ਲਈ ਵਰਤੀਆਂ, ਫਿਰ ਅਜ ਕਿਸਤਰਾਂ ਓਨ੍ਹਾਂ ਹੀ ਸਿਖਾਂਦੇ ਅਗੇ ਸਵਾਲੀ ਹੋਣ? ਜਿਨ੍ਹਾਂ ਨੂੰ ਨਤਾਣੇ ਵੇਖਕੇ ਹਰ ਵੇਲੇ ਦੁਖ ਦਿੱਤਾ, ਓਹਨਾਂ ਦੇ ਅਗੇ ਅਪਨੇ ਆਪ ਨੂੰ ਕਮਜ਼ੋਰ ਦਸਕੇ ਕੇਹੜੇ ਮੂੰਹ ਮਦਦ ਮੰਗਣ? ਇਹ ਤੇ ਇਸਤਰਾਂ ਦੇ ਕਈ ਪ੍ਰਸ਼ਨ ਸਨ ਜੋ ਅਗੇ ਆ ਆਕੇ ਲੱਕ ਤੋੜਦੇ ਤੇ ਖ਼ਾਲਸਾ ਜੀ ਵਲ ਖਿਆਲ ਕਰਨੋਂ ਮੋੜਦੇ ਸਨ, ਪਰ ਇਸ ਔਕੜ ਦੇ ਸਮੇਂ ਖ਼ਾਲਸੇ ਤੋਂ ਛੁਟ ਕੋਈ ਹੋਰ ਮਦਦੀ ਕਿਤ ਦਿੱਸਦਾ ਵੀ ਨਹੀਂ ਸੀ, ਓੜਕ ਏਹੋ ਫੈਸਲਾ ਹੋਇਆ ਕਿ ਸਰਦਾਰ ਬਘੇਲ ਸਿੰਘ ਸਾਹਿਬ ਜੋ ਕਿ ਛਲੌਂਦੀ ਦੇ ਰਾਜਾ ਹਨ ਓਹਨਾਂ ਦੀ ਰਾਹੀਂ ਖ਼ਾਲਸਾ ਜੀ ਪਾਸੋਂ ਖਿਮਾਂ ਮੰਗਕੇ ਮਦਦ ਲਈ ਬੇਨਤੀ ਕੀਤੀ ਜਾਵੇ, ਸੋ ਸ੍ਰਦਾਰ ਬਘੇਲ ਸਿਘ ਜੀ ਦੇ ਅਗੇ ਬੜੀ ਅਧੀਨਗੀ ਅਤੇ ਨਿਮ੍ਰਤਾ ਨਾਲ

ਗਿੜਗਿੜਾ ਕੇ ਪ੍ਰਾਰਥਨਾ ਕੀਤੀ ਗਈ ਕਿ ਇਸ ਮੁਸੀਬਤ ਦੇ ਸਮੇਂ ਹਥ ਫੜਕੇ ਹਮੇਸ਼ ਲਈ ਗੋਲਾ ਬਨਾ ਲਿਆ ਜਾਵੇ।

ਸ੍ਰਦਾਰ ਬਘੇਲ ਸਿੰਘ ਨੇ ਸਾਰੀਆਂ ਮਿਸਲਾਂ ਦੇ ਜਥੇਦਾਰ ਤੇ ਦੂਜੇ ਜ਼ਿੰਮੇਵਾਰ ਸਰਦਾਰ ਇਕਠੇ ਕਰਕੇ ਦਿੱਲੀ ਦੇ ਵਜ਼ੀਰ ਦੀ ਦਰਖਾਸਤ ਪੇਸ਼ ਕਰ ਦਿੱਤੀ, ਮਰਹੱਟਿਆਂ ਦੀ ਚੜ੍ਹਾਈ ਤੇ ਸ਼ਾਹ ਆਲਮ ਸਾਨੀ ਦੀ ਹਾਰ ਦੇ ਪੂਰੇ ਹਾਲ ਸੁਨਣ ਦੇ ਮਗਰੋਂ ਪੰਥ ਨੇ ਫੈਸਲਾ ਕੀਤਾ ਕਿ ਸ਼ਹਨਸ਼ਾਹ ਦਿੱਲੀ ਵਲੋਂ ਭਾਵੇਂ ਅਜ ਤਕ ਸਾਨੂੰ ਮਾਰਨ ਅਤੇ ਕਤਲ ਕਰਨ ਦੀ ਪਤਗਯਾ ਰਹੀ ਹੈ ਤੇ ਦੁਨੀਆਂ ਦਾਰੀ ਵਲੋਂ ਇਸ ਸਮੇਂ ਜਦਕਿ ਓਹ ਕਮਜ਼ੋਰ ਤੇ ਦੁਸ਼ਮਨ ਦੇ ਪੰਜੇ ਵਿਚ ਫਸਿਆ ਹੈ ਸਾਨੂੰ ਉਸਤੋਂ ਬਦਲਾ ਲੈਣ ਵਿਚ ਸੁਸਤੀ ਨਹੀਂ ਕਰਨੀ ਚਾਹੀਦੀ ਕਿਉਂਕਿ ਸ਼ੇਖ ਸ਼ਾਦੀ ਨੇ ਆਖਿਆ ਹੈ:—

ਬਾਸ਼ ਤਾ ਦਸਤਸ਼ ਬਬੰਦਦ ਰੋਜ਼ਗਾਰ
ਪਸ ਬਕਾਮੇ ਦੋਸਤਾਂ ਮਗਜ਼ਸ਼ ਬਰਾਰ

ਅਰਥਾਤ—ਉਡੀਕ ਕਿ ਸਮਾਂ ਉਸਦੇ ਹਥ ਬੰਨ੍ਹੇ, ਫੇਰ ਦੋਸਤਾਂ ਦੀ ਮਨਸ਼ਾ ਅਨੁਸਾਰ ਉਸਦਾ ਮਗਜ਼ ਕਢ ਲੈ।

ਵਾਲੀ ਗਲ ਮੰਨਦੇ ਹੋਏ ਇਸ ਸਮੇਂ ਉਸਦਾ ਕੰਮ ਮੁਕਾ ਦੇਣਾ ਚਾਹੀਦਾ ਹੈ, ਪਰ ਗੁਰੂ ਸਾਹਿਬਾਨ ਦੇ ਆਸ਼ੇ ਦਾ ਮਤਲਬ ਡਿਗੇ ਨੂੰ ਲਤਾੜਨ ਤੇ ਸ਼ਰਨ ਪਏ ਨੂੰ ਮਾਰਨ ਦੀ ਆਗਯਾ ਨਹੀਂ ਦੇਂਦਾ।

ਇਕ ਤਾਂ ਇਸਵੇਲੇ ਓਹ ਮਜ਼ਲੂਮ ਹੈ ਤੇ ਮਰਹੱਟਿਆਂ ਵਲੋਂ ਬਿਨਾ ਕਾਰਨ ਉਹਨੂੰ ਦੁਖ ਦਿੱਤਾ ਗਿਆ ਹੈ, ਦੂਸਰੇ ਓਹ ਖ਼ਾਲਸਾ ਜੀ ਦੀ ਸ਼ਰਨ ਆ ਗਿਆ ਹੈ; ਅਜ ਸਾਡਾ

ਫਰਜ਼ ਹੈ ਕਿ ਉਸਦੀ ਮਦਦ ਕੀਤੀ ਜਾਵੇ ਤੇ ਉਸਨੂੰ ਮਰ-ਹੱਟਿਆਂ ਤੋਂ ਬਚਾਇਆ ਜਾਵੇ।

ਇਹ ਫੈਸਲਾ ਕਰਕੇ ਸਾਰੇ ਸਰਦਾਰ ਅਕਾਲ ਤਖ਼ਤ ਦੇ ਸਾਹਮਣੇ ਹਾਜ਼ਰ ਹੋਏ ਤੇ ਅਰਦਾਸਾ ਕੀਤਾ ਗਿਆ ਕਿ:–

"ਹੇ ਅਕਾਲ ਪੁਰਖ! ਸ਼ਹਨਸ਼ਾਹ ਦਿੱਲੀ ਨੇ ਜੋ ਇਸ ਸਮੇਂ ਪੀੜਤ ਹੈ ਖ਼ਾਲਸੇ ਦੀ ਸ਼ਰਨ ਲਈ ਹੈ,ਇਸਨੂੰ ਜ਼ਾਲਮਾਂ ਦੇ ਹਥੋਂ ਛੁਡਾਣ ਲਈ ਅਸੀਂ ਤਿਆਰ ਹੋਏ ਹਾਂ, ਆਪਣੇ ਖ਼ਾਲਸੇ ਨੂੰ ਹਿੰਮਤ ਤੇ ਤੌਫ਼ੀਕ ਬਖਸ਼ੋ ਕਿ ਓਹ ਇਸ ਕੰਮਵਿਚ ਸਫਲਤਾ ਤੇ ਸੁਰਖ਼ਰੂਈ ਪ੍ਰਾਪਤਕਰੇ ਤਾਂਜੋ ਸ਼ਾਹਆਲਮ ਸਾਨੀ ਨੂੰ ਜੱਦੀ ਤਖ਼ਤ ਦਵਾਕੇ ਮੁੜੇ।"

ਖ਼ਾਲਸਾ ਫੌਜਾਂ ਦਿੱਲੀ ਵੱਲ ਕੂਚ ਕੀਤਾ, ਅਖਾਣ ਪ੍ਰਸਿਧ ਹੈ ਕਿ ਇਕ ਕਮਜ਼ੋਰੀ ਲੱਖ ਬੀਮਾਰੀਆਂ ਦੀ ਖਾਣ ਹੁੰਦੀ ਹੈ, ਓਹੋ ਹਾਲ ਸ਼ਾਹ ਦਿੱਲੀ ਦਾ ਹੋਇਆ, ਦਿਨ੍ਹਾਂ ਹੀ ਦਿਨਾਂ ਵਿਚ ਲਾਰਡ ਲੇਕ ਦੀ ਫੌਜ ਕੋਇਲ ਦੇ ਇਲਾਕੇਵਿਚ ਆਈ ਹੋਈ ਸੀ ਤੇ ਓਹ ਇਹ ਇਲਾਕਾ ਮਰਹੱਟਿਆਂ ਤੋਂ ਖਾਲੀ ਕਰਾਣ ਵਿਚ ਲਗੀ ਹੋਈ ਸੀ, ਜਿਸ ਸਮੇਂ ਇਸ ਫੌਜ ਦੇ ਕਮਾਨ ਅਫਸਰ ਅਖ਼ਟਰਲੋਨੀ ਸਾਹਿਬ ਨੇ ਦਿੱਲੀ ਤੇ ਮਰਹੱਟਿਆਂ ਦੀ ਚੜ੍ਹਾਈ ਤੇ ਕਬਜ਼ੇ ਦੀ ਹੈਰਾਨ ਤੇ ਪ੍ਰੇਸ਼ਾਨ ਕਰਨ ਵਾਲੀ ਖਬਰ ਸੁਣੀ ਤਾਂ ਝਟ ਪਟ ਦਿੱਲੀ ਵਲ ਤੁਰ ਪਿਆ, ਮਰਹੱਟਿਆਂ ਨੇ ਜਦ ਇਕ ਪਾਸਿਓਂ ਖ਼ਾਲਸਾ ਜੀ ਦਾ ਆਉਣਾ ਤੇ ਦੂਜੇ ਪਾਸਿਓਂ ਅਖ਼ਟਰਲੋਨੀ ਨੂੰ ਕੂਚ ਕਰਦੇ ਡਿਠਾ ਤਾਂ ਓਹ ਦਿੱਲੀ ਛਡਕੇ ਨਸ ਗਏ ਤੇ ਅਖ਼ਟਰਲੋਨੀ ਬਿਨਾਂ ਲੜਨ ਤੋਂ ਹੀ ਦਿੱਲੀ ਵਿਚ ਜਾ ਵੜਿਆ, ਪਰ ਜਿਸ

ਸਮੇਂ ਖਾਲਸਾ ਜੀ ਦੀ ਫੌਜ ਠਾਠਾਂ ਮਾਰਦੀ ਦਿੱਲੀ ਦੇ ਪਾਸ ਪੁਜੀ ਤਾਂ ਸਾਹਿਬ ਬਹਾਦਰ ਦਿਲੀਓਂ ਕੋਇਲ ਜਾ ਪਹੁੰਚੇ।

—:o:—

ਅਕਾਲੀ ਝੰਡਾ ਦਿੱਲੀ ਦੇ ਕਿਲੇ ਤੇ

ਸਬਕ ਸਿਖ ਲੈ ਤੂੰ ਪ੍ਰਵਾਨਿਆਂ ਤੋਂ,
ਸੜ ਮਰਦੇ ਤੇ ਸੀ ਨਾਂ ਕਰਨ ਜੇਹੜੇ।

ਮਜਨੂੰ ਦੇ ਟਿੱਲੇ ਤੇ ੩੫ ਹਜ਼ਾਰ ਸਿਖ ਘੋੜ ਸਵਾਰ ਤੇ ਪੈਦਲ, ਜਾਨ ਵਾਰਨ ਵਾਲੇ ਅਪਨੇ ਜਥੇਦਾਰ ਦੇ ਹੁਕਮ ਦੀ ਉਡੀਕ ਵਿਚ ਖੜੇ ਹਨ ਕਿ ਕਦ ਓਹਨਾਂ ਨੂੰ ਹੁਕਮ ਹੋਵੇ ਤੇ ਓਹ ਕੌਮੀ ਆਨ ਤੇ ਸ਼ਾਨ ਨੂੰ ਕਾਇਮ ਰਖਣ ਲਈ ਜਾਨਾਂ ਵਾਰਨ।

ਓਹਨਾਂ ਦੇ ਚੁਸਤ ਚਲਾਕ ਸ਼੍ਰੀਰ, ਉਚੇ ਕਦ, ਚੋੜੀਆਂ ਛਾਤੀਆਂ, ਚੇਹਰਿਆਂ ਤੇ ਨੂਰ, ਭਵਾਂ ਤਣੀਆਂ ਹੋਈਆਂ, ਨੂਰਾਨੀ ਦਾੜ੍ਹੀਆਂ, ਡਰਾਉਣੀ ਮੁਛਾਂ ਤੇ ਸ਼ਹੀਦੀ ਦੇ ਪ੍ਰੇਮ ਵਿਚ ਮਸਤ ਅੱਖਾਂ ਦੇਖਣ ਵਾਲਿਆਂ ਤ ਬਿਜਲੀ ਦਾ ਅਸਰ ਪਾਉਂਦੀਆਂ ਹਨ।

ਓਹਨਾਂ ਦੇ ਸਰੀਰ ਨੂੰ ਕਜਨ ਵਾਲੇ ਸੰਜੋ ਦੀ ਝਲਕ ਸਿਰ ਉਪਰਲੇ ਖ਼ੌਦਾ ਦੀ ਦਮਕ, ਤੇ ਹੱਥਾਂ ਵਿਚ ਖਿਚੀਆਂ ਤਲਵਾਰਾਂ ਦੀ ਚਮਕ ਸੂਰਜ ਦੀਆਂ ਅੱਖਾਂ ਚੁੰਧਿਆਂਦੀਆਂ ਤੇ ਦੁਸ਼ਮਨ ਤੇ ਅਗ ਵਸਾਉਂਦੀਆਂ ਹਨ।

ਸ੍ਰਦਾਰ ਤਾਰਾ ਸਿੰਘ ਘੇਬਾ, ਸ੍ਰਦਾਰ ਖੁਸ਼ਹਾਲ ਸਿੰਘ ਸ੍ਰਦਾਰ ਕਰਮ ਸਿੰਘ, ਸ੍ਰਦਾਰ ਭਾਗ ਸਿੰਘ, ਸ੍ਰਦਾਰ ਸਾਹਿਬ ਸਿੰਘ, ਸ੍ਰਦਾਰ ਸ਼ੇਰ ਸਿੰਘ ਬੂੜੀਆ, ਸ੍ਰਦਾਰ ਗੁਰਦਿਤ ਸਿੰਘ ਲਾਡੋ ਵਾਲੀਆ, ਸ੍ਰਦਾਰ ਕਰਮ ਸਿੰਘ ਸ਼ਾਹ ਆਬਾਦ, ਸ੍ਰਦਾਰ ਗੁਰਬਖਸ਼ ਸਿੰਘ ਅੰਬਾਲਾ, ਸ੍ਰਦਾਰ ਜੱਸਾ ਸਿੰਘ ਆਹਲੂਵਾਲੀਆ, ਸ੍ਰਦਾਰ ਜੱਸਾ ਸਿੰਘ ਰਾਮਗੜ੍ਹੀਆ ਤੇ ਸ੍ਰਦਾਰ ਬਘੇਲ ਸਿੰਘ ਅਪਨੇ ਅਪਨੇ ਲਸ਼ਕਰ ਤਯਾਰ ਕਰ ਰਹੇ ਸਨ ।

ਅਚਨ ਚੇਤ ਸਤ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਅਕਾਸ਼ ਗੂੰਜ ਉਠਿਆ, ਘੋੜਿਆਂ ਦੇ ਹਿਣਹਿਨਾਟ ਤੇ ਟਾਪਾਂ ਦੇ ਖੜਾਕ ਨਾਲ ਜ਼ਮੀਨ ਕੰਬ ਉਠੀ ਤੇ ਓਹ ਲਸ਼ਕਰ ਅਥਾਹ ਤੇ ਅਸਗਾਹ ਸਮੁੰਦਰ ਵਾਂਗ ਤੁਰਦਾ ਅਜਮੇਰੀ ਦਰਵਾਜ਼ੇ ਵਲ ਵਧਦਾ ਦਿਸਿਆ ।

ਅਜਮੇਰੀ ਦਰਵਾਜੇ ਦੀ ਬਨਾਵਟ ਇਕ ਪਥਰੀਲੇ ਕਿਲੇ ਨਾਲੋਂ ਘਟ ਨਹੀਂ ਸੀ, ਉਸਦੇ ਉੱਪਰ ਥਾਉਂ ਥਾਈਂ ਤੋਪਾਂ ਬੀੜਕੇ ਅਪਨੇ ਵਲੋਂ ਉਸਨੂੰ ਚੰਗੀ ਤਰਾਂ ਪੱਕਾ ਤੇ ਅਜਿੱਤ ਕਰ ਦਿਤਾ ਸੀ, ਜਦ ਇਹ ਵਤਨ ਅਤੇ ਕੌਮ ਤੋਂ ਕੁਰਬਾਨ ਹੋਣ ਵਾਲੇ ਸਿਖ ਦਰਵਾਜ਼ੇ ਦੇ ਕੋਲ ਪੁੱਜੇ,ਤੋਪਚੀਆਂ ਨੇ ਪਲੀਤੇ ਦਾਗ ਦਿਤੇ,ਜਿਸ ਤੋਂ ਪੈਹਲੇ ਚਮਕ ਨਿਕਲੀ, ਫਰ ਧੂਆਂ ਹੋ ਗਿਆ, ਜਿਸ ਵਿਚ ਤੋਪਾਂ ਗੋਲੇ ਉਗਲ ਉਗਲਕੇ ਮਨੁਖੀ ਸ੍ਰੀਰਾਂ ਦੇ ਪੜਛੇ ਲਾਹੁਣ ਲਗੀਆਂ, ਦਨਾਂ ਦਨ ਦੀਆਂ ਵਾਜਾਂ ਨਾਲ ਕੰਨ ਪਾਟ ਰਹੇ ਸਨ, ਪਰ ਬਹਾਦਰ ਸਿਖ ਪਲੋ ਪਲੀ ਵਿਚ ਦਰਵਾਜ਼ਾ ਤੋੜਨ ਵਿਚ ਸਫਲਤਾ ਪਾ

ਗਏ, ਅਜੇ ਓਹਨਾਂ ਨੇ ਅੰਦਰ ਪੈਰ ਰਖਿਆ ਹੀ ਸੀ ਕਿ ਸਾਹਮਣੇ ਪਾਸਿਓਂ ਰਸਾਲਾ,ਤੇ ਸਜੇ ਖਬੇ ਪਾਸਿਓਂ ਮਕਾਨਾਂ ਦੀਆਂ ਛੱਤਾਂ ਤੋਂ ਪੈਦਲ ਫੌਜਾਂਨੇ ਮੀਂਹ ਵਾਂਗ ਗੋਲੀ ਵਸਾਉਣੀ ਅਰੰਭ ਕੀਤੀ, ਇਕ ਦਮ ਬੰਦੂਕਾਂ ਦੇ ਫਾਇਰ ਹੋਣ ਕਰਕੇ ਸੈਂਕੜੇ ਸਿੰਘਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ, ਜੱਥੇਦਾਰ ਦਾ ਹੁਕਮ ਸੁਣ ਸਿਖ ਬੜੀ ਦਲੇਰੀ ਨਾਲ ਇਸ ਵਸਦੀ ਅਗ ਵਿਚ ਅਗੇ ਵਧੇ, ਅੱਖ ਦੇ ਫੋਰ ਵਿਚ ਦੋਵੇਂ ਫੌਜਾਂ ਆਪਸ ਵਿਚ ਮਿਲਗਈਆਂ,ਕਤਾਰਾਂ ਵਿਚ-ਜਿਨ੍ਹਾਂ ਨੂੰ ਠੀਕ ਰਖਣਲਈ ਬੜੀ ਹੁਸ਼ਿਆਰੀ ਤੋਂ ਕੰਮ ਲੀਤਾ ਜਾ ਰਿਹਾ ਸੀ- ਸਿਪਾਹੀਆਂ ਦੀ ਵੱਢ ਟੁਕ ਨਾਲ ਹਲ ਚਲ ਮਚਨ ਲਗੀ, ਜਵਾਨਾਂ ਦੇ ਕਟ ਕਟਕੇ ਡਿਗਣ ਨਾਲ ਕਤਾਰਾਂ ਟੁਟਣ ਲਗੀਆਂ।

ਹਥਯਾਰ ਅਪਨੇ ਵਿਤ ਅਨੁਸਾਰ ਪੂਰਾ ਕੰਮ ਕਰਨ ਲਗੇ, ਤੀਰ ਬਜ਼ਾਰਾਂ ਵਿਚ ਖਿੰਡੇ ਹੋਇਆਂ, ਭਾਲੇ ਦੂਜੀ ਕਤਾਰ ਅਤੇ ਤਲਵਾਰਾਂ ਨੇੜੇ ਦਿਆਂ ਨੂੰ ਮੂਲੀ ਗਾਜਰ ਵਾਂਗ ਵਢਨ ਲਗੀਆਂ, ਘਮਸਾਨ ਦਾ ਯੁਧ ਮਚ ਗਿਆ, ਸਿਪਾਹੀ ਇਕ ਦੂਜੇ ਦੇ ਲਹੂ ਦੇ ਪਿਆਸੇ ਹੋ ਹੋਕੇ ਪੈਂਦ ਸਨ, ਤੀਰ ਤੇ ਭਾਲਿਆਂ ਦੀਆਂ ਨੋਕਾਂ ਸਾਹਮਣੇ ਆਉਣ ਵਾਲਿਆਂ ਦੀਆਂ ਛਾਤੀਆਂ ਛਾਨਣੀ ਕਰ ਰਹੀਆਂ ਸਨ,ਤਲਵਾਰਾਂ ਖ਼ਰਬੂਜ਼ਿਆਂ ਵਾਂਗ ਆਦਮੀਆਂ ਦੀਆਂ ਲੋਥਾਂ ਵਢ ਵਢਕੇ ਢੇਰ ਲਾ ਰਹੀਆਂ ਸਨ, ਇਕ ਘੰਟੇ ਦੀ ਲੜਾਈ ਵਿਚ ਲੋਥਾਂ ਦੇ ਢੇਰ ਲਗ ਗਏ ਤੇ ਸੜਕਾਂ ਲਹੂ ਲੁਹਾਨ ਹੋ ਗਈਆਂ।

ਸ੍ਰਦਾਰ ਬਘੇਲ ਸਿੰਘ ਨੇ ਵੈਰੀ ਦੀ ਫੌਜ ਵਿਚ ਹਲ ਚਲੀ ਦੇਖੀ, ਅਪਨੀ ਫੌਜ ਨੂੰ ਵੰਗਾਰਕੇ ਆਖਿਆ ਕਿ:-



"ਬਹਾਦਰੋ! ਤੁਹਾਡੀ ਚਮਕੀਲੀ ਤਲਵਾਰ ਦੀ ਹਿੰਦੁਸਤਾਨ ਦੀ ਨੁੱਕਰ ਨੁੱਕਰ ਵਿਚ ਧਾਕ ਪੈ ਗਈ ਹੈ, ਅਪਨਾ ਤੇ ਬਗਾਨਾ ਤੁਹਾਡੇ ਬਾਹੂ ਬਲ ਨੂੰ ਮੰਨਦਾ ਹੈ, ਅਤੇ ਵੈਰੀ ਤੇ ਮਿਤ੍ਰ ਇਕੋ ਜਹੇ ਤੁਹਾਡੀ ਬਹਾਦਰੀ ਅਤੇ ਹੌਸਲੇ ਦੀ ਸਾਖੀ ਭਰਦੇ ਹਨ।

ਆਪ ਜਦ ਸਿਰ ਤੱਲੀ ਤੇ ਰੱਖਕੇ ਮੈਦਾਨ ਵਿਚ ਨਿਕਲਦੇਹੋ ਤਾਂ ਆਪਦੇ ਅਕਾਸ਼ ਗੁੰਜਾਣ ਵਾਲੇ ਜੈਕਾਰੇ ਵੈਰੀ ਤੇ ਬਿਜਲੀ ਸੁਟਦੇ, ਆਪਦੇ ਤੋਲਵੇਂ ਵਾਰ ਜ਼ਾਲਮਾਂ ਨੂੰ ਲਹੂ ਤੇ ਮਿੱਟੀਵਿਚ ਲਿਟਾਂਦੇ ਤੇ ਓਹਨਾਂ ਦੇ ਅੰਗਾਂ ਨੂੰ ਸਿਥਲ ਕਰਕੇ ਓਹਨਾਂ ਦੇ ਹੱਥੋਂ ਅਪਨੇ ਆਪ ਹਥਯਾਰ ਸੁਟਵਾਂਦੇ ਹਨ।

"ਆਪਨੂੰ ਮਲੂਮ ਹੈ ਕਿ ਅਜ ਆਪ ਕਿਥੇ ਲੜਾਈ ਕਰ ਰਹੇ ਹੋ? ਇਹ ਓਹੋ ਜ਼ਮੀਨ ਹੈ ਜਿਥੇ ਅਜ ਤੋਂ ਇਕ ਸਦੀ ਪੈਹਲੇ ਭਾਈ ਮਤੀ ਦਾਸ ਨੂੰ ਕੇਵਲ ਏਸ ਅਪ੍ਰਾਧ ਵਿਚ ਕਿ ਓਹ ਜ਼ੋਰ ਅਤੇ ਜ਼ੁਲਮ ਦੇ ਵਿਰੁਧ ਆਵਾਜ਼ ਉਠਾਂਦੇ ਸਨ, ਵੈਰੀਆਂਨੇ ਆਰੇ ਨਾਲ ਚੀਰਕੇ ਰੱਖਦਿਤਾ ਸੀ। ਇਹ ਓਹੋ ਨਿਰਦਈ ਸ਼ੈਹਰ ਹੈ ਜਿਥੇ ਦਿਨ ਦੀਵੀਂ ਸੂਰਜ ਦੇ ਉਜਾਲੇ, ਨੇਕੀ ਅਤੇ ਪਵਿਤ੍ਰਤਾ ਦੇ ਜ਼ਾਹਰਾ ਜ਼ਹੂਰ ਅਵਤਾਰ ਤੇ ਮਜ਼ਲੂਮਾਂ ਦੇ ਮਦਦਗਾਰ ਸ੍ਰੀ ਗੁਰੂ ਤੇਗ ਬਹਾ-ਦਰ ਸਾਹਿਬ ਦਾ ਇਸ ਕਰਕੇ ਧੜ ਤੋਂ ਸਿਰ ਅੜ ਕੀਤਾ ਗਿਆ ਸੀ, ਕਿ ਆਪ ਜ਼ਾਲਮ ਹਾਕਮਾਂ ਦੀ ਹਾਂ ਵਿਚ ਹਾਂ ਕਿਉਂ ਨਹੀਂ ਮਿਲਾਉਂਦੇ ਤੇ ਸੱਚਾਈ ਛਡਕੇ ਝੂਠ ਵਿਚ ਕਿਉਂ ਪ੍ਰਵਿਰਤ ਨਹੀਂ ਹੁੰਦੇ।

"ਇਹ ਓਹੋ ਕਠੋਰ ਧਰਤੀ ਹੈ ਜਿਥੇ ਸਾਡੇ ਅਠ ਸੋ ਨਿਰਦੋਸ ਭਰਾਵਾਂ ਨੂੰ ਇਕ ਇਕ ਕਰਕੇ ਏਸ ਲਈ ਕਤਲ ਕੀਤਾ ਗਿਆ ਸੀ ਕਿ *ਓਹਨਾਂ ਨੇ ਅਪਨਾ ਧਰਮ ਛਡਕੇ ਇਸਲਾਮ ਪ੍ਰਵਾਨ ਨਹੀਂ ਕੀਤਾ?

ਹਾਂ ਜਰਾ ਨਿਗਾਹ ਮਾਰਕੇ ਦੇਖੋ ਓਹ ਸਾਹਮਨੇ ਧਰਮ ਮੂਰਤ ਗੁਰੂ ਤੇਗ਼ ਬਹਾਦਰ ਸਾਹਿਬ ਨੂਰਾਨੀ ਤਖ਼ਤ ਤੇ ਬੈਠੇ

---

*ਇਕ ਮੁਸਲਮਾਨ ਲਿਖਾਰੀ ਨੇ ਅੱਖੀਂ ਡਿਠੇ ਹਾਲ ਵਾਂਗ ਇਸ ਭਿਆਨਕ ਅਤੇ ਦੁਖਾਵੇਂ ਸਾਕੇ ਨੂੰ ਇਸ ਤਰਾਂ ਲਿਖਿਆ ਹੈ:–

"ਫਰਖ਼ਸੀਅਰ ਨੇ ਏਤਮਾਦੁਲਦੌਲਾ ਸਪੁਤ੍ਰ ਮੁਹੰਮਦ ਅਮੀਨ ਖ਼ਾਂ ਨੂੰ ਆਖਿਆ ਕਿ ਸ਼ੈਹਰੋਂ (ਦਿੱਲੀ) ਬਾਹਰ ਬੰਦੇ ਨੂੰ ਕਾਲੀ ਟੋਪੀ ਅਤੇ ਮੂੰਹ ਕਾਲਾ ਕਰਕੇ ਹਾਥੀ ਤੇ ਚੜ੍ਹਾ ਤੇ ਦੂਜਿਆਂ ਨੂੰ ਊਠ ਤੇ ਖੋਤਿਆਂ ਤੇ ਬਿਠਾ, ਸਿਰਾਂ ਨੂੰ ਨੇਜ਼ਿਆਂ ਤੇ ਰਖਕੇ ਸ਼ੈਹਰ ਵਿਚ ਲਿਆਵੇ, ਉਪ੍ਰੰਤ ਬੰਦੇ ਨੂੰ ਦੋ ਲੜਕਿਆਂ ਸਣੇ ਹੁਕਮ ਹੋਇਆ ਕਿ ਲੋਹੇ ਦੇ ਜੰਗਲੇ ਵਿਚ ਰਖ਼ਯਾ ਜਾਵੇ ਤੇ ਦੂਜਿਆਂ ਦੀ ਬਾਬਤ ਆਖਿਆ ਕਿ ਰੋਜ ਸੌ ਸਿੰਘ ਇਕਦੂਜੇ ਦੇ ਸਾਹਮਣੇ ਚਬੂਤਰੇ, ਕੋਤਵਾਲੀ ਅਤੇ ਬਾਜ਼ਾਰ ਦੇਰਸਤੇ ਵਿਚ ਕਤਲ ਕੀਤੇ ਜਾਇਆ ਕਰਨ। ਹੁਕਮ ਅਨੁਸਾਰ ਏਸੇ ਤਰਾਂ ਕੀਤਾ, ਅਨੋਖੀਗਲ ਇਹ ਹੋਈ ਕਿ ਹਰ ਸਿਖ ਮਰਨ ਵਾਸਤੇ ਇਕ ਤੋਂ ਇਕ ਅਗੇ ਹੁੰਦਾ ਸੀ, ਸਗੋਂ ਮਾਰਨ ਵਾਲਿਆਂ ਦੀਆਂ ਮਿੰਨਤਾਂ ਕਰਦੇ ਸਨ।

(ਸਯਰਉਲਮੁਤਾਖ਼ਰੀਨ ਜਿਲਦ ੨ ਸਫਾ· ੩੦)

ਹੋਏ ਅਕਾਸ਼ ਤੋਂ ਆਪਦੇ ਜਾਨ ਹੂਲਣੇ ਨੂੰ ਦੇਖ ਰਹੇ ਹਨ, ਅਪਨੀ ਮੇਹਰਾਂ ਦਾ ਚਮਕੀਲਾ ਤਾਜ ਆਪਦੇ ਸਿਰ ਤੇ ਰੱਖਣ ਦਾ ਫੈਸਲਾ ਕਰ ਚੁਕੇ ਹਨ ਤੇ ਹੁਣ ਤੱਕ ਰਹੇ ਹਨ ਕਿ ਆਪ ਕਿਸਤਰਾਂ ਓਹਨਾਂ ਦੇ ਕੰਮ ਲਈ ਸਿਰ ਤੱਲੀ ਤੇ ਰਖਕੇ ਆਏ ਹੋ। ਓਹ ਪੂਜਨੀਕ ਬਜ਼ੁਰਗ ਤੇ ਪਵਿਤ੍ਰ ਰੂਹਾਂ ਜੋ ਏਥੇ ਸ਼ਹੀਦ ਹੋਈਆਂ ਤੱਕਰਹੀਆਂ ਹਨ ਕਿ ਤੁਸੀਂ ਓਹਨਾਂ ਦੇ ਪੂਰਨਿਆਂ ਤੇ ਤੁਰਕੇ ਇਸਤ੍ਰੀ, ਪੁੱਤ੍ਰ ਛਡੇ, ਅੰਗ ਸਾਕ ਤੋਂ ਅੱਡ ਹੋਏ, ਸਫਰ ਦੀਆਂ ਕਠਨਤਾਈਆਂ ਝੱਲੀਆਂ, ਭੁੱਖ ਤ੍ਰੇਹ ਦੀਆਂ ਮੁਸੀਬਤਾਂ ਸਹੀਆਂ ਤੇ ਘਰੋਂ ਬੇ ਘਰ ਹੋਣਾ ਪ੍ਰਵਾਨ ਕੀਤਾ ਤੇ ਹੁਣ ਰੱਬ ਦੇ ਰਾਹ ਜਾਨਾਂ ਦੇਣ ਲਈ ਤਿਆਰ ਖੜੇ ਹੋ।

"ਸ਼ੇਰੋ! ਅਜ ਤੁਹਾਨੂੰ ਸਮਾਂ ਮਿਲਿਆ ਹੈ ਕਿ ਅਪਨੀ ਦਲੇਰੀ, ਹੌਸਲਾ, ਦ੍ਰਿੜ੍ਹਤਾ, ਬਹਾਦਰੀ ਅਤੇ ਸੂਰਮਤਾ ਦੇਗੁਣਾਂ ਨਾਲ਼ ਅਪਨੀ ਬੇਮਿਸਾਲ ਦਲੇਰੀ ਭਰੀਆਂ ਕੌਮੀ ਕਹਾਣੀਆਂ ਤੇ ਪ੍ਰਸਿੱਧ ਬਹਾਦਰੀ ਦੀਆਂ ਕੌਮੀ ਰਵਾਇਤਾਂ ਨੂੰ ਦੁਨੀਆਂ ਦੇ ਸਾਂਹਮਣੇ ਇਕ ਵਾਰੀ ਫੇਰ ਰਖਦੇ ਹੋਏ ਦਸੋ ਕਿ ਜਿਸ ਤਰਾਂ ਖ਼ਾਲਸਾ ਸ਼ਾਂਤਮਈ ਰੈਹਣ ਦਾ ਬਚਨ ਕਰਕੇ ਅਪਨੀ ਰੂਹਾਨੀ ਤਾਕਤ ਅਤੇ ਜੇਰੇ ਦੇ ਗੁਣ ਵਖਾਕੇ ਸਾਰੀ ਦੁਨੀਆਂ ਨੂੰ ਹੈਰਾਨ ਕਰ ਸਕਦਾ ਹੈ, ਏਸੇ ਤਰਾਂ ਜਦ ਓਹ ਤਲਵਾਰ ਹਥ ਵਿਚ ਲੈਕੇ ਨਿਕਲਦਾ ਹੈ ਤਾਂ ਦੁਸ਼ਮਨਾਂ ਨੂੰ ਧਰਤੀ ਤੇ ਰੈਹਣਾ ਔਖਾ ਕਰ ਦੇਂਦਾ ਹੈ। ਜ਼ੋਰਾਵਰ ਤੋਂ ਜ਼ੋਰਾ-ਵਰ ਵੈਰੀ ਤੇ ਖ਼ੂੰਖ਼ਾਰ ਤੋਂ ਖ਼ੂੰਖ਼ਾਰ ਦੁਸ਼ਮਨ ਦੀ ਭੀ ਖ਼ਾਲਸੇ ਦੇ ਆਉਣ ਦੀ ਖਬਰ ਸੁਣਕੇ ਸੁਰਤ ਮਾਰੀ ਜਾਂਦੀ ਹੈ ਤੇ ਓਹ ਡਰ ਨਾਲ ਹਫ ੨ ਤੇ ਕੰਬ ਕੰਬਕੇ ਅਧਮੋਇਆ ਹੋ ਜਾਂਦਾ ਹੈ।

ਔਹ ਦੇਖੋ! ਤੁਹਾਡੇ ਸਾਹਮਣੇ ਵੈਰੀ ਖੜ੍ਹੋਤਾ ਹੈ, ਓਹ ਨੱਸਕੇ ਜਾਨ ਬਚੌਣੀ ਚਾਹੁੰਦਾ ਹੈ, ਓਹਨਾਂ ਨੂੰ ਮੋਹਲਤ ਨਹੀਂ ਦੇਣੀ ਚਾਹੀਦੀ ਕਿ ਓਹ ਫੇਰ ਅਪਣੇ ਜ਼ੁਲਮ ਤੇ ਤੱਦੀ ਨਾਲ ਨਿਰ ਅਪ੍ਰਾਧ ਆਦਮੀਆਂ ਦਾ ਖ਼ੂਨ ਕਰਨ, ਇਸ ਲਈ ਏਹਨਾਂ ਨੂੰ ਏਥੇ ਹੀ ਮਲੀਆਮੇਟ ਕਰ ਦੇਣਾ ਚਾਹੀਦਾ ਹੈ, ਅਕਾਲ ਪੁਰਖ ਤੁਹਾਡਾ ਰਾਖਾ ਅਤੇ ਨਿਗਾਹਵਾਨ ਹੈ" ਇਹਕੈਂਹਦਿਆਂ ਸ੍ਰਦਾਰ ਬਘੇਲ ਸਿੰਘ ਨੇ ਨੰਗੀ ਤਲਵਾਰ ਹਥ ਵਿਚ ਫੜੀ ਘੋੜੇ ਨੂੰ ਅੱਡੀ ਲਾਕੇ ਵੈਰੀ ਤੇ ਹੱਲਾ ਕਰ ਦਿਤਾ, ਸਾਰੇ ਸਿੰਘਾਂ ਨੇ ਨੇਜ਼ੇ ਝੁਕਾ ਲਏ, ਬਰਛੀਆਂ ਦੀਆਂ ਨੋਕਾਂ ਸ਼ਾਹੀ ਫੌਜ ਦੀਆਂ ਛਾਤੀਆਂ ਵਿਚ ਜਾ ਧਸੀਆਂ, ਸ਼ਾਹੀ ਫੌਜ ਦੇ ਸਿਪਾਹ-ਸਾਲਾਰ ਨੇ ਅਪਨੀ ਫੌਜ ਨੂੰ ਹੌਸਲੇ ਤੇ ਦਲੇਰੀ ਨਾਲ ਕੰਮ ਕਰਨ ਦੀ ਤਕੀਦ ਕੀਤੀ, ਪਰ ਖ਼ਾਲਸਾ ਜੀ ਦੀ ਠਾਠਾਂ ਮਾਰਦੀ ਫੌਜ ਦੇ ਸਾਹਮਣੇ ਓਹਨਾਂ ਦੀ ਕੋਈ ਚਾਲ ਨ ਚਲ ਸਕੀ, ਪੈਰ ਸਿਰ ਤੇ ਰਖਕੇ ਨਠੇ, ਨੀਲ ਦੇ ਕਟੜੇ ਵਿਚ ਸ਼ਾਹੀ ਫੌਜ ਫੇਰ ਕੁਝ ਸੰਭਲੀ ਤੇ ਇਕ ਵਾਰੀ ਫਿਰ ਕਿਸਮਤ ਦੇਖਣੀ ਚਾਹੀ, ਪਰ ਮਾੜੀ ਕਿਸਮਤ ਕਰਕੇ ਏਥੇ ਭੀ ਖ਼ਾਲਸਾ ਜੀ ਨੇ ਓਹਨਾਂ ਦੇ ਪੈਰ ਨਾਂ ਜੰਮਨ ਦਿਤੇ, ਸ਼ਾਹੀ ਫੌਜ ਨੇ ਏਥੋਂ ਨਸਕੇ ਮੁਗ਼ਲ ਮਹੱਲੇ ਵੱਲ ਮੂੰਹ ਫੇਰਿਆ, ਸ਼ਾਹੀ ਘਰਾਣੇ ਦੇ ਨਵਾਬ ਸ਼ਹਜ਼ਾਦੇ ਤੇ ਅਮੀਰ ਏਥੇ ਹੀ ਰੈਂਹਦੇ ਸਨ, ਇਸ ਲਈ ਏਥੇ ਇਕ ਜਾਨ ਤੋੜਕੇ ਲੜਾਈ ਲੜਨ ਦਾ ਪੱਕਾ ਇਰਾਦਾ ਕਰਕੇ ਸਾਹਮਣੇ ਹੋਏ, ਪਹਿਲੇ ਬੰਦੂਕਾਂ ਤੋਂ ਕੰਮ ਲਿਆ, ਫੇਰ ਨੇਜ਼ੇ ਕਢੇ, ਜਦ ਦੋਵੇਂ ਫੌਜਾਂ ਆਪਸ ਵਿਚ ਰਲ ਗਈਆਂ ਤਾਂ ਬੰਦੂਕਾਂ ਤੇ ਨੇਜ਼ੇ ਨਕਾਰੇ ਹੋਗਏ, 'ਸਤਿ ਸ੍ਰੀ ਅਕਾਲ'

ਸਤਿ ਸ੍ਰੀ ਅਕਾਲ' 'ਯਾ ਅਲੀ ਯਾ ਅਲੀ' ਦੇ ਨਾਅਰੇ ਬਹਾਦਰਾਂ ਨੂੰ ਨਵੇਂ ਸਿਰੇ ਜੋਸ਼ ਦਵਾਉਂਦੇ ਸਨ, ਤਲਵਾਰਾਂ ਚਲਣ ਲਗੀਆਂ, ਬਹਾਦਰ ਗੱਜ ਗੱਜਕੇ ਇਕ ਦੂਜੇ ਤੇ ਵਾਰ ਕਰਦੇ ਸਨ, ਖ਼ੋਦ ਅਤੇ ਸੰਜੋਅ ਤੇ ਤਲਵਾਰਾਂ ਪੈਣ ਦਾ ਛਣ-ਕਾਰ ਹਰ ਪਾਸਿਓਂ ਆਉਂਦਾ ਸੀ, ਸਿਰ ਕਟ ਕਟਕੇ ਧਰਤੀ ਤੇ ਡਿਗ ਰਹੇ ਸਨ, ਫੱਟੜਾਂ ਦਾ ਰੋਣਾ ਤੇ ਜਾਨ ਤੋੜਨ ਵਾਲਿਆਂ ਦੀ ਬੇਕਰਾਰੀ ਅਕਾਸ਼ ਹਲਾਉਣ ਲੱਗੀ ਤੇ ਬਾਜ਼ਾਰ ਦੀਆਂ ਮੋਰੀਆਂ ਲਹੂ ਨਾਲ ਭਰ ਗਈ।

ਖਾਲਸਾ ਜੀ ਦੀਆਂ ਲਹੂ ਭਰੀਆਂ ਕ੍ਰਿਪਾਨਾਂ ਨੂੰ ਮਿਆਨੋਂ ਨਿਕਲਦੀਆਂ ਵੇਖਕੇ ਸੂਰਜ ਡਰਕੇ ਪੱਛਮ ਵਿਚ ਜਾ ਲੁਕਿਆ, ਓਹ ਜਾਨ ਮਾਰੀ ਦਾ ਕੰਮ ਜੋ ਧੁਪ ਦੇ ਚਾਨਣੇ ਵਿਚ ਹੋ ਰਿਹਾ ਸੀ ਹੁਣ ਚੰਦ ਦੀ ਠੰਢੀ ਚਾਨਣੀ ਵਿਚ ਹੋਣ ਲਗਾ, ਹਥਿਆਰ ਅਤੇ ਸੰਜੋ ਲਹੂ ਨਾਲ ਲਾਲ ਰੰਗ ਵਿਚ ਰੰਗੀਆਂ ਗਈਆਂ, ਲੜਾਈ ਦੀ ਅੱਗ ਨਾਲ ਨੇਜ਼ੇ ਤੇ ਤਲ਼ਵਾਰਾਂ ਦੇ ਚੰਗਿਆੜੇ ਭੜਕਦੇ ਉਠਦੇ ਦਿੱਸਨ ਲਗੇ।

ਏਥੇ ਭੀ ਫਤੇ ਤੇ ਜਿੱਤ ਨੇ ਖ਼ਾਲਸਾ ਜੀ ਦਾ ਸਾਥ ਦਿੱਤਾ, ਸ਼ਾਹੀ ਫੌਜ ਮੈਦਾਨ ਛਡਕੇ ਉਠ ਨੱਠੀ, ਅਧੀ ਰਾਤ ਹੋਣ ਤੋਂ ਪੈਹਲੇ ਪੈਹਲੇ ਖ਼ਾਲਸਾ ਜੀ ਨੇ ਸ਼ੈਹਰ ਦਿੱਲੀ ਤੇ ਕਬਜ਼ਾ ਕਰ ਲਿਆ, ਸ੍ਰਦਾਰ ਜੱਸਾ ਸਿੰਘ ਆਹਲੂਵਾਲੀਆ ਤੇ ਸ੍ਰ: ਜੱਸਾ ਸਿੰਘ ਰਾਮਗੜ੍ਹੀਆ ਕਿਲੇ ਵਿਚ ਜਾ ਵੜੇ, ਬੇਅੰਤ ਮਾਲ ਦੌਲਤ ਹੱਥ ਲੱਗਾ, ਓਹੋ ਅਕ੍ਰਾਲੀ ਝੰਡਾ ਜੋ ਦੁਪੈਹਰ ਵੇਲੇ ਮਜਨੂੰ ਦੇ ਟਿੱਲੇ ਤੇ ਝੂਲਦਾਸੀ, ਸ਼ਾਹੀ ਕਿਲੇ ਤੇ ਫਰਾਟੇ ਮਾਰਨ ਲੱਗਾ, ਸ੍ਰਦਾਰ ਜੱਸਾ ਸਿੰਘ ਸ਼ਾਹੀ ਤਖ਼ਤ

ਤੇ ਬ੍ਰਾਜਮਾਨ ਹੋਏ ਤੇ ਖ਼ਾਲਸਾ ਜੀ ਨੇ ਲੜਾਈ ਜਿੱਤਕੇ ਹਰ ਪਾਸੇ ਖੁਸ਼ੀ ਦੇ ਵਾਜੇ ਵਜਾਉਣੇ ਸ਼ੁਰੂ ਕੀਤੇ।

–:o:–

ਤਦ ਓਹ ਦਿਓਤੇ ਹਨ

ਬੁਰੇ ਨਾਲ ਸਭ ਕਰਨ ਬੁਰਾਈ, ਮਾਫ਼ ਕਰਨ ਕਈ ਸਿਆਨੇ।
ਬੁਰੇ ਨਾਲ ਭਲਿਆਈ ਕਰਨੀ, ਏਹ ਗੁਰ ਨਾਨਕ ਜਾਣੇ।

ਬੁਰੇ ਨਾਲ ਬੁਰਿਆਈ ਕਰਨੀ ਜਗਤ ਦਾ ਦਸਤੂਰ ਹੈ, ਕਈ ਸਿਆਣੇ ਬੁਰੇ ਦੀ ਬੁਰਿਆਈ ਮਾਫ਼ ਕਰਨੀ ਸਖਾਉਂਦੇ ਹਨ, ਪਰ ਬੁਰੇ ਦੀ ਬੁਰਿਆਈ ਮੁਆਫ਼ ਕਰਕੇ ਭੁਲ ਜਾਓ ਤੇ ਫਿਰ ਓਹਦੇ ਬਦਲੇ ਓਹਦੇ ਨਾਲ ਨੇਕੀ ਕਰੋ, ਇਹ ਗੁਰੂ ਨਾਨਕ ਸਾਹਿਬ ਦੀ ਮੱਤ ਹੈ।

ਸ਼ੈਹਰ ਦਿੱਲੀ ਅਤੇ ਕਿਲੇ ਤੇ ਸਿੱਖਾਂ ਦਾ ਕਬਜ਼ਾ ਹੋ ਗਿਆ, ਸ਼ਾਹ ਆਲਮ ਸਾਨੀ ਤੇ ਉਸਦੇ ਵਜ਼ੀਰ ਸ਼ਰਮਿੰਦਗੀ ਨਾਲ ਸਿਰ ਝੁਕਾਈ ਬੈਠੇ ਹਨ, ਕਿਸਮਤ ਦੇ ਚੱਕਰ ਤੋਂ ਹੈਰਾਨ ਤੇ ਅਪਨੀ ਕਰਨੀ ਤੋਂ ਪਸ਼ੇਮਾਨ ਹਨ।

ਬਾਦਸ਼ਾਹ– ਅਕਲ ਕੁਛ ਕੰਮ ਨਹੀਂ ਕਰਦੀ, ਹੁਣ ਕਰੀਏ ਤਾਂ ਕੀ ਕਰੀਏ, ਕੀ ਲੜਾਈ ਕਰਕੇ ਮੁਲਕ ਮੋੜ ਲਈਏ?

ਜੰਗ ਕਰਕੇ ਤਾਂ ਦੇਖ ਲਿਆ, ਜੰਗ ਨੇ ਹੀ ਏਂਗ

ਵਿੱਚ ਭੰਗ ਪਾਇਆ, ਦਿਲ ਤੋੜ ਤੇ ਹੱਥਜਾਰ ਛੋੜ ਚੁਕੀ ਹੈ, ਹੁਣ ਲੜਾਈ ਕਰੇ ਤਾਂ ਕੌਣ ਤੇ ਕਰੇ ਤਾਂ ਕੇਹੜੇ ਬਲ ਤੇ।

ਵਜ਼ੀਰ—ਤਾਂ ਕੀ ਫਿਰ ਮੁਆਫੀ ਮੰਗ ਲਈਏ ? ਅੱਗੇ ਇੱਕ ਵਾਰੀ ਪੈਹਲੇ ਗੁਨਾਹਾਂ ਤੇ ਭੁੱਲਾਂ ਲਈ ਮਾਫੀ ਮੰਗੀ, ਨਾ ਸਿਰਫ ਮੁਆਫੀ ਹੀ ਮੰਗੀ। ਸਗੋਂ ਸੱਪ ਦੇ ਮੂੰਹ ਵਿਚੋਂ ਨਿਕਲਣ ਲਈ ਮਦਦ ਚਾਹੀ। ਖਾਲਸਾ ਸਾਰੇ ਗੁੱਸੇ ਗਿੱਲੇ ਭੁਲ ਗਿਆ, ਉਨ੍ਹਾਂ ਨੇ ਦਿੱਲੀ ਦੇ ਵਧਾਏ ਗਏ ਹੱਥ ਨੂੰ ਬੜੇ ਖੁਲ੍ਹੇ ਦਿਲ ਤੇ ਖਿੜੇ ਮੱਥੇ ਫੜਿਆ। ਭਾਵੇਂ ਇਨ੍ਹਾਂ ਦੀਆਂ ਰਾਜਧਾਨੀ ਦਿੱਲੀ ਦੇ ਵਿਰੁਧ ਅਨੇਕਾਂ ਸ਼ਕਾਇਤਾਂ ਸਨ ਤੇ ਰਾਜਧਾਨੀ ਦਿੱਲੀ ਵਲੋਂ ਉਹਨਾਂ ਨੂੰ ਹਮੇਸ਼ਾਂ ਦੁਖ ਮਿਲਦੇ ਸਨ ਤਾਂ ਭੀ ਉਹਨਾਂ ਨੇ ਦਿਲ ਦੀ ਸਫਾਈ ਦਾ ਓਹ ਵੱਡਾ ਸਬੂਤ ਦਿੱਤਾ ਕਿ ਜਿਸਦੇ ਨਾਲ ਦਾ ਦੁਨੀਆਂ ਤੇ ਮਿਲਨਾ ਕਠਨ ਹੈ। ਆਦਮੀ ਹੋਕੇ ਇਸ ਤਰਾਂ ਦੀ ਬਖਸ਼ਸ਼, ਬੰਦਾ ਹੋਕੇ ਇੰਨੀ ਦਰਗੁਜ਼ਰ ਤੇ ਖ਼ਾਕੀ ਹੋਕੇ ਐਨੀ ਦਿੱਲ ਦੀ ਸਫਾਈ, ਅੱਜ ਤਕ ਜਹਾਨ ਤੇ ਦੇਖਣ ਵਿਚ ਨਹੀਂ ਆਈ ਸੀ। ਇਹ ਵਡਿਆਈ ਕੁਦਰਤ ਨੇ ਕੇਵਲ ਖਾਲਸਾ ਜੀ ਨੂੰ ਹੀ ਬਖਸ਼ੀ ਹੈ, ਇਹ ਖਾਲਸੋਈ ਸ਼ਾਨ ਦਾ ਇਕ ਹਿੱਸਾ ਹੈ, ਜੋ ਉਨ੍ਹਾਂ ਨੇ ਦਖਾਇਆ। ਪਰ ਅਫਸੋਸ ਹੈ ਕਿ ਜਦ ਉਨ੍ਹਾਂ ਦੇ ਆਉਣ ਦੀ ਖਬਰ ਸੁਣਕੇ ਮਰਹੱਟੇ ਦਿੱਲੀ ਛੱਡ ਗਏ ਤੇ ਉਨ੍ਹਾਂ ਦਾ ਆਗੂ ਖ਼ਾਲੀ ਮੁੜ ਗਿਆ ਤਾਂ ਸਿੱਖਾਂ ਦੇ ਦਿੱਲੀ ਪ੍ਰਜਨ ਤੇ ਜੀ ਆਇਆਂ ਕੈਹਣ ਤੇ ਇਸ ਮਦਦ

ਲਈ ਉਨ੍ਹਾਂਦੇ ਧੰਨਵਾਦੀ ਹੋਣ ਦੀ ਥਾਂ ਉਲਟੇ ਉਨ੍ਹਾਂ ਨਾਲਅਸੀਂ ਲੜਨ ਲੱਗੇ। ਖਾਲਸੇ ਵਲੋਂ ਐਨੀ ਖੁਸ਼ਦਿਲੀ, ਪ੍ਰੇਮ, ਮੇਹਰ, ਖਿਮਾ ਤੇ ਦੁਖੀਆਂ ਨੂੰ ਸੁਖ ਦੇਣਾ, ਤੇ ਸਾਡੇ ਵਲੋਂ ਧੰਨਵਾਦ ਦੇ ਬਦਲੇ ਦਿੱਲੀ ਆਉਣ ਤੇ ਗੋਲੀਆਂ ਨਾਲ ਉਨ੍ਹਾਂ ਦਾ ਸੁਆਗਤ ਕਰਨਾ, ਐਨੀ ਗਦਾਰੀ, ਕਮੀਨਗੀ ਤੇ ਨਾਸ਼ੁਕਰਾਪਨ! ਐਨੀ ਤੱਦੀ ਕਰਨ ਤੇ ਹੁਣ ਕੇਹੜੇ ਮੂੰਹ ਨਾਲ ਉਨ੍ਹਾਂ ਦੇ ਕੋਲ ਜਾਈਏ ਤੇ ਕੇਹੜੀਆਂ ਗੱਲਾਂ ਨਾਲ ਉਹਨਾਂ ਨੂੰ ਭਰੋਸਾ ਦਵਾਈਏ ਕਿ ਫੇਰ ਅਸੀਂ ਉਨ੍ਹਾਂਨਾਲ ਵਧੀਕੀ ਨਹੀਂ ਕਰਾਂਗੇ।

ਬਾਦਸ਼ਾਹ—ਪਰ ਕੀ ਓਹ ਮੁਆਫੀ ਮੰਗਣ ਤੇ ਤਾਜ ਤਖਤ ਮੋੜ ਦੇਣਗੇ ? ਕਦੀ ਕਿਸੇ ਨੇ ਲੀਤਾ ਹੋਇਆ ਮੁਲਕ ਭੀ ਮੋੜਿਆ ਹੈ ? ਏਥੇ ਹੀ ਕੈਰਵਾਂ ਨੇ ਉਸ ਵੇਲੇ ਤਕ ਸੂਈ ਦੇ ਨੱਕੇ ਜਿੰਨੀ ਥਾਂ ਨਾ ਦਿੱਤੀ, ਜਿੰਨਾ ਚਿਰ ਉਨ੍ਹਾਂ ਦੀਆਂ ਅਠਾਠਾਂ ਖੂਣੀਆਂ ਸੈਨਾਂ ਮਿੱਟੀ ਵਿਚ ਨਾ ਮਿਲ ਗਈ। ਸਿਖ ਲਹੂ ਡੋਲ੍ਹਕੇ ਲੀਤਾ ਤਖ਼ਤ ਸਾਡੇ ਪੱਲਾ ਵਛਾਣ ਤੇ ਦੇ ਦੇਣਗੇ? ਮਨੁਖੀ ਤ੍ਵਾਰੀਖ ਵਿਚ ਤਾਂ ਅਜੇਹੀ ਮਿਸਾਲ ਨਹੀਂ ਮਿਲਦੀ, ਇਸ ਲਈ ਹੁਣ ਤਖ਼ਤ ਦਾ ਮੁੜਕੇ ਮਿਲਣਾ ਕਠਨ ਅਤੇ ਸਰਾਸਰ ਕੱਚਾ ਖਿਆਲ ਹੈ, ਜਿਹਾਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੈ:—

"ਫਰੀਦਾ ਲੋੜੇ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ।
ਹੰਢੈ ਉੱਨ ਕਤਾਇਦਾ, ਪੈਧਾ ਲੋੜੈ ਪਟੁ ॥ ੨੩ ॥"

ਮੁਨਸ਼ੀ ਰਾਮ ਦਿਆਲ—ਆਪ ਦਾ ਫਰਮਾਨ ਠੀਕ ਤੇ ਵਾਜਬ ਹੈ ਤੇ ਇਸ ਵਿਚ "ਰਾਈ ਜਿੰਨਾ ਭੀ" ਝੂਠ ਨਹੀਂ

ਹੋ ਸਕਦਾ, ਕਿਉਂਕਿ ਦੁਨੀਆਂ ਵਿਚ ਲਾਲਚ ਨੇ ਆਦਮੀ ਦੇ ਦਿਲ ਤੇ ਦਿਮਾਗ਼ ਤੇ ਕੁਛ ਅਜੇਹਾ ਪ੍ਰਦਾ ਪਾਯਾ ਹੋਯਾ ਹੈ ਕਿ ਹਜ਼ਾਰਾਂ ਉਪਰਾਲੇ ਤੇ ਲੱਖਾਂ ਕੋਸ਼ਸ਼ਾਂ ਕਰਨ ਤੋਂ ਭੀ ਉਸਦੇ ਅਸਰ ਤੋਂ ਬਚਨਾ ਕਠਨਹੈ। ਧਨ ਦੀ ਮਾਮੂਲੀ ਜੇਹੀ ਝਲਕ ਅੱਖਦੇ ਫੋਰ ਵਿਚ ਸਾਧੂਆਂ ਦੇ ਵਰਹਿਆਂ ਬੱਧੀ ਭਜਨ ਨੂੰ ਅਕਾਰਥ ਤੇ ਉਹਨਾਂ ਦੀ ਤੱਪ ਦੀ ਪੂੰਜੀ ਨੂੰ ਪਲ ਵਿਚ ਗ਼ਾਰਤ ਕਰਕੇ ਰੱਖ ਦੇਂਦੀ ਹੈ। ਭਰਾ ਨੂੰ ਭਰਾ ਨਾਲ ਲੜਾਉਣਾ ਤੇ ਪੁਤਰ ਨੂੰ ਪਿਤਾ ਨਾਲੋਂ ਅੱਡ ਕਰਣਾ, ਏਨ੍ਹਾਂ ਦੇ ਖੱਬੇ ਹੱਥ ਦੀ ਖੇਡ ਹੈ ਤੇ ਬ੍ਰਾਦਰੀ ਵਾਲਿਆ ਦੇ ਵਤਨੀਆਂ ਦਾ ਆਪਸ ਵਿਚ ਲੜਾਈ ਝਗੜਾ ਕਰਕੇ ਲਹੂ ਦੀਆਂ ਨਦੀਆਂ ਵਗਾਣ ਤਕ ਪੁਚਾਨਾ ਏਹਦੇ ਲਈ ਨਿੱਕੀ ਜਹੀ ਗਲ ਹੈ, ਪਰ ਜਿਥੋਂ ਤਕ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਸਿੱਖੀ ਦਾ ਪ੍ਰਸ਼ਨ ਹੈ, ਏਨ੍ਹਾਂ ਲੋਕਾਂ ਦੇ ਦਿਲਾਂ ਤੇ ਇਸ ਦਾ ਅਸਰ ਨਹੀਂ, ਸਿਖਾਂ ਨੂੰ ਦੁਨੀਆਂ ਵਿਚ ਰੈਂਹਦਿਆਂ ਭੀ ਕਿਸੇ ਚੀਜ਼ ਦੀ ਖ਼ਿੱਚ ਨਹੀਂ, ਜੇ ਵਾਹਿਗੁਰੂ ਨੂੰ ਨਿਰੰਜਨ (ਮਾਯਾ ਰਹਿਤ) ਕੈਹਣਾ ਠੀਕ ਹੈ ਤਾਂ ਵਾਹਿਗੁਰੂ ਦੇ ਖਾਲਸੇ ਦੀ ਸ਼ਾਨ ਵਿਚ ਇਸ ਸ਼ਬਦ ਦਾ ਵਰਤਨਾ ਅਯੋਗ ਨਹੀਂ ਹੋ ਸਕਦਾ।

ਜਹਾਨ ਵਿਚ ਜਿੰਨੇ ਲੜਾਈ ਝਗੜੇ ਹੋਂਦੇ ਹਨ, ਓਹ ਸਾਰੇ ਉਹਨਾਂ ਚੀਜ਼ਾਂ ਦੇ ਕਾਰਨ ਹੀ ਹੁੰਦੇ ਹਨ, ਜਿਨ੍ਹਾਂ ਨਾਲ ਬੰਦਾ 'ਮੇਰਾ' 'ਮੇਰੀ' ਦਾ ਅੱਖਰ ਲਾ ਲੈਂਦਾ ਹੈ, ਜਿਸ ਚੀਜ਼ ਨਾਲ ਮੇਰਾ ਜਾਂ ਮੇਰੀ ਦਾ ਅਖਰ ਨਹੀਂ ਲਾ ਸਕਦਾ, ਉਸਦੇ ਚਲੇ ਜਾਣ ਦਾ ਓਹਨੂੰ ਕੋਈ ਦੁਖ ਨਹੀਂ ਹੁੰਦਾ । ਖਾਲਸਾ

ਦੁਨੀਆਂ ਵਿਚ ਅਪਨੇ ਆਪਨੂੰ ਅਮੀਨ ਸਮਝਦਾ ਹੈ, ਓਹ ਹਰ ਚੀਜ਼ ਰਬ ਦੀ ਅਮਾਨਤ ਜਾਣਦਾ ਹੈ ਤੇ ਏਹੋ ਕਾਰਨ ਹੈ ਕਿ ਜਦ ਓਹ ਚੀਜ਼ ਦੇ ਦੇਂਦਾਹੈ ਤਾਂ ਉਸ ਚੀਜ਼ ਦੇ ਕੋਲ ਨਾਂ ਰੈਹਣ ਦੇ ਕਾਰਨ ਅਫਸੋਸ ਜਾਂ ਰੁਸਾ ਨਹੀਂ ਕਰਦਾ।

ਖ਼ਾਲਸਾ ਦੁਨੀਆਂ ਵਿਚ ਪਿਆਰ ਦਾ ਸਨੇਹਾ ਲੈਕੇ ਆਇਆ ਹੈ ਤੇ ਇਹ ਬੰਦੇ ਨੂੰ ਦੁਨੀਆਂ ਦੇ ਰੁਤਬਿਆਂ ਦੀ ਛੁਟਾਈ, ਵਡਾਈ, ਨਸਲੀ, ਕੌਮੀ, ਮਜ਼ਹਬੀ ਤੇ ਮੁਲਕੀ ਹੱਦ ਬੰਦੀਆਂ ਤੋਂ ਉੱਚਾ ਕਰਕੇ 'ਏਕ ਪਿਤਾ ਏਕਸ ਕੇ ਹਮ ਬਾਰਕ' ਚੇਤੇ ਕਰਾ ਪ੍ਰੇਮ ਅਤੇ ਪਿਆਰ ਦੀ ਜੰਜੀਰਾਂ ਨਾਲ ਆਪਸ ਵਿਚ ਜਕੜ ਦੇਂਦਾ ਹੈ, ਜਿਸਤਰਾਂ ਪਿਤਾ ਦਾ ਪੁੱਤਰ ਨੂੰ ਪਿਆਰ ਦੇਣਾ ਜਾਂ ਧੱਪਾ ਮਾਰਨਾ ਦੇਖਨ ਨੂੰ ਭਾਵੇਂ ਦੋ ਵਖੋ ਵਖ ਚੀਜ਼ਾਂ ਹਨ ਪਰ ਅਸਲ ਵਿਚ ਦੋਵੇਂ ਪੁੱਤਰ ਲਈ ਪਿਆਰ ਦੇ ਜਜ਼ਬੇ ਤੋਂ ਏਹ ਕੰਮ ਕੀਤੇ ਜਾਂਦੇ ਹਨ, ਜਿਸ ਤਰਾਂ ਡਾਕਟਰ ਦਾ ਮਿਠੀ ਦਵਾ ਦੇਣਾ ਜਾਂ ਨਸ਼ਤਰ ਲਾਉਣਾ ਅਰੋਗਤਾ ਵਰਗੀ ਭਾਰੀ ਨਿਆਮਤ ਦੇਣ ਵਾਲੇ ਹਨ, ਏਸੇ ਤਰਾਂ ਖ਼ਾਲਸਾ ਜੀ ਦੀ ਏਹ ਤਲਵਾਰ ਚਲਾਣੀ ਕਿਸੇ ਜ਼ਾਤੀ ਲਾਭ, ਗੁੱਸੇ, ਦੁਸ਼ਮਨੀ ਜਾਂ ਲਾਲਚ ਲਈ ਨਹੀਂ, ਸਗੋਂ ਗ਼ਰੀਬਾਂ ਤੇ ਕਮਜ਼ੋਰਾਂ ਦੀ ਰਾਖੀ ਤੇ ਮਜ਼ਹਬ, ਅਖ਼ਲਾਕ ਤੇ ਆਜ਼ਾਦੀ ਦੀ ਰਖਵਾਲੀ ਲਈ ਹੈ।

ਤੁਸੀਂ ਸੋਚੋ! ਅਨੰਦ ਪੁਰ ਸਾਹਿਬ ਦਾ ਕਿਲਾ ਗੁਰੂ ਤੇਗ਼ ਬਹਾਦਰ ਸਾਹਿਬ ਨੇ ਜਮੀਨ ਖ਼ਰੀਦਕੇ ਬਨਵਾਇਆ, ਪਰ ਜਿਸ ਸਮੇਂ ਗੁਰੂ ਗੋਬਿੰਦ ਸਿੰਘ ਸਾਹਿਬ ਓਥੇ ਰੈਹਣ ਲਗੇ ਤਾਂ ਪਹਾੜੀ ਰਾਜਿਆਂ ਦੇ ਦਿਲ ਧੜਕੇ, ਗੁਰੂ ਸਾਹਿਬ

ਦਾ ਤੇਜ ਪ੍ਰਤਾਪ ਵੇਖਕੇ ਓਹਨਾਂ ਦੇ ਦਿਲ ਈਰਖਾ ਨਾਲ ਭੁਜ ਗਏ, ਹਾਨ ਵੇਖਯਾ ਨਾਂ ਲਾਭ, ਝਟ ਇਕੱਠੇ ਹੋਕੇ ਕੈਹ ਦਿੱਤਾ ਕਿ "ਜਾਂ ਤਾਂ ਅਨੰਦਪੁਰ ਸਾਹਿਬ ਛਡਕੇ ਚਲੇ ਜਾਓ ਨਹੀਂ ਤਾਂ ਲੜਾਈ ਵਾਸਤੇ ਤਿਆਰ ਹੋ ਜਾਓ।"

ਅਨੰਦਪੁਰ ਦਾ ਕਿਲਾ ਜ਼ਰ ਖ਼ਰੀਦ ਥਾਂ ਵਿਚ ਬਨਵਾਇਆ ਗਿਆ ਸੀ ਤੇ ਅਪਨੇ ਖ਼ਰਚ ਤੇ ਤਿਆਰ ਕਰਵਾਯਾ ਗਿਆ ਸੀ, ਇਸ ਲਈ ਓਸਨੂੰ ਦਬਾ ਦੇ ਕਾਰਨ ਛਡ ਜਾਣਾ ਸ਼ਾਨ ਦੇ ਵਿਰੁਧ ਤੇ ਇਕ ਅਣਖ ਵਾਲੇ ਆਦਮੀ ਲਈ ਅਨਹੋਣੀ ਗਲ ਸੀ, ਗੁਰੂ ਗੋਬਿੰਦ ਸਿੰਘ ਸਾਹਿਬ ਨੇ ਉੱਤਰ ਵਿਚ ਲਿਖਦਿਤਾ ਕਿ "ਅਨੰਦ ਪੁਰ ਸਾਹਿਬ ਸਾਡੀ ਜ਼ਰਖਰੀਦ ਅਤੇ ਅਪਨੀ ਬਣਾਈ ਹੋਈ ਚੀਜ਼ ਹੈ, ਇਸ ਲਈ ਕਿਸੇ ਦੇ ਧੱਕੇ ਤੇ ਜੋਰ ਅੱਗੇ ਨਿਉਂਕੇ ਨਹੀਂ ਛਡਿਆ ਜਾ ਸਕਦਾ, ਮੈਂ ਜਹਾਨ ਵਿਚ ਜਿਸ ਅਣਖ ਨੂੰ ਪੈਦਾ ਕਰਨ ਲਈ ਆਇਆ ਹਾਂ, ਅਜਿਹਾ ਕਰਨਾ ਉਸਦੇ ਸਰਾਸਰ ਉਲਟ ਹੈ। ਇਸਲਈ ਇਸ ਗਲ ਦੀ ਆਸ ਨਾਂ ਰਖੋ ਕਿ ਤੁਹਾਡੀਆਂ ਫੌਜਾਂ ਦੇ ਡਰ ਤੇ ਖ਼ੌਫ ਨਾਲ ਦਬਕੇ ਇਹ ਥਾਂ ਖ਼ਾਲੀ ਕਰ ਦਿਤੀ ਜਾਵੇਗੀ। ਬਾਕੀ ਰਹੀ ਲੜਾਈ, ਉਸਦੀ ਬਾਬਤ ਤੁਹਾਨੂੰ ਹਰ ਵੇਲੇ ਅਖ਼ਤਿਆਰ ਹੈ।"

ਪਹਾੜੀ ਰਾਜੇ ਇਹ ਸੁਨੇਹਾ ਸੁਣਦਿਆਂ ਹੀ ਸੜ ਭੁਜਕੇ ਸੁਵਾਹ ਹੋਗਏ।

ਵਸਾਖ ਸੰਮਤ ੧੭੪੨ ਦੇ ਦਿਨ ਸਨ, ਇਕ ਦਿਨ ਗੁਰੂ ਗੋਬਿੰਦ ਸਿੰਘ ਸਾਹਿਬ ਜੰਗਲ ਵਿਚ ਸ਼ਿਕਾਰ ਖੇਡ ਰਹੇ ਸਨ, ਥੋੜੀ ਜਹੀ ਫੌਜ ਨਾਲ ਸੀ, ਪਹਾੜੀ ਰਾਜਿਆਂ ਨੇ ਸਮਾਂ

ਅਮੋਲਕ ਜਾਣਕੇ ਲੜਾਈ ਦੀ ਸਲਹ ਕੀਤੀ, ਰਾਜਾ ਭੀਮ ਚੰਦ, ਕਿਰਪਾਲ ਚੰਦ ਕਟੋਚੀਆ, ਰਾਜਾ ਕੇਸਰੀ ਚੰਦ ਜਸ-ਵਾਲੀਆ, ਸੁਖਦਿਆਲ ਜਸਰੋਟੀਆ, ਹਰੀ ਚੰਦ ਕੋਹਲੂਰੀਆ, ਪ੍ਰਿਥੀ ਚੰਦ ਡਡਰਵਾਲੀਆ ਤੇ ਰਾਜਾ ਫਤੇ ਸ਼ਾਹ ਸ੍ਰੀ ਨਗਰ ਨੇ ਕਠੇ ਹੋਕੇ ਹੱਲਾ ਕਰ ਦਿਤਾ, ਗੁਰੂ ਸਾਹਿਬ ਨੂੰ ਬਿਨਾਂ ਤਯਾਰੀ ਦੇ ਹੀ ਸਾਹਮਣੇ ਹੋਣਾ ਪਿਆ। ਲਾਲਾ ਦੌਲਤ ਰਾਮ ਦੇ ਕਥਨ ਅਨੁਸਾਰ ਕਾਲੇ ਖਾਂ, ਨਜਾਬਤ ਖਾਂ ਆਦਕ ਮੁਸਲ ਮਾਨ ਜਿਨ੍ਹਾਂ ਨੂੰ ਗੁਰੂ ਸਾਹਿਬ ਨੇ ਔਰੰਗ ਜ਼ੇਬ ਦੇ ਦੁਖ ਦੇਣ ਤੇ ਅਪਨੀ ਸ਼ਰਨ ਦਿਤੀ ਸੀ, ਠੀਕ ਲੜਾਈ ਸ਼ੁਰੂ ਹੁੰਦਿਆਂ ਹੀ ਧੋਖਾ ਦੇਕੇ ਵੈਰੀ ਨਾਲ ਜਾ ਰਲੇ, ਪੰਜ ਸੌ ਉਦਾਸੀ ਸਾਧੂ ਕੜਾਹ ਦੀ ਥਾਂ ਤਲਵਾਰ ਖਾਣ ਨੂੰ ਮਿਲਦੀ ਵੇਖਕੇ ਨੱਸ ਗਏ, ਪਰ ਸਿਖ ਜੋ ਗਿਣਤੀ ਵਿਚ ਬਹੁਤ ਥੋੜੇ ਸਨ ਹੁਕਮ ਹੋਂਦੇ ਹੀ ਤਲਵਾਰਾਂ ਧੂਕੇ ਸਾਹਮਣੇ ਹੋਏ।

ਰਾਜਾ ਹਰੀ ਚੰਦ ਗੁਰੂ ਸਾਹਿਬ ਦੇ ਹਥੋਂ ਮਾਰਿਆ ਗਿਆ, ਰਾਜਾ ਕੇਸਰੀ ਚੰਦ ਤੇ ਸੁਖਦੇਵ ਫੱਟੜ ਹੋਏ, ਬਸ ਫੇਰ ਕੀ ਸੀ, ਬਾਕੀ ਪਹਾੜੀ ਰਾਜੇ ਤੇ ਓਹਨਾਂ ਦੀ ਫੌਜ ਹਰਨ ਹੋਗਈ।

ਸੰਮਤ ੧੭੪੫ ਵਿਚ ਮੀਂਹ ਨਾਂ ਵਸਿਆ, ਫਸਲ ਨਾਂ ਹੋਈ, ਕਾਲ ਦੇ ਹਥੋਂ ਪਹਾੜੀਏ ਭੁਖੇ ਮਰਨ ਲਗੇ, ਔਰੰਗਜ਼ੇਬ ਨੇ ਖ਼ਰਾਜ ਮੰਗਿਆ, ਪਹਾੜੀਆਂ ਨੇ ਫਸਲ ਨਾਂ ਹੋਣ ਦਾ ਉਜ਼ਰ ਕੀਤਾ, ਜੋ ਨਾਂ ਕਿਸੇ ਸੁਣਿਆਂ ਤੇ ਨਾਂ ਮੰਨਿਆਂ। ਬਾਦ-ਸ਼ਾਹ ਨੇ ਰੁਸਤਮ ਖ਼ਾਂ ਨੂੰ ਫੌਜ ਦੇਕੇ ਪਹਾੜੀ ਰਾਜਿਆਂ ਨੂੰ ਤਾੜਨ ਲਈ ਭੇਜਿਆ, ਓਹ ਪਹਾੜੀ ਰਾਜੇ ਜੋ ਕਲ਼ ਤਕ ਗੁਰੂ

ਬਿੰਦ ਸਿੰਘ ਸਾਹਿਬ ਨੂੰ ਅਪਨਾ ਮੂਲ ਖਰੀਦਿਆ ਹੋਇਆ ਫਲਾ ਛਡਨ ਤੇ ਜ਼ੋਰ ਦੇਂਦੇ ਸਨ, ਸ਼ਾਹੀ ਫੌਜ ਨੂੰ ਆਉਂਦਿਆਂ ਵੇਖਕੇ ਇਹਨਾਂ ਦੇ ਹੰਕਾਰ ਤੇ ਬਲਕਾਰ ਟੁੱਟ ਗਏ, ਗਲ ਵਿਚ ਕਪੜਾ ਤੇ ਮੂੰਹ ਵਿਚ ਘਾ ਲੈਕੇ ਗੁਰੂ ਸਾਹਿਬ ਦੇ ਸਾਹਮਣੇ ਹਾਜ਼ਰ ਹੋਏ, ਮੀਂਹ ਦਾ ਨਾਂ ਹੋਣਾ, ਫਸਲ ਦੀ ਵੈਰਾਨੀ ਤੇ ਪਹਾੜੀ ਇਲਾਕਿਆਂ ਦੀ ਗ਼ਰੀਬੀ ਨੂੰ ਅਪਨੇ ਦੁਖਤ ਹੋਣਤੇ ਕਮਜੋਰੀ ਦੱਸਣ ਲਈ ਪੇਸ਼ ਕਰਕੇ ਮਦਦ ਮੰਗੀ ਤੇ ਅਪਨੀ ਪਿਛਲੀ ਭੁੱਲ ਦੀ ਖਿਮਾਂ ਚਾਹੀ, ਗੁਰੂ ਸਾਹਿਬ ਨੇ ਇਹਨਾਂ ਸ਼ਰਨ ਆਇਆਂ ਦੇ ਪਿਛਲੇ ਅਪ੍ਰਾਧ ਬਖਸ਼ ਦਿਤੇ, ਪਹਾੜੀਆਂਨੂੰ ਧੀਰਜ ਤੇ ਤਸੱਲੀ ਦੇਕੇ ਗੁਰੂ ਸਾਹਿਬ ਨੇ ਔਰੰਗਜ਼ੇਬ ਨੂੰ ਪਹਾੜੀ ਰਾਜਿਆਂ ਦੀ ਤਰਸ ਯੋਗ ਹਾਲਤ ਦਸਕੇ ਮਾਮਲਾ ਅਗਲੇ ਵਰਹੇ ਲੈਣ ਲਈ ਲਿਖਿਆ, ਪਰ ਔਰੰਗਜ਼ੇਬ ਨੇ ਰੁਸਤਮ ਖ਼ਾਂ ਦੀ ਰੁਸਤਮੀ ਵੇਖਣੀ ਸੀ, ਖ਼ਲਕਤ ਦੀਆਂ ਔਕੜਾਂ ਦੀ ਪ੍ਰਵਾਹ ਨਾਂ ਕੀਤੀ, 'ਚੁ ਤੰਗ ਆਮਦ ਬਜੰਗ ਆਮਦ।' ਵਾਲੀ ਗਲ ਹੋਗਈ, ਪਹਾੜੀਏ ਮੈਦਾਨ ਵਿਚ ਆਏ, ੫੦੦ ਸਿੱਖ ਨਾਲ ਸਨ, ਰੁਸਤਮ ਖ਼ਾਂ ਹਾਰ ਖਾਕੇ ਮੁੜ ਗਿਆ।

ਹੋਰ ਸੁਣੋ

ਪਹਾੜੀ ਰਾਜਿਆਂ ਦੀ ਕਾਇਰਤਾ ਤੇ ਕਮਜ਼ੋਰੀ ਤੇ ਰੁਸਤਮ ਖ਼ਾਂ ਦੀ ਬਹਾਦਰੀ ਔਰੰਗਜ਼ੇਬ ਤੋਂ ਗੁਝੀ ਨਹੀਂ ਸੀ, ਉਸ ਦੀਆਂ ਦੂਰਬੀਨ ਅੱਖਾਂ ਤੋਂ ਇਹ ਗਲ ਓਹਲੇ ਨਾਂ ਰੈਹ ਸਕੀ ਕਿ ਰੁਸਤਮ ਖਾਂ ਦੀ ਹਾਰ ਦਾ ਕਾਰਨ ਗੁਰੂ ਸਾਹਿਬ ਦੇ ੫੦੦ ਸਵਾਰ ਸਨ, ਪਹਾੜੀ ਰਾਜਿਆਂ ਨੇ ਮਾਮਲਾ ਦੇਣੋਂ

ਨਾਂਹ ਨਹੀਂ ਕੀਤੀ ਸੀ ਪਰ ਓਹ ਅੱਗੇ ਤੇਪਾਣਾ ਚਾਹੁੰਦੇ ਸਨ, ਅਜਹੀ ਹਾਲਤ ਵਿਚ ਔਰੰਗਜ਼ੇਬ ਦੀ ਜੰਗ ਜ਼ਾਹਰਾ ਜ਼ੁਲਮ ਸੀ। ਭਾਵੇਂ ਓਹਦੀ ਅਪਨੀ ਭੁਲ ਸੀ ਤਾਂ ਭੀ ਓਹ ਸ਼ਾਹੀ ਫੌਜ ਦੀ ਬਦਨਾਮੀ ਕਦ ਸੈਹ ਸਕਦਾ ਸੀ, ਹਾਰ ਦੀ ਖ਼ਬਰ ਤੋਂ ਰੋਹ ਵਿਚ ਆਕੇ ਗੁਰੂ ਸਾਹਿਬ ਤੇ ਚੜ੍ਹਾਈ ਕਰਨ ਦਾ ਹੁਕਮ ਜਾਰੀ ਕਰ ਦਿਤਾ।

ਸ਼ਾਹੀ ਫੌਜ ਦੇ ਕੂਚ ਦੀ ਖ਼ਬਰ ਸੁਣਕੇ ਹਿੰਦੂ ਰਾਜੇ ਚੁਕੰਨੇ ਹੋਗਏ ਤੇ ਗੁਰੂ ਸਾਹਿਬ ਦੀ ਮਦਦ ਕਰਨ ਦੀ ਥਾਂ ਸ਼ਾਹੀ ਫੌਜ ਨਾਲ ਜਾ ਰਲੇ*

---

*ਲਾਲਾ ਦੌਲਤ ਰਾਮ ਸਾਹਿਬ ਨੇ ਅਪਨੀ ਪੁਸਤਕ 'ਮਹਾਬਲੀ' ਵਿਚ ਇਹ ਗਲ ਦਸਨ ਲਗਿਆਂ ਹਿੰਦੂਆਂ ਨੂੰ ਏਸਤਰਾਂ ਸੰਬੋਧਨ ਕੀਤਾ ਹੈ:—

ਹਾ! ਹਿੰਦੂ ਕੌਮ! ਤੈਥੋਂ ਵੱਡੀ ਅਕ੍ਰਿਤਘਣ ਹੋਰ ਕੇਹੜੀ ਕੌਮ ਹੈ, ਸਚੇ ਕੌਮੀ ਭਗਤ ਦੀ ਕਦਰ ਨਾਂ ਕਰਨ ਦਾ ਔਗੁਣ ਤੈਥੋਂ ਵਧਕੇ ਹੋਰ ਕਿਨ੍ਹਾਂ ਲੋਕਾਂ ਵਿਚ ਹੈ? ਸਚੇ ਦੇਸ਼ ਭਗਤ ਨੂੰ ਦੁਖਦੇਣ ਦਾ ਸ਼ੁਦਾਪੁਣਾ ਹੋਰ ਤੈਥੋਂ ਛੁਟ ਕੇਹੜ ਵੈਹਸ਼ੀਆਂ ਵਿਚ ਹੈ? ਓਹ ਗੁਰੂ ਗੋਬਿੰਦ ਸਿੰਘ ਜੋ ਤੁਹਾਡੇ ਲਈ ਅਪਨੇ ਪਿਆਰੇ ਵਾਰਨ ਦੀ ਤਿਆਰੀ ਕਰ ਰਿਹਾ ਸੀ, ਜੋ ਤੁਹਾਨੂੰ ਨੀਚ ਤੋਂ ਉਚੇ ਦਰਜੇ ਤੇ ਲੈ ਜਾਣ ਦੀ ਧੁਨ ਵਿਚ ਲਗਾ ਹੋਇਆ ਸੀ, ਉਸਦੇ ਵਿਰੁਧ ਤੁਸੀਂ ਈਰਖਾ ਤੇ ਖ਼ੁਦਗ਼ਰਜ਼ੀ ਕਰਕੇ ਖੜੇ ਹੋ ਰਹੇ ਹੋ। ਇਸ ਅਕ੍ਰਿਤਘਣਤਾ ਦਾ ਸਿੱਟਾ ਹੀ ਹੈ ਤੇ ਏਸੇ ਈਰਖਾ ਦਾ ਫਲ ਹੈ ਕਿ ਤੁਸੀਂ ਹਮੇਸ਼ਾ ਗ਼ੁਲਾਮੀ ਵਿਚ ਰੈਹਣ ਲਈ ਮਜਬੂਰ ਕੀਤੇ ਗਏ ਹੋ।

ਪਹਾੜੀਰਾਜਿਆਂ ਦੀ ਕਿਲਾ ਅਨੰਦਪੁਰ ਖ਼ਾਲੀਕਰਾਣ ਦੀ ਨਾਵਾਜਬ ਚਾਹ, ਪਹਾੜੀਆਂ ਦਾਗੁਰੂ ਸਾਹਿਬ ਤੇ ਹੱਲਾ ਕਰਨਾ ਤੇ ਹਾਰ ਖਾਣੀ,ਪਰ ਜਦ ਇਸਤੋ ਭੀ ਔਰੰਗਜ਼ੇਬ ਵਲੋਂ ਪਹਾੜੀਆਂ ਤੇ ਜ਼ੁਲਮ ਹੋਣ ਲਗਾ ਤਾਂ ਗੁਰੂ ਸਾਹਿਬ ਦਾ ਓਹਨਾਂ ਦੇ ਪਿਛਲੇ ਗੁਨਾਹਾਂ ਦੀ ਭੁਲ ਬਖ਼ਸ਼ਕੇ ਓਹਨਾਂ ਦੀ ਮਦਦ ਲਈ ਸਵਾਰ ਭੇਜਕੇ ਜਿੱਤ ਕਰਾਣੀ, ਇਸਤਰਾਂ ਦੇ ਕੰਮ ਸਨ ਕਿ ਜਿਨ੍ਹਾਂ ਦੇ ਹੁੰਦਿਆਂ ਪਹਾੜੀ ਹਿੰਦੂ ਰਾਜੇ ਸਾਰੀ ਉਮਰ ਗੁਰੂ ਸਾਹਿਬ ਦੇ ਧਨਵਾਦੀ ਰੈਹਣੇ ਚਾਹੀਦੇ ਸਨ, ਤੇ ਇਹ ਚੜ੍ਹਾਈ ਕਿਉਂਕਿ ਇਹਨਾਂ ਦੀ ਮਦਦ ਕਰਨ ਦੇ ਕਾਰਨ ਹੋਈ ਸੀ, ਇਸ ਲਈ ਹਿੰਦੂ ਰਾਜਿਆਂ ਨੂੰ ਚਾਹੀਦਾ ਸੀ ਕਿ ਗੁਰੂ ਸਾਹਿਬ ਲਈ ਸਿਰ ਤੱਲੀ ਤੇ ਰਖਕੇ ਨਿਕਲਦੇ, ਪਰ ਓਹਨਾਂ ਨੇ ਉਲਟੀ ਸ਼ਾਹੀ ਫੋਜ ਦੀ ਮਦਦ ਕੀਤੀ। ਤੀਹ ਦਿਨ ਕਟਕਾਂ ਦੀ ਲੜਾਈ ਹੋਈ, ਪੈਂਦੇ ਖ਼ਾਂ ਗੁਰੂ ਸਾਹਿਬ ਦਾ ਤੀਰ ਕੰਨ ਵਿਚ ਲੱਗਣ ਕਰਕੇ ਮਰ ਗਿਆ, ਰਾਜਾ ਕੇਸਰੀ ਚੰਦ ਲੜਾਈ ਦੇ ਮੈਦਾਨ ਵਿਚ ਕੰਮ ਆਇਆ, ਸ਼ਾਹੀ ਫੌਜ ਉਠ ਨੱਸੀ, ਸਿਖਾਂ ਨੇ ਰੋਹਤਕ ਤਕ ਪਿੱਛਾ ਕੀਤਾ।

ਭੀਮ ਚੰਦ ਨੇ ਸ਼ਰਮਿੰਦਗੀ ਦੇ ਮਾਰੇ ਤੀਹ ਹਜ਼ਾਰ ਰੁਪਯਾ ਰੋਕ ਤੇ ਅਪਨੀ ਕੁਲ ਵਿਚੋਂ ਇਕ ਲੜਕੀ ਦਾ ਸਾਕ ਦਣ ਦਾ ਇਕਰਾਰ ਕਰਕੇ ਸਰਹੰਦ ਦੇ ਸੂਬੇ ਵਜ਼ੀਰਖ਼ਾਂ ਨੂੰ ਗੁਰੂ ਸਾਹਿਬ ਤੇ ਹੱਲਾ ਕਰਨ ਲਈ ਖੜਾ ਕੀਤਾ, ਸੂਬਾ ਸਰਹੰਦ ਦੀ ਮਦਦ ਲਈ ਦਿੱਲੀਓਂ ਅਮੀਰ ਖ਼ਾਂ, ਨਜਾਬਤ ਖ਼ਾਂ ਤੇ ਵਹੀਦ ਖ਼ਾਂ ਦਸ ਹਜ਼ਾਰ ਜਵਾਨ'ਲੈਕੇ ਆ ਪੁਜੇ। ੧੭ ਮਘਰ ਸੰਮਤ ੧੭੫੮ ਨੂੰ ਕੀਰਤ ਪੁਰ ਲੜਾਈ ਹੋਈ, ਹਰੀ ਚੰਦ

ਜਸਵਾਲੀਆ ਮਾਰਿਆ ਗਿਆ, ਅਜਮੇਰ ਚੰਦ ਨੂੰ ਕਾਰੀ ਜ਼ਖ਼ਮ ਲਗੇ, ਸ਼ਾਹੀ ਫੌਜ ਹਾਰ ਗਈ,ਇਸਤਰਾਂ ਹਾਰ ਤੇ ਹਾਰ ਹੋਣ ਦੀ ਖਬਰ ਸੁਣਕੇ ਔਰੰਗਜ਼ੇਬ ਨੇ ਖਿਝਕੇ ਵਧ ਤੋਂ ਵਧ ਫੌਜ ਭੇਜਕੇ ਜੰਗ ਦੀ ਨਾਂ ਮੁਕਣ ਵ੍ਹਾਲੀ ਲੜੀ ਬੰਨ੍ਹ ਦਿਤੀ।

ਮਤਲਬ ਦੀ ਗੱਲ

ਔਰੰਗਜ਼ੇਬ ਦਾ ਸਭਤੋਂ ਵੱਡਾ ਪੁੱਤਰ ਬਹਾਦਰ ਸ਼ਾਹ ਸੀ, ਕਾਨੂੰਨ ਤੇ ਰਵਾਜ ਮੂਜਬ ਤਖ਼ਤ ਤਾਜ ਦਾ ਮਾਲਕ ਏਹੋ ਸੀ, ਬਦਕਿਸਮਤੀ ਨਾਲ ਔਰੰਗ ਜ਼ੇਬ ਦੇ ਅੰਤਲੇ ਦਿਨਾਂ ਵਿਚ ਓਹ ਕਾਬਲ ਗਿਆ ਹੋਇਆ ਸੀ, ਓਹਦੇ ਮਗਰੋਂ ਹੀ ਔਰੰਗ-ਜ਼ੇਬ ਮਰ ਗਿਆ, ਬਾਹਦਰ ਸ਼ਾਹ ਤੋਂ ਬਿਨਾਂ ਔਰੰਗਜ਼ੇਬ ਦੇ ਦੋ ਪੁੱਤਰ ਹੋਰ ਸਨ, ਇਕ ਦਾ ਨਾਂ ਆਜ਼ਮ ਸ਼ਾਹ ਤੇ ਦੂਜੇ ਦਾ ਕਾਮ ਬਖ਼ਸ਼ ਸੀ, ਆਜ਼ਮ ਸ਼ਾਹ ਨੇ ਬਹਾਦਰ ਸ਼ਾਹ ਦੇ ਨਾਂ ਹੋਣ ਤੋਂ ਲਾਭ ਉਠਾਇਆ, ਤਖ਼ਤ ਤੇ ਕਬਜ਼ਾ ਕਰਕੇ ਤਾਜ ਦਾ ਮਾਲਕ ਬਣ ਗਿਆ।

ਬਹਾਦਰ ਸ਼ਾਹ ਪਿਤਾ ਦੇ ਮਰਨ ਦੀ ਖਬਰ ਸੁਣਕੇ ਮੁੜ ਆਇਆ, ਛੋਟੇ ਭਰਾ ਨੂੰ ਤਖ਼ਤ ਤੇ ਬੈਠਾ ਵੇਖਕੇ ਘਬਰਾਇਆ, ਚਕਰਾਇਆ ਤੇ ਪਿੱਟਿਆ, ਤਖ਼ਤ ਲੈਣਲਈ ਬਥੇਰੇ ਹਥ ਪੈਰ ਮਾਰੇ, ਮਿੰਨਤ ਤਰਲਾ ਕੀਤਾ, ਘਰੋਗੀ ਲੜਾਈ ਦੇ ਨੁਕਸਾਨ ਦਸੇ, ਅਪਨੇ ਹੱਕ ਜਤਾਏ ਤੇ ਦਬਾ ਭੀ ਪਾਇਆ, ਪਰ ਬਿਅਰਥ, ਆਜ਼ਮ ਸ਼ਾਹ ਨੇ ਇਕ ਨਾਂ ਸੁਣੀ ਤੇ ਇਕ ਨਾਂ ਮੰਨੀ।

ਅਜਹੀ ਹਾਲਤ ਵਿਚ ਬਹਾਦਰ ਸ਼ਾਹ ਤਖ਼ਤ ਲੈਣਾ ਚਾਹੇ ਤਾਂ ਉਸਨੂੰ ਤਲਵਾਰ ਮਿਆਨੋਂ ਕਢਨੀ ਚਾਹੀਦੀ ਸੀ,

ਪਰ ਓਹ ਇਸ ਵੇਲੇ ਆਪ ਹੀ 'ਬਾਜ਼ ਸੀ' ਬੇ-ਪਰ ਚੁਗਿਰਦੇ ਨਿਗਾਹ ਮਾਰੀ, ਕੋਈਸਾਥੀ ਤੇ ਮਦਤੀ ਨਾਂ ਦਿਸਿਆ, ਜਿਥੋਂ ਮਦਦ ਮੰਗੀ ਨਰਾਸ ਹੋਕੇ ਮੁੜਿਆ, ਸਭ ਪਾਸਿਓਂ ਮਾਯੂਸ ਹੋਕੇ ਓੜਕ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਸ਼ਰਨ ਆਇਆ, ਤੇ ਹਿੰਦੂ ਵਕੀਲ ਭੇਜਕੇ ਅਪਨੇ ਆਪ ਨੂੰ ਦੁਖੀ ਤੇ ਬਲਾ ਵਿਚ ਫਸਿਆ ਦਸਕੇ ਸਹਾਇਤਾ ਚਾਹੀ।

ਰਾਜਧਾਨੀ ਦਿੱਲੀ ਜੋ ਕਲ ਤਕ ਸਿਖਾਂ ਦੀ ਵੈਰੀ ਬਣੀ ਹੋਈ ਸੀ, ਜਿਸ ਦੀਆਂ ਫੌਜਾਂ ਸਮੁੰਦਰ ਵਾਂਗ ਠਾਠਾਂ ਮਾਰ ਮਾਰਕੇ ਆਉਂਦੀਆਂ ਤੇ ਸਿੱਖੀ ਦੇ ਅਹਿੱਲ ਤੇ ਅਚੱਲ ਪਹਾੜ ਨਾਲ ਟੱਕਰ ਮਾਰਕੇ ਮੁੜ ਜਾਂਦੀਆਂ ਸਨ ਤੇ ਓਹ ਰਾਜਧਾਨੀ ਦਿੱਲੀ ਜੋ ਕਲ ਤਕ ਸਿੱਖਾਂ ਦੀ ਜਾਨੀ ਦੁਸ਼ਮਨ ਬਣੀ ਹੋਈ ਸੀ, ਅਜ ਉਸਦਾ ਇਕ ਸ਼ਹਜ਼ਾਦਾ ਅਪਨੇ ਹੱਕ ਦਵਾਏ ਜਾਣ, ਜਾਨ ਦੀ ਰਾਖੀ ਚਾਹਣ ਤੇ ਨਯਾਂ ਕਰਾਣ ਲਈ ਗੁਰੂ ਸਾਹਿਬ ਦੇ ਚਰਨਾਂ ਵਿਚ ਹਾਜਰ ਹੁੰਦਾ ਹੈ, ਗੁਰੂ ਸਾਹਿਬ ਦੀ ਦਰਯਾ ਦਿਲੀ, ਨਿਰਵੈਰਤਾ, ਸਾਫ ਦਿਲੀ ਦੇਖੋ ਕਿ ਰਾਜ-ਧਾਨੀ ਵਲੋਂ ਕੀਤੇ ਸਾਰੇ ਵਰਤਾਵੇ ਭੁਲ ਜਾਂਦੇ ਹਨ, ਬਹਾਦਰ ਸ਼ਾਹ ਨੂੰ ਹੱਕ ਤੇ ਸਚਾਈ ਤੇ ਵੇਖਕੇ ਉਸਦੀ ਮਦਦ ਕਰਨ ਦਾ ਇਕਰਾਰ ਕਰਦੇਹਨ। ਕਾਮ ਬਖਸ਼ ਦੇ ਨਾਲ ਲੜਾਈ ਹੋਈ, ਗੁਰੂ ਸਾਹਿਬ ੫੦੦ ਸਵਾਰ ਲੈਕੇ ਬਹਾਦਰ ਸ਼ਾਹ ਦੀ ਮਦਦ ਲਈ ਮੈਦਾਨ ਵਿਚ ਨਿਕਲੇ, ਪਹਿਲੇ ਹੀ ਤੀਰ ਨਾਲ ਕਾਮ ਬਖਸ਼ ਦਾ ਕੰਮ ਤਮਾਮ ਹੋਗਿਆ, ਬਹਾਦਰ ਸ਼ਾਹ ਤਖ਼ਤ ਤੇ ਬੈਠਾ*।"

*ਸੰਨ ੧੭੦੭ ਈਸਵੀ ਵਿਚ ਔਰੰਗਜ਼ੇਬ ਮਰ

ਮੇਰੇ ਇਸ ਸੰਖੇਪ ਕਥਨ ਤੋਂ ਖ਼ਾਲਸਾ ਜੀ ਦੀ ਸ਼ਾਨ ਦਾ ਆਪਨੂੰ ਪਤਾ ਲਗ ਗਿਆ ਹੋਵੇਗਾ ਤੇ ਤੁਹਾਨੂੰ ਨਿਸ਼ਚਾ ਹੋਗਿਆ ਹੋਵੇਗਾ ਕਿ ਖ਼ਾਲਸਾ 'ਰਬ' ਤੇ ਉਸਦੇ 'ਮਜ਼ਹਬ' ਦਾ ਪੈਰੋ ਹੈ, ਉਸਨੂੰ ਇਸ ਗੱਲ ਨਾਲ ਕੋਈ ਮਤਲਬ ਨਹੀਂ ਕਿ ਮੁਲਕ ਦਾ ਹਾਕਮ 'ੳ' ਹੋਵੇ ਜਾਂ 'ਅ' ਤੇ 'ੲ' ਹੋਵੇ ਜਾਂ 'ਸ' ਓਹ ਚਾਹੁੰਦਾ ਹੈ ਤੇ ਕੇਵਲ ਇਹ ਚਾਹੁੰਦਾ ਹੈ ਕਿ ਜੇਹੜਾ ਭੀ ਹਾਕਮ ਹੋਵੇ, ਇਨਸਾਫ਼ ਕਰਨ ਵਾਲਾ ਹੋਵੇ, ਧਿੰਗੋ ਜ਼ੋਰੀ ਤੇ ਬੇਇਨਸਾਫ਼ੀ ਤੋਂ ਦੂਰ ਰਹੇ, ਹਰਇਕ ਦੇ ਯੋਗ ਹੱਕਾਂ ਦਾ ਖਿਆਲ ਰਖੇ, ਨਸਲੀ ਫਰਕ ਤੇ ਮਜ਼ਹਬੀ ਤਅਸਬ ਨਾਲ ਸਚਾਈ ਦਾ ਖ਼ੂਨ ਨਾਂ ਕਰੇ, ਲੋਕਾਂ ਦੇ ਹੱਕ ਹਕੂਕ ਨਾਂ ਮਾਰੇ ਜਾਨ, ਰਬ ਦੇ ਬੰਦਿਆਂ ਦੇ ਮਜ਼ਹਬੀ ਜਜ਼ਬੇ ਨਾਂ ਕੁਚਲੇ

ਗਿਆ, ਉਸਦਾ ਵੱਡਾ ਪੁੱਤਰ ਬਹਾਦਰ ਸ਼ਾਹ ਤਖ਼ਤ ਲੈਣ ਲਈ ਕਾਬਲ ਤੋਂ ਤੁਰ ਪਿਆ, ਆਗਰੇ ਦੇ ਕੋਲ ਓਹਨਾਂ ਨੇ ਇਕ ਭਰਾ ਨੂੰ ਹਾਰ ਦੇਕੇ ਮਾਰ ਸੁਟਿਆ, ਫੇਰ ਦੱਖਣਵਲ ਜਾਕੇ ਦੂਸਰੇ ਭਰਾ ਕਾਮ ਬਖਸ਼ ਨੂੰ ਜਿੱਤਿਆ, ਕਾਮ ਬਖਸ਼ ਸਖ਼ਤ ਫੱਟੜ ਹੋਇਆ ਤੇ ਓਹਨਾਂ ਫੱਟਾਂ ਨਾਲ ਹੀ ਮਰਗਿਆ।

ਜਿਸ ਸਮੇਂ ਬਹਾਦਰ ਸ਼ਾਹ ਇਸ ਲੜਾਈ ਵਿਚ ਫਸਿਆ ਹੋਇਆ ਸੀ ਉਸ ਸਮੇਂ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਅਪਨੀ ਮਦਦ ਲਈ ਸਦਿਆ ਸੀ, ਗੁਰੂ ਸਾਹਿਬ ਓਥੇ ਗਏ, ਬਹਾਦਰ ਸ਼ਾਹ ਨੇ ਬੜੀ ਇੱਜ਼ਤ ਤੇ ਸਤਿਕਾਰ ਕੀਤਾ ਤੇ ਬੜੀ ਖ਼ਾਤਰ ਨਾਲ ਪੇਸ਼ ਆਇਆ ਤੇ ਇਸ ਜੰਗ ਦਾ 'ਕਮਾਂਡਰ-ਇਨਚੀਫ ਬਨਾਇਆ। (ਕਨਿੰਘਮ)

ਜਾਣ, ਰੱਬ ਦੇ ਬੰਦਿਆਂ ਦੀ ਵਯਕਤੀ ਗਤ ਤੇ ਸਮੁਚੀ ਆਜ਼ਾਦੀ ਬਣੀ ਰਹੇ, ਸੋ ਮੇਰੇ ਖ਼ਿਆਲ ਵਿਚ ਨਰਾਸ ਹੋਣ ਦੀ ਕੋਈ ਗਲ ਨਹੀਂ, ਮਿਸਜ਼ ਸਿਮਰੂ ਤੇ ਸ੍ਰਦਾਰ ਬਘੇਲ ਸਿੰਘ ਦੀ ਸਾਂਝ ਬੜੀ ਪੱਕੀ ਹੈ, ਓਹ ਇਕ ਦੂਜੇ ਨੂੰ ਭੈਣ ਭਰਾ ਸੱਦਦੇ ਹਨ, ਹੁਣ ਇਸ ਔਖੇ ਵੇਲੇ ਮਿਸਜ਼ ਸਿਮਰੂ ਦੀ ਸਿਆਣਪ ਕੰਮ ਕਢ ਲਏ ਤਾਂ ਕੋਈ ਹੈਰਾਨੀ ਦੀ ਗਲ ਨਹੀਂ।

ਇਹ ਗਲ ਸੁਣਦਿਆਂ ਹੀ ਬਾਦਸ਼ਾਹ ਤੇ ਵਜ਼ੀਰ ਨੂੰ ਨਿਰਾਸਤਾ ਦੇ ਡੂੰਘੇ ਹਨੇਰੇ ਵਿਚ ਇਕ ਨਿਕੀ ਜਹੀ ਆਸ ਦੀ ਝਲਕ ਦਿਸੀ। ਬਾਦਸ਼ਾਹ ਨੇ ਸਿਰ ਚੁਕਿਆ ਤੇ ਵਜ਼ੀਰ ਨੂੰ ਸਿਮਰੂ ਬਗਮ ਪਾਸ ਜਾਕੇ ਨਾਲ ਲਿਆਉਣਲਈ ਆਖਿਆ, ਵਜ਼ੀਰ ਗਿਆ ਤੇ ਸਿਮਰੂ ਬੇਗਮ ਨੂੰ ਨਾਲ ਲਿਆਇਆ। ਬਾਦਸ਼ਾਹ ਨੇ ਆਪਣਾ ਸਾਰਾ ਦੁਖ ਸੁਣਿਆ ਤੇ ਕਿਹਾ ਕਿ ਤੁਸੀਂ ਤੇ ਸ੍ਰ: ਬਘੇਲ ਸਿੰਘ ਨੇ ਇਕ ਦੂਜੇ ਨੂੰ ਭਰਾ ਤੇ ਭੈਣ ਕਿਹਾ ਹੋਇਆ ਹੈ, ਅਸੀਂ ਅਪਨੇ ਇਕਰਾਰ ਭੰਗ ਕਰਕੇ ਤੇ ਹਸਾਨ ਭੁਲਾਨ ਨਾਲ ਕਿਸੇ ਥਾਂ ਜੋਗੇ ਨਹੀਂ ਰਹੇ, ਸਾਡਾ ਅਪਨਾ ਦਿਲ ਸਾਨੂੰ ਅਪਨੀ ਕਰਨੀ ਤੇ ਫਿਟਕਾਰਦਾ ਹੈ ਤੇ ਅਪਨੇ ਕਰਮ ਤੋਂ ਅਸੀਂ ਬੜੇ ਸ਼ਰਮਿੰਦੇ ਤੇ ਪਸ਼ੇਮਾਨ ਹਾਂ।

ਹੁਣ ਇਸ ਵੇਲੇ ਤੁਹਾਥੋਂ ਬਿਨਾਂ ਕੋਈ ਅਜਿਹਾ ਨਹੀਂ ਦਿਸਦਾ ਜੋ ਵਿਗੜੀ ਨੂੰ ਸਵਾਰੇ, ਇਸ ਲਈ ਤੁਸੀਂ ਸਰਦਾਰ ਬਘੇਲ ਸਿੰਘ ਦੇ ਕੋਲ ਜਾਓ ਤੇ ਕੋਈ ਅਜਿਹਾ ਰਸਤਾ ਕਢੋ ਕਿ ਦਿੱਲੀ ਦਾ ਤਖ਼ਤ ਮੁੜਕੇ ਮਿਲ ਜਾਏ।

ਸਿੰਮਰੂ ਬੇਗਮ— ਇਸ ਵਿਚ ਕੋਈ ਸੰਦੇਹ ਨਹੀਂ

ਕਿ ਸਰਦਾਰ ਬਘੇਲ ਸਿੰਘ ਤੇ ਮੈਂ ਇਕ ਦੂਜੇ ਨੂੰ ਭੈਣ ਭਰਾ ਕਹਿਆ ਹੋਇਆ ਹੈ,ਪਰ ਏਹ ਸਾਕ ਬਨਾਣ ਵਿਚ ਓਹ ਮੇਰੇ ਹਸਾਨਵੰਦ ਨਹੀਂ ਹਨ, ਸਗੋਂ ਓਹਨਾਂ ਦੀਆਂ ਹੱਦੋਂ ਵੱਧ ਮੇਹਰਬਾਨੀਆਂ ਦੇ ਭਾਰ ਨਾਲ ਮੈਂ ਲੱਦੀ ਹੋਈ ਹਾਂ, ਓਹਨਾਂ ਨੇ ਅਪਨੀ ਹਿੰਮਤ, ਸਚਾਈ ਤੇ ਮੇਹਰਬਾਨੀ ਨਾਲ ਮੈਨੂੰ ਅਪਨਾ ਧੰਨਵਾਦੀ ਕਰ ਰਖਿਆ ਹੈ, ਮੇਰੇ ਵਲੋਂ ਅਜ ਤਕ ਓਹਨਾਂਨਾਲ ਕੋਈ ਅਜਿਹਾ ਸਲੂਕ ਨਹੀਂ ਹੋਇਆ ਜੋ ਮੈਂਚੇਤੇ ਕਰਾਕੇ ਕਿਸੇ ਗਲ ਦੇ ਮਨਾਉਣ ਜਾਂ ਕੋਈ ਕੰਮ ਕਰਾਣਲਈ ਜ਼ੋਰ ਪਾ ਸਕਾਂ, ਸਾਨੂੰ ਸ੍ਰਦਾਰ ਬਘੇਲ ਸਿੰਘ ਦੀ ਸੇਵਾ ਵਿਚ ਹਾਜ਼ਰ ਹੋਣਾ ਚਾਹੀਦਾ ਹੈ, ਹੋ ਸਕਦਾ ਹੈ ਕਿ ਓਹ ਸਾਡੀ ਬੇਨਤੀ ਮੰਨ ਲੈਣ।

ਵਡੇ ਵਡੇ ਅਮੀਰਾਂ ਤੇ ਵਜੀਰਾਂ ਨੂੰ ਨਾਲ ਲੈਕੇ ਸਿਮਰੂ ਬੇਗਮ ਸ੍ਰਦਾਰ ਬਘੇਲ ਸਿੰਘ ਦੀ ਸੇਵਾ ਵਿਚ ਹਾਜ਼ਰ ਹੋਈ ਤੇ ਗਲੇ ਵਿਚ ਕੱਪੜਾ ਪਾਕੇ ਕੈਹਣ ਲਗੀ ਕਿ ਅਸੀਂ ਆਪ ਪਾਸੋਂ ਇਕ ਦਾਨ 'ਭਿਖਿਆ' ਮੰਗਣ ਆਏ ਹਾਂ।

ਸ੍ਰ: ਬਘੇਲ ਸਿੰਘ— ਹੁਕਮ ਕਰੋ।

ਸਿਮਰੂ ਬੇਗਮ— ਦਿੱਲੀ ਦੇ ਹਾਕਮਾਂ ਨੇ ਜੋ ਸਲੂਕ ਆਪਦੇ ਨਾਲ ਕੀਤਾ ਹੈ ਓਹ ਬੜਾ ਅਯੋਗ, ਘ੍ਰਿਣਾ ਪੂਰਤ, ਆਦਮੀਯਤ ਤੇ ਅਕਲ ਦੇ ਵਿਰੁਧ ਹੈ, ਮੁਸੀਬਤ ਵਿਚ ਫਸਣ ਤੇ ਇਕ ਸ਼ਰੀਫ ਆਦਮੀ ਨੂੰ ਮਦਦ" ਲਈ ਸਦਿਆ ਜਾਵੇ, ਉਸਦੀ ਕ੍ਰਿਪਾ ਨਾਲ ਦੁਖ ਤੋਂ ਛੁਟਕਾਰਾ ਮਿਲੇ ਤੇ ਫੇਰ ਜਦਕਿ ਓਹ ਮਦਦ ਕਰਨ ਘਰ

ਆਇਆ ਹੋਇਆ ਹੋਵੇ, ਓਹਦੇਨਾਲ ਲੜਾਈ ਕੀਤੀ ਜਾਵੇ, ਏਹ ਇਸਤਰਾਂ ਦਾ ਕਮੀਨਾ ਕੰਮ ਹੈ ਕਿ ਜਿਸਦੇ ਨਾਲ ਦਾ ਜਹਾਨ ਦੀ ਤਾਰੀਖ਼ ਤੇ ਮਿਲਨਾ ਕਠਨ ਹੈ। ਦਿੱਲੀ ਦਰਬਾਰ ਦਾ ਤੁਹਾਡੇ ਨਾਲ ਕੀਤਾ ਹੋਇਆ ਵਰਤਾਰਾ ਇਸ ਗਲ ਦੀ ਆਗਜਾ ਨਹੀਂ ਦੇਂਦਾ ਕਿ ਦਿੱਲੀ ਦਰਬਾਰ ਦੀ ਹਮਾਇਤ ਵਿਚ ਇਕ ਅੱਖਰ ਜ਼ਬਾਨੋਂ ਕਢਿਆ ਜਾਵੇ, ਏਹਨਾਂ ਦੇ ਇਸ ਕੰਮ ਤੋਂ ਸ਼ਰਮ ਦੇ ਮਾਰੇ ਅਸੀਂ ਪਾਣੀ ਪਾਣੀ ਹੋਗਏ ਹਾਂ, ਪਰ ਖ਼ਾਲਸਾ ਜੀ ਦੀ ਅਦੁਤੀ ਦਰਯਾ ਦਿਲੀ, ਨਿਰਵੈਰਤਾ, ਮਨੁਖੀ ਅਕਲ ਤੋਂ ਉੱਚੀ ਸ਼ਾਨ, ਸ੍ਰੇਸ਼ਟਗੁਣ ਤੇ ਜਗਤ ਵਿਖਯਾਤ ਬਖ਼ਸ਼ਸ਼, ਹੌਸਲਾ ਤੇ ਮੇਹਰਬਾਨੀ ਤੇ ਆਪਦਾ 'ਜੋ ਸਰਨਿ ਆਵੈ ਤਿਸੁ ਕੰਠ ਲਾਵੈ' ਦਾ ਸੁਨੈਹਰੀ ਅਸੂਲ, ਹੌਸਲਾ ਵਧਾਉਂਦਾ ਹੈ ਕਿ ਕੁਝ ਬੇਨਤੀ ਕਰਾਂ।

ਦਿੱਲੀ ਦੇ ਬਾਦਸ਼ਾਹ ਵਲੋਂ ਅਸੀਂ ਵਿਚੋਲੇ ਹੋਕੇ ਆਪ ਦੀ ਸੇਵਾ ਵਿਚ ਹਾਜਰ ਹੋਏ ਹਾਂ, ਏਹ ਉਸਦੇ ਅਮੀਰ ਤੇ ਵਜ਼ੀਰ ਆਪਦੇ ਚਰਨਾਂ ਵਿਚ ਖੜੇ ਹਨ, ਜੋ ਅਪਨੀ ਕੀਤੀ ਅਨੀਤੀ, ਕੁਰੀਤੀ ਅਤੇ ਜ਼ੁਲਮ ਦੇ ਕਾਰਨ ਬੜੇ ਸ਼ਰਮਿੰਦੇ ਹਨ, ਰੱਬ ਦੇ ਵਾਸਤੇ ਏਹਨਾਂ ਦੇ ਅਯੋਗ ਕੰਮਾਂ ਨੂੰ ਅਪਨੀ ਮੇਹਰ ਨਾਲ ਕੱਜ ਲੌ, ਗੁਰੂ ਦੇ ਵਾਸਤੇ ਇਹਨਾਂ ਦੇ ਹਾਲ ਤੇ ਰੈਹਮ ਕਰੋ, ਇਸ ਅਨਾਥ ਤੇ ਨਾਮ ਧਰੀਕ ਬਾਦਸ਼ਾਹ ਨੂੰ ਨਵੇਂ ਸਿਰੇ ਅਪਨੇ ਵਲੋਂ ਦਿੱਲੀ ਦਾ ਤਖ਼ਤ ਤੇ ਤਾਜ ਬਖਸ਼ ਦਿਓ, ਆਪ ਦਾ ਇਹ ਦਾਨ ਮਨੁਖੀ ਇਤਹਾਸ ਵਿਚ ਅਦੁਤੀ ਵਾਕਿਆ ਹੋਵੇਗਾ, ਸਲੵਤਨਤ ਦਾ ਦਾਨ ਖ਼ਾਲਸਾ ਜੀ ਦੇ ਬੇਨਜ਼ੀਰ ਤਿਆਗ ਅਤੇ ਗ਼ਰੀਬ ਪ੍ਰਵਰੀ ਦੀ ਇਕ ਬੇ-

ਨਜ਼ੀਰ ਮਿਸਾਲ ਹੋਵੇਗੀ, ਆਪ ਇਸ ਤਖ਼ਤ ਨੂੰ ਦੇਕੇ ਖਾਲਸਾ ਜੀ ਨੂੰ ਅਸਲੀ ਸ਼ਾਨ ਦੇ ਨਾਲ ਜਹਾਨ ਵਿਚ ਉੱਘਾ ਕਰੋਗੇ ਕਿ ਜਿਸ ਸ਼ਾਨ ਨਾਲ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖ਼ਾਲਸੇ ਨੂੰ ਬਨਾਇਆ ਹੈ।

ਸ੍ਰਦਾਰ ਬਘੇਲ ਸਿੰਘ ਤੇ ਹੋਰਨਾਂ ਮਿਸਲਾਂ ਦੇ ਸ੍ਰਦਾਰਾਂ ਨੇ ਕੁਛ ਮਿੰਟ ਆਪਸ ਵਿਚ ਸਲਾਹ ਕੀਤੀ, ਤੇ ਸ੍ਰ: ਬਘੇਲ ਸਿੰਘ ਨੇ ਸਿਮਰੂ ਬੇਗਮ ਤੇ ਓਹਦੇ ਸਾਥੀਆਂ ਨੂੰ ਬੁਲਾਕੇ ਕਹਿਆ:—

ਅਸੀਂ ਆਪਨੂੰ ਦੁਖੀ ਦੀਨ ਤੇ ਹੀਨ ਸਮਝਕੇ, ਤੇ ਅਨਾਥ ਜਾਣਕੇ ਅਕਾਲ ਤਖ਼ਤ ਦੇ ਸਾਹਮਣੇ ਮਦਦ ਕਰਨ ਦਾ ਇਕਰਾਰ ਕੀਤਾ ਸੀ, ਤੇ ਓਥੋਂ ਚਲਣ ਸਮੇਂ ਅਰਦਾਸ ਕਰਕੇ ਵਾਹਿਗੁਰੂ ਅਗੇ ਪ੍ਰਾਰਥਨਾ ਕੀਤੀ ਸੀ ਕਿ ਹੇ ਦੀਨ ਦੁਨੀਆਂ ਦੇ ਜਹਾਨ ਦੇ ਮਾਲਕ! ਸਾਨੂੰ ਬਲ ਬਖਸ਼ ਕਿ ਦਿੱਲੀ ਦੇ ਦੁਖੀਆ ਤੇ ਵਿਪਤ ਗਰਸਤ ਬਾਦਸ਼ਾਹ ਨੂੰ ਉਸਦੇ ਪਿਤਾ ਵਾਲਾ ਤਾਜ ਤਖ਼ਤ ਅਸੀਂ ਮੁੜਕੇ ਦਵਾਣ ਵਿਚ ਕਾਮਯਾਬ ਹੋ ਸਕੀਏ।

ਭਾਵੇਂ ਤੁਸੀਂ ਜੋ ਕੁਛ ਵਰਤਾਰਾ ਕੀਤਾ ਹੈ, ਓਹ ਕਿਸੇ ਭਲੇ ਮਾਨਸ ਆਦਮੀ ਦੀ ਸ਼ਾਨ ਦੇ ਯੋਗ ਨਹੀਂ ਸੀ ਤੇ ਨਾਂ ਹੀ ਕਿਸੇ ਅਕਲ ਤੇ ਹੋਸ਼ ਵਾਲੇ ਤੋਂ ਇਸਦੀ ਆਸ ਹੋ ਸਕਦੀ ਹੈ, ਤਾਂ ਭੀ ਖ਼ਾਲਸਾ ਜੀ ਨੇ ਆਪ ਦੀ ਇਸ ਬੇਵਫਾਈ ਵਲ ਨਾਂ ਵੇਖਦੇ ਹੋਏ ਦਿੱਲੀ ਦਾ ਤਖ਼ਤ ਆਪਨੂੰ ਬਖਸ਼ ਦਿੱਤਾ ਹੈ* ਆਪ

*ਕੁਛ ਥੋੜ ਦਿਲੇ, ਬੇਸਮਝ ਤੇ ਬੇਅਕਲ ਲੇਖਕਾਂ ਨੇ ਇਹ ਮੰਨਦਿਆਂ ਹੋਇਆਂ ਕਿ ਖ਼ਾਲਸਾ ਜੀ ਨੇ ਦਿੱਲੀ

ਜਾਕੇ ਰਾਜ ਕਰੋ ਤੇ ਤਖ਼ਤ ਸੰਭਾਲੋ, ਸਾਡੇ ਵਲੋਂ ਹੁਣ ਕੋਈ

☛ ਜਿੱਤਕੇ ਸਿਮਰੂ ਬੇਗਮ ਤੇ ਅਮੀਰਾਂ ਵਜ਼ੀਰਾਂ ਦੇ ਕੈਹਣ ਤੇ ਤਖ਼ਤ ਸ਼ਾਹ ਆਲਮ ਸਾਨੀ ਨੂੰ ਮੋੜ ਦਿਤਾ, ਫੇਰ ਅਪਨੀ ਭੈੜੀ ਨੀਯਤ ਨੂੰ ਪ੍ਰਗਟ ਕਰਨ ਲਈ ਦਿਲ ਦੀ ਭੜਾਸ ਕਢਦੇ ਹੋਏ ਲਿਖਿਆ ਹੈ ਕਿਃ–

'ਕਿਉਂਕਿ ਇਕਤੋਂ ਵਧੀਕ ਮਿਸਲਾਂ ਨੇ ਇਕੱਠੇ ਹੋਕੇ ਦਿੱਲੀ ਜਿੱਤੀ ਸੀ ਤੇ ਓਹਨਾਂ ਦੀ ਆਪਸ ਵਿਚ ਅਣਬਣ ਸੀ ਇਸ ਲਈ ਏਹ ਯੋਗ ਜਾਣਿਆ ਗਿਆ ਕਿ ਤਖ਼ਤ ਸ਼ਾਹ ਆਲਮ ਸਾਨੀ ਨੂੰ ਦੇ ਦਿੱਤਾ ਜਾਵੇ ।'

ਪਾਠਕੋ! ਜਰਾ ਸੋਚੋ ਕਿ ਇਕਪਾਸੇ ਤਾਂ ਇਤਹਾਸ ਲਿਖਾਰੀ (ਜੋ ਅਸਲ ਵਿਚ ਅਪਨੇ ਨਾਂ ਨਾਲ 'ਇਤਹਾਸ ਵੇਤਾ' ਸ਼ਬਦ ਵਰਤਕੇ ਇਤਹਾਸਵੇਤਾ ਸ਼ਬਦ ਦੀ ਹਤਕ ਕਰਨ ਵਾਲੇ ਹਨ) ਦਸਦੇ ਹਨ ਕਿ ਇਹ ਸਿਖ ਇਕ ਖ਼ਿਆਲ ਲੈਕੇ ਘਰੋਂ ਨਿਕਲੇ, ਇਕ ਮਕਸਦ ਲਈ ਇਕ ਝੰਡੇ ਹੇਠ ਇਕਠੇ ਹੋਏ, ਇਕ ਮੁਦਾ ਲਈ ਦੇਸੋਂ ਪ੍ਰਦੇਸ ਟੁਰੇ, ਇਕ ਗ਼ਰਜ਼ ਵਾਸਤੇ ਸਫਰ ਦੀਆਂ ਦਿੱਕਤਾਂ ਤੇ ਖੇਚਲਾਂ ਸਹੀਆਂ ਤੇ ਓਹਨਾਂ ਨੇ ਇਕ ਅਵਾਜ਼ ਤੇ ਤਲਵਾਰਾਂ ਮਿਆਨਾਂ ਵਿਚੋਂ ਕਢਕੇ ਅਪਨੀਆਂ ਜਾਨਾਂ ਲੜਾ ਦਿਤੀਆਂ ਤੇ ਦੂਜੇ ਪਾਸੇ ਦਸਿਆ ਜਾਂਦਾ ਹੈ ਕਿ ਓਹਨਾਂ ਵਿਚ ਬੇਇਤਫਾਕੀ ਅਤੇ ਬੇਵਸਾਹੀ ਸੀ, ਹੁਣ ਤੁਸੀਂ ਆਪ ਹੀ ਸਮਝ ਲੌ ਕਿ ਇਹਨਾਂ ਦੋਹਾਂ ਵਿਚੋਂ ਕੇਹੜੀ ਗਲ ਸੱਚੀ ਹੋ ਸਕਦੀ ਹੈ, ਕੀ ਇਕ ਖ਼ਿਆਲ ਲੈਕੇ ਘਰੋਂ ਬੇਘਰ ਹੋ ਕਿਸੇ ਇਕ ਮਤਲਬਲਈ ਜਾਨਾਂ ਵਾਰ ਦੇਣੀਆਂ ਫੁਟ ਦਾ ਕਾਰਨ ☛

ਰੋਕ ਨਹੀਂ ਹੋਵੇਗੀ, ਪਰ ਆਪਨੂੰ ਮਲੂਮ ਹੋਵੇਗਾ ਕਿ ਇਸ਼

ਹੈ ਕਿ ਏਕੇ ਅਤੇ ਭਰੋਸੇ ਦਾ? ਅਜਹੇ ਲਿਖਾਰੀਆਂ ਦੇ ਵਾਸਤੇ ਹੀ ਤਾਂ ਕਿਸੇ ਕਵੀ ਨੇ ਆਖਿਆਹੈਃ—

ਪਥਰ ਪੈਗਏ ਅਕਲ ਤੁਹਾਡੜੀ ਤੇ,
ਤੁਸਾਂ ਸਮਝਿਆ ਤਾਂ ਕੀ ਸਮਝਿਆ ਹੈ?

ਫੇਰ ਸੋਚੋ ਕਿ ਕੀ ਇਸਤੋਂ ਪੈਹਲੇ ਕਦੀ ਕਿਸੇ ਹੱਲੇ ਵਿਚ ਇਕ ਤੋਂ ਵਧੀਕ ਮਿਸਲਾਂ ਇਕਠੀਆਂ ਨਹੀਂ ਹੋਈਆਂ ਸਨ? ਜੇ ਮਿਸਲਾਂ ਦਾ ਇਕੱਠ ਸਫਲਤਾ ਦੀ ਸੂਰਤ ਵਿਚ ਲੜਾਈ ਦੀ ਸ਼ਕਲ ਬਦਲ ਲੈਂਦਾ ਸੀ ਤਾਂ ਅਸੀਂ ਪੁਛਦੇ ਹਾਂ ਕਿ ਲਾਹੌਰ, ਕਸੂਰ, ਸਰਹੰਦ ਤੇ ਪਟਯਾਲਾ ਆਦਕ ਦੀਆਂ ਲੜਾਈਆਂ ਵਿਚ ਜਦ ਇਕ ਤੋਂ ਵਧੀਕ ਮਿਸਲਾਂ ਕਠੀਆਂ ਹੋਈਆਂ ਤਦ ਓਥੇ ਫੁੱਟ ਕਿਉਂ ਨਾਂ ਹੋਈ? ਕੀ ਦਰਜਨਾਂ ਵਾਰੀ ਮਿਸਲਾਂ ਦੇ ਇਕਠੇ ਹੋਕੇ ਲੜਨ ਦੀ ਹਾਲਤ ਵਿਚ ਜਦ ਕਿਸੇ ਇਕ ਥਾਂ ਭੀ ਫੁਟ ਨਾਂ ਪਈ, ਤਾਂ ਦਿੱਲੀ ਦੇ ਮਾਮਲੇ ਵਿਚ ਬਿਨਾਂ ਕਿਸੇ ਸਬੂਤ ਦਸੇ ਖਾਲਸਾ ਜੀ ਦੀ ਬਾਬਤ ਇਹ ਬਦਗੁਮਾਨੀ ਪ੍ਰਗਟ ਕਰਨਾ ਏਹਨਾਂ ਲਿਖਾ-ਰੀਆਂ ਦੀ ਅਗਯਾਨਤਾ ਨਹੀਂ ਤਾਂ ਕੀ ਹੈ? ਕੀ ਅਜਹਿਆਂ ਲਈ ਹੀ ਤਾਂ ਕਿਸੇ ਕਵੀ ਨੇ ਨਹੀਂ ਆਖਿਆ?

ਵਿਚ ਹਨੇਰੇ ਅੰਨ੍ਹੇ ਤਾਈਂ,
ਸੋਝੀ ਬਹੁਤੀ ਦੂਰੋਂ ਆਈ।

ਜਿੱਤ ਦੇ ਪਿਛੋਂ ਲੁਟ ਦਾ ਮਾਲ ਵੰਡਨ ਸਮੇਂ ਕੁਝ ਝਗੜਾ ਹੋ ਹੀ ਜਾਂਦਾ ਹੈ ਤੇ ਅਸੀਂ ਜਾਣਦੇ ਹਾਂ ਕਿ ਮਾਮੂਲੀ

ਸ਼ਹਿਰ ਵਿਚ ਕੁਝ ਇਸ ਤਰਾਂ ਦੀਆਂ ਬਾਵਾਂ ਹਨ ਜਿਨ੍ਹਾਂ ਦਾ

ਆਦਮੀ ਨਹੀਂ ਪਰ ਇਕ ਸਮੇਂ ਹਜ਼ਰਤ ਮੁਹੰਮਦ ਸਾਹਿਬ ਜਹੇ ਇਸਲਾਮ ਦੇ ਪੈਗ਼ੰਬਰ ਭੀ ਅਪਨੇ ਚੇਲਿਆਂ ਵਲੋਂ ਲੁਟ ਦੇ ਮਾਲ ਵਿਚੋਂ ਇਕ ਵਡਮੁੱਲੀ ਲਾਲ ਰੰਗ ਦੀ ਚੀਜ਼ ਉਡਾਨ ਦੇ ਸ਼ੱਕ ਦੀ ਤੋਹਮਤ ਤੋਂ ਨਾਂ ਬਚ ਸਕੇ ਸਨ, ਜਿਸ ਕਰਕੇ ਅਪਨੀ ਖਲਾਸੀ ਲਈ ਓਹਨਾਂ ਨੂੰ ਅਪਨੀ ਸਫਾਈ ਵਾਸਤੇ ਹੇਠ ਲਿਖੀ ਕੁਰਾਨ ਦੀ ਆਇਤ ਉਗਾਹੀ ਵਜਹੁ ਪੇਸ਼ ਕਰਨੀ ਪਈ ਸੀਃ—

ਵਾ ਮਾ ਕਾ ਨਾ ਲਿ ਨੱਬੀ ਅੱਨੁ ਯੁਗ਼ੁਲ

ਅਲ ਇਮਰਨ ਰਕੂ ੧੭

ਅਰਥ—ਹੋਰ ਨਹੀਂ ਲਾਇਕ ਕਿਸੇ ਨਬੀ ਨੂੰ ਏਹ ਕਿ ਖ਼ਿਆਨਤ ਕਰੇ।

ਅਜਹੀ ਹਾਲਤ ਵਿਚ ਆਮ ਆਦਮੀਆਂ ਦਾ ਆਪਸ ਵਿਚ ਇਕ ਦੂਜੇ ਤੇ ਸ਼ੁਭੇ ਜਾਂ ਸਚਾਈ ਤੋਂ ਆਪਸ ਵਿਚ ਲੜ ਪੈਣਾ ਮਮੂਲੀ ਗਲ ਹੈ।

ਪਰ ਪਾਠਕਾਂ ਨੂੰ ਚੇਤੇ ਰਹੇ ਕਿ ਇਸ ਸਮੇਂ ਸਿੱਖਾਂ ਦੇ ਦਿਲ ਸ਼ਕ ਸ਼ੁਭੇ ਤੋਂ ਦੂਰ ਸਨ, ਓਹਨਾਂ ਦਾ ਆਪਸ ਵਿਚ ਭਰੋਸਾ ਤੇ ਏਕਾ ਐਨਾ ਪੱਕਾ ਸੀ ਕਿ ਆਪਸ ਵਿਚ ਬਦ-ਗੁਮਾਨ ਹੋਣ ਦਾ ਕੋਈ ਸਮਾਂ ਨਹੀਂ ਸੀ।

ਸਿਖ ਲੁਟ ਦਾ ਮਾਲ ਕਿਸ ਤਰਾਂ ਵੰਡਦੇ ਸਨ? ਇਸ ਦੀ ਬਾਬਤ ਸਰਹੰਦ ਦਾ ਜੰਗ ਦੇਖਣਾ ਚਾਹੀਦਾ ਹੈ, ਕਿਉਂਕਿ ਇਹ ਇਕ 'ਅਜਹੀ ਥਾਂ ਸੀ ਜਿਥੇ ਸਿਖਾਂ ਬਹੁਤੀ ਵੇਰ,

ਸਿਖਾਂ ਦੀ ਤਾਰੀਖ਼ ਨਾਲ ਡੂੰਘਾ ਸੰਬੰਧ ਹੈ, ਓਹ ਇਸ ਸਮੇਂ

☞ ਬਹੁਤੇ ਜੋਸ਼ ਖ਼ਰੋਸ਼ ਨਾਲ ਲੜਾਈ ਕੀਤੀ ਤੇ ਜਿੱਤ ਹੋਣ ਤੇ ਬਹੁਤ ਸਾਰਾ ਇਲਾਕਾ ਤੇ ਧਨ ਦੌਲਤ ਸਾਂਭੀ, ਇਥੇ ਜਦ ਖ਼ਾਲਸਾ ਜੀ ਦੀਆਂ ਕੁਝ ਮਿਸਲਾਂ ਨੇ ਕਠੇ ਹੋਕੇ ਜ਼ੈਨ ਖ਼ਾਂ ਤੇ ਫਤੇਪਾਈ ਤੇ ਜ਼ੈਨਖ਼ਾਂ ਲੜਾਈ ਦੇ ਮੈਦਾਨ ਵਿਚ ਮਾਰਿਆਗਿਆ ਤਾਂ ਉਸਦੇ ਇਲਾਕੇ ਵਿਚੋਂ ਅਮਲੋਹ ਦਾ ਇਲਾਕਾ ਰਾਜਾ ਹਮੀਰ ਸਿੰਘ ਨਾਭਾ, ਸਫੇਦੋ ਦਾ ਤਲਕਾ ਰਾਜਾ ਗਜਪਤ ਸਿੰਘ ਮਾਲਕ ਜੀਂਦ ਤੇ ਜਗਾਧਰੀ ਦਾ ਪਰਗਨਾ ਸਰਦਾਰ ਚੂਹੜ ਸਿੰਘ ਆਦਕ ਨੂੰ ਮਿਲਿਆ। ਵੰਡ ਸਮੇਂ ਕਿਸੇ ਤਰਾਂ ਦਾ ਗੁਸਾ ਤੇ ਬੇਸੁਆਦੀ ਨਹੀਂ ਹੋਈ, ਕਿਸੇ ਗਲ ਤੇ ਵਿਰੋਧਤਾ ਭੀ ਨਹੀਂ ਹੋਈ, ਇਸ ਗਲ ਦਾ ਕਿਸੇ ਨੂੰ ਖ਼ਿਆਲ ਭੀ ਨਹੀਂ ਆਯਾ ਕਿ ਕਿਉਂ ਫਲਾਨੇ ਆਦਮੀ ਨੇ ਫਲਾਨਾ ਪਾਸਾ ਲੀਤਾ ਹੈ। ਜਿੱਤ ਦੇ ਮਗਰੋਂ ਲੀਤਾ ਹੋਇਆ ਤਾਵਾਨ ਦਾ ਰੁਪਯਾ ਤੇ ਇਲਾਕਾ ਇਸ ਖ਼ੂਬੀ ਅਤੇ ਪਯਾਰ ਨਾਲ ਵੰਡਿਆ ਕਿ ਈਰਖਾ ਤੋਂ ਦਗਧ ਤੇ ਕਾਲੇ ਦਿਲ ਵੈਰੀ ਜਿਨ੍ਹਾਂ ਨੂੰ ਸਿਖਾਂ ਤੇ ਅਣਕੀਤੇ ਗੁਨਾਹਾਂ ਦਾ ਦੋਸ਼ ਲਾਉਣ ਵਿਚ ਖਾਸ ਯੋਗਤਾ ਹੈ, ਓਹ ਭੀ ਇਸ ਵੰਡ ਦਾ ਦੂਸ਼ਨ ਲਾਣ ਵਿਚ ਬਿਲਕੁਲ ਚੁਪ ਹਨ।

ਸਰ ਲੇਪਲ ਗ੍ਰਿਫਨ ਅਪਨੀ ਪੁਸਤਕ ਵਿਚ ਇਸ ਵੰਡ ਨੂੰ ਇਉਂ ਹੋਇਆ ਦਸਦੇ ਹਨ:—

"ਉਸ ਸਮੇਂ ਦੀਆਂ ਕਹਾਣੀਆਂ ਸੁਣਕੇ ਹੁਣ ਭੀ ਓਹ ਸਮਾਂ ਅੱਖਾਂ ਅਗੇ ਆ ਜਾਂਦਾ ਹੈ ਕਿ ਇਸ ਜਿੱਤ ਦੇ ☞

ਕਿਸ ਬੁਰੀ ਹਾਲਤ ਵਿਚ ਪਈਆਂ ਹੋਈਆਂ ਹਨ, ਖ਼ਾਲਸਾ

ਮਗਰੋਂ ਸਿਖ ਕਿਸ ਤਰਾਂ ਇਲਾਕੇ ਵਿਚ ਝਟ ਪਟ ਫੈਲ ਗਏ ਤੇ ਕਿਸ ਤਰਾਂ ਹਰ ਇਕ ਸਵਾਰ ਰਾਤ ਦਿਨ ਘੋੜਾ ਦੁੜਾਉਂਦਾ ਪਿੰਡ ਪਿੰਡ ਫਿਰਿਆ ਤੇ ਇਹ ਨਿਸ਼ਾਨ ਦੇਣ ਲਈ ਕਿ ਏਹ ਥਾਵਾਂ ਇਸ ਦੀ ਮਲਕੀਅਤ ਹੋਗਈਆਂ ਹਨ, ਕਿਸੇ ਵਿਚ ਅਪਨੀ ਪੇਟੀ, ਤਲਵਾਰ ਦਾ ਮਿਆਨ, ਕਿਸੇ ਵਿਚ ਅਪਨੇ ਸ੍ਰੀਰ ਦੇ ਕਪੜੇ ਤੇ ਲੜਾਈ ਦੇ ਹਥਯਾਰ ਸੁਟਦਾ ਗਿਆ, ਐਥੋਂ ਤਕ ਕਿ ਨੰਗਾ ਹੋਗਿਆ ਤੇ ਉਹਦੇ ਕੋਲ ਅਗਲੇ ਪਿੰਡ ਨਿਸ਼ਾਨੀ ਵਜੋਂ ਰਖਣ ਲਈ ਕੁਝ ਭੀ ਬਾਕੀ ਨਾਂ ਰਿਹਾ ।"

ਕੀ ਸਰਹੰਦ ਦੇ ਇਲਾਕਿਆਂ ਦੀ ਵੰਡ ਏਸੇ ਹੀ ਤਰਾਂ ਹੋਈ ਸੀ? ਇਸਦੀ ਬਾਬਤ ਐਥੇ ਵਿਚਾਰ ਕਰਨ ਦੀ ਲੋੜ ਨਹੀਂ, ਅਸੀਂ ਕੇਵਲ ਇਹ ਦਖਾਉਣਾ ਚਾਹੁੰਦੇ ਹਾਂ ਕਿ ਜੇ ਇਸ ਕਥਨ ਨੂੰ ਕੁਝ ਚਿਰ ਲਈ ਅੱਖਰ ਅੱਖਰ ਠੀਕ ਮੰਨ ਲਈਏ ਤਾਂ ਇਸਤੋਂ ਘਟ ਤੋਂ ਘਟ ਏਹ ਗਲ ਜਰੂਰ ਨਿਰਨੈ ਹੋ ਗਈ ਕਿ ਸਿਖ ਇਸ ਤਰਾਂ ਦੇ ਸੰਤੋਖੀ ਤੇ ਇਕ ਦੂਜੇ ਦਾ ਮਾਨ ਕਰਦੇ ਸਨ ਕਿ ਜੇ ਇਕ ਸਵਾਰ ਨੇ ਵਡੇ ਤੋਂ ਵਡੇ ਪਿੰਡ ਵਿਚ ਪੈਹਲੇ ਪੁੱਜਕੇ ਛੋਟੀ ਤੋਂ ਛੋਟੀ ਚੀਜ਼ ਰਖਕੇ ਏਹ ਕੈਹ ਦਿਤਾ ਕਿ ਏਹ ਥਾਂ ਮੇਰੀ ਹੋਗਈ ਤਾਂ ਦੂਜਾ ਸਿਖ ਓਧਰ ਨਿਗਾਹ ਭਰਕੇ ਨਹੀਂ ਦੇਖਦਾ ਸੀ, ਪੈਹਲੇ ਦੇ ਹੱਕ ਬਿਨਾਂ ਕਿਸੇ ਹੀਲ ਹੁੱਜਤ ਤੇ ਚੂੰ ਚਾਂ ਕੀਤੇ ਦੇ ਮੰਨ ਲਏ ਜਾਂਦੇ ਸਨ । ਮੂਲ ਇਹ ਕਿ ਉਸਵੇਲੇ ਖ਼ਾਲਸਾ ਜੀ ਵਿਚ ਅਤਿ ਦਰਜੇ ਦਾ

ਜ਼ੀ ਨੇ ਹੁਣ ਓਥੇ ਗੁਰਦਵਾਰੇ ਬਨਾਣ ਦਾ ਫੈਸਲਾ ਕਰ ਲਿਆ ਹੈ, ਇਸ ਲਈ ਤੁਸੀਂ ਸਾਨੂੰ ਹਰ ਕੰਮ ਵਿਚ ਯੋਗ ਮਦਦ ਦਿਓਗੇ।

ਸਿਮਰੂ ਬੇਗਮ (ਵਜ਼ੀਰ ਤੇ ਅਮੀਰ)- ਸ੍ਰਦਾਰ ਸਾਹਿਬ ਜੀ! ਆਪ ਦੀ ਇਸ ਕ੍ਰਿਪਾ ਅਤੇ ਮੇਹਰ ਦਾ ਧਨਵਾਦ ਕਰਨ ਲਈ ਕਿਸੇ ਬੋਲੀ ਵਿਚ ਅੱਖਰ ਨਹੀਂ ਮਿਲ ਸਕਦੇ ਤੇ ਨਾਂਹੀ ਸਾਡੀ ਜੇਭਾ ਵਿਚ ਕੈਹਣ ਦੀ ਤਾਕਤ ਹੈ, ਆਪ ਤਾਰੀਖ਼ੀ ਗੁਰ-ਦਵਾਰੇ ਖੁਸ਼ੀਨਾਲ ਤਿਆਰ ਕਰਾਓ ਤੇ ਜੇਹੜੀ ਜੇਹੜੀ ਥਾਂ ਦੀ ਤੁਹਾਨੂੰ ਲੋੜ ਹੋਵੇਗੀ ਓਹ ਖਿੜੇ ਮਥੇ ਦੇ ਦਿੱਤੀ ਜਾਵੇਗੀ, ਇਸ ਤੋਂ ਛੁਟ ਜੋ ਸਹੂਲਤਾ ਪੁਚਾਨੀਆਂ ਯੋਗ ਹੋਣਗੀਆਂ ਪੁਚਾਈਆਂ ਜਾਣਗੀਆਂ।

ਸ੍ਰ: ਤਾਰਾ ਸਿੰਘ ਘੇਬਾ— ਉਸ ਸਮੇਂ ਤਕ ਗੁਰਦਵਾਰੇ ਬਨਾਣ ਦਾ ਕੰਮ ਪੂਰਾ ਨਹੀਂ ਹੋ ਸਕਦਾ ਜਦਤਕ ਸਾਡੀ ਵਲੋਂ ਕੋਈ ਆਦਮੀ ਏਥੇ ਨਾਂ ਰਹੇ ਤੇ ਉਸਨੂੰ ਖ਼ਾਸ ਅਖਤਿਆਰ ਨਾਂ ਮਿਲੇ ਹੋਣ।

ਵਜ਼ੀਰ— ਆਪ ਜਿਸਨੂੰ ਜੀ ਕਰੇ ਏਥੇ ਨੀਯਤ ਕਰ ਦਿਓ ਤੇ ਜਿਸ ਤਰਾਂ ਦੇ ਅਖਤਿਆਰ ਯੋਗ ਹੋਣ ਓਹਨਾਂ

ਪਿਆਰ ਤੇ ਮੁਹੱਬਤ ਸੀ, ਏਹਨਾਂ ਵਿਚ ਫੁਟ ਤੇ ਹੰਕਾਰ ਨਾਂ ਮਾਤਰ ਭੀ ਨਹੀਂ ਸੀ, ਅਜਹੀ ਹਾਲਤ ਵਿਚ ਦਿੱਲੀ ਦਾ ਤਖ਼ਤ ਮੋੜਨ ਦੇ ਦਰਯਾ ਦਿਲੀ ਤੇ ਵਡੇ ਹੌਸਲੇ ਦੇ ਕੰਮ ਨੂੰ ਅਪਨੀ ਤੰਗਦਿਲੀ ਦੇ ਕਾਰਨ ਜਾਤੀ ਫੁਟ ਤੇ ਦੁਸ਼ਮਣੀ ਦਸਣਾ ਪਰਲੇ ਦਰਜੇ ਦਾ ਕਮੀਨਾ ਪਨਾ ਨਹੀਂ ਤਾਂ ਕੀ ਹੈ?

ਨੂੰ ਦੇ ਦਿਓ।

ਸਿਖ ਸਰਦਾਰਾਂ ਨੇ ਆਪਸ ਵਿਚ ਫੈਸਲਾ ਕੀਤਾ ਕਿ ਸ੍ਰਦਾਰ ਬਘੇਲ ਸਿੰਘ ਜੀ ਚਾਰ ਹਜ਼ਾਰ ਸਵਾਰਾਂ ਸਣੇ ਇੱਥੇ ਰੈਹਣ, ਗੁਰਦਵਾਰੇ ਬਨਾਉਣ ਦੀ ਸੇਵਾ ਇੰਨਾਂ ਦੀ ਰਾਹੀਂ ਹੋਵੇ, ਆਪ ਸ਼ੈਹਰ ਦੇ ਵਡੇ ਅਫਸਰ ਬਣਕੇ ਕੰਮ ਕਰਨ ਤੇ ਚੁੰਗੀ ਦੇ ਮਸੂਲ ਦਾ ਰੁਪਯਾ ਗੁਰਦਵਾਰੇ ਬਨਾਉਨ ਉਤੇ ਖ਼ਰਚ ਹੋਵੇ।

ਰਾਜਧਾਨੀ ਦਿੱਲੀ ਵਲੋਂ ਤਿੰਨ ਲੱਖ ਰੁਪਯਾ ਖ਼ਾਲਸਾ ਜੀ ਦੀ ਭੇਟਾ ਕੀਤਾ ਗਿਆ।

—:o:—

ਦਿੱਲੀ ਦੇ ਗੁਰਦਵਾਰੇ

ਜਿਥੇ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ।
ਗੁਰ ਸਿਖੀ ਸੋ ਥਾਨੁ ਭਾਲਿਆ ਲੈ ਧੂੜਿ ਮੁਖਿ ਲਾਵਾ।

ਸ੍ਰਦਾਰ ਬਘੇਲ ਸਿੰਘ ਸਾਹਿਬ ਚਾਰ ਸੌ ਸਵਾਰ ਲੈਕੇ ਦਿੱਲੀ ਰਹੇ, ਸਬਜ਼ੀ ਮੰਡੀ ਵਿਚ ਬੜਾ ਬਣਿਆ ਹੋਇਆ ਸੀ, ਜਿਥੇ ਮਸੂਲ ਚੁੰਗੀ ਲਿਆ ਜਾਂਦਾ ਸੀ, ਇਸਲਈ ਉਪ੍ਰੋਕਤ ਸ੍ਰਦਾਰ ਸਾਹਿਬ ਨੇ ਏਥੇ ਅਪਣੇ ਰੈਹਣ ਦੀ ਥਾਂ ਬਨਾਈ।

ਦਿੱਲੀ ਦੇ ਵਡੀ ਆਯੂ ਦੇ ਹਿੰਦੂ ਮੁਸਲਮਾਨ ਤੇ ਪੰਜਾਬ ਵਿਚੋਂ ਸਿਖ ਸਦੇ ਗਏ, ਓਹਨਾਂ ਕੋਲੋਂ ਤਾਰੀਖ਼ੀ ਥਾਵਾਂ ਬਾਬਤ

ਪੁਛਿਆ, ਜਿਸ ਜਿਸ ਥਾਂ ਬਾਬਤ ਸਮਾਚਾਰ ਮਿਲਦੇ ਗਏ, ਓਥੇ ਗੁਰਦਵਾਰੇ ਬਣਨ ਲਗੇ।

(੧) ਸਭਤੋਂ ਪੈਹਲੇ ਓਹ ਹਵੇਲੀ ਮਿਲੀ,ਜਿਥੇ ਮਾਤਾ ਸੁੰਦਰੀ ਤੇ ਮਾਤਾ ਸਾਹਿਬ ਦੇਵਾਂ ਜੀ ਰੈਂਹਦੇ ਸੀ,ਸ੍ਰਦਾਰ ਸਾਹਿਬ ਕੜਾਹ ਪ੍ਰਸ਼ਾਦ ਲੈਕੇ ਉਸ ਮਕਾਨ ਵਿਚ ਗਏ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਾਇਆ, ਖ਼ਾਲਸਾ ਨਸ਼ਾਨ ਝੂਲਨ ਲਗੇ ਤੇ ਕੜਾਹ ਪ੍ਰਸ਼ਾਦ ਵਰਤਾਇਆ ਗਿਆ।

(੨) ਸ੍ਰੀ ਗੁਰੂ ਹਰ ਕ੍ਰਿਸ਼ਨ ਸਾਹਿਬ ਜਦ ਦਿੱਲੀ ਵਿਚ ਪਧਾਰੇ ਸਨ ਤਾਂ ਰਾਜਾ ਜੈ ਸਿੰਹ ਦੀ ਵਸਤੀ ਵਿਚ ਆਪ ਠੈਹਰੇ ਸੀ, ਇਸ ਥਾਂ ਨੂੰ ਠੀਕ ਕਰਕੇ ਗੁਰਦਵਾਰਾ ਬਨਾਯਾ ਗਿਆ ਤੇ ਝੰਡਾ ਗਡਿਆ ਗਿਆ, ਇਸ ਗੁਰਦਵਾਰੇ ਦਾ ਨਾਮ ਬੰਗਲਾ ਸਾਹਿਬ ਪ੍ਰਸਿਧ ਹੋਇਆ।

(੩) ਗੁਰੂ ਹਰ ਕ੍ਰਿਸ਼ਨ ਸਾਹਿਬ, ਮਾਤਾ ਸਾਹਿਬ ਦੇਵਾਂ ਤੇ ਮਾਤਾ ਸੁੰਦਰੀ ਦੇ ਗੁਰਪੁਰੀ ਪਿਧਾਰਨ ਤੇ ਓਹਨਾਂ ਦੇ ਪਵਿਤ੍ਰ ਸ੍ਰੀਰ ਦਿੱਲੀ ਦਰਵਾਜਿਓਂ ਬਾਹਰ ਵਲ ਤਿੰਨ ਮੀਲ ਦੀ ਵਿਥ ਤੇ ਬਾਰਾਂ ਪੁਲ ਵਾਲੇ ਨਾਲੇ ਦੇ ਕੋਲ ਅਗਨੀ ਦਾਹ ਕੀਤੇ ਗਏ ਸਨ, ਓਥੇ ਗੁਰ ਦਵਾਰਾ ਬਨਾਯਾ ਗਿਆ।

(੪) ਜਦ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੇ ਗ਼ੀਬਾਂ ਦੀ ਰਾਖੀ ਅਤੇ ਧਰਮ ਦੀ ਖ਼ਾਤਰ ਦਿੱਲੀ ਵਿਚ ਬਲੀ ਦਾਨ ਦਿਤਾ ਤਾਂ ਔਰੰਗਜ਼ੇਬ ਦੇ ਹੁਕਮ ਨਾਲ ਆਪ ਦਾ ਸ੍ਰੀਰ ਅਤੇ ਸਿਰ ਇਕ ਮਕਾਨ ਵਿਚ ਰਖਕੇ ਜੰਦਰਾ ਮਾਰ ਦਿਤਾ ਸੀ ਕਿ ਕੋਈ ਸਿਖ ਨਾਂ ਲੈ ਜਾਵੇ।

ਗੁਰੂ ਸਾਹਿਬ ਦਾ ਸ੍ਰੀਰ ਇਕ ਲੁਬਾਣਾ ਸਿਖ ਲੈ

ਗਿਆ, ਔਰੰਗਜ਼ੇਬ ਨੂੰ ਪਤਾ ਲਗਾ ਕਿ ਨਾਂ ਤਾਂ ਓਥੇ ਸੀਸ ਹੈ ਤੇ ਨਾਂ ਸ੍ਰੀਰ। ਉਸਨੇ ਚੁਤਰਫੀ ਆਦਮੀ ਦੁੜਾਏ ਤੇ ਖੋਜ ਸ਼ੁਰੂ ਕੀਤੀ, ਸੀਸ ਤਾਂ ਅਨੰਦ ਪੁਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕੋਲ ਪੁੱਜ ਚੁਕਾ ਸੀ, ਸ੍ਰੀਰ ਇਕ ਲੁਬਾਣੇ ਸਿਖ ਦੇ ਘਰ ਵਿਚ ਸੀ, ਜਦ ਉਸਦੇ ਘਰ ਦੀ ਤਲਾਸ਼ੀ ਦੀ ਤਿਆਰੀ ਹੋਣ ਲਗੀ ਤਾਂ ਸਿਖ ਨੇ ਇਸ ਗਲ ਦੀ ਕੁਛ ਪ੍ਰਵਾਹ ਨਾਂ ਕਰਕੇ ਕਿ ਇਸਦਾ ਮਕਾਨ 'ਤੇ ਅੰਦਰਲਾ ਸਾਮਾਨ ਕਿੰਨੇ ਮੁਲ ਦਾ ਹੈ ਗੁਰੂ ਸਾਹਿਬ ਦੇ ਸ੍ਰੀਰ ਨੂੰ ਰੂੰ ਦੇ ਬੋਰਿਆਂ ਦੇ ਵਿਚ ਰਖਕੇ ਘਰ ਨੂੰ ਅੱਗ ਲਾ ਦਿਤੀ। ਓਥੇ ਮਗਰੋਂ ਮੁਸਲਮਾਨਾਂ ਨੇ ਕਬਜ਼ਾ ਕਰਕੇ ਮਸੀਤ ਬਣਾ ਲੀਤੀਸੀ, ਸ੍ਰ: ਬਘੇਲ ਸਿੰਘ ਜੀ ਸਵਾਰਾਂ ਸਣੇ ਓਥੇ ਪੁਜੇ, ਮਸੀਤ ਬਣੀ ਹੋਈ ਵੇਖਕੇ ਓਹਨਾਂ ਨੇ ਬਾਦਸ਼ਾਹ ਨੂੰ ਖ਼ਬਰ ਕੀਤੀ ਕਿ ਇਹ ਥਾਂ ਸਿਖਾਂ ਦੀ ਹੈ, ਮੁਸਲਮਾਨਾਂ ਨੇ ਮਸੀਤ ਪਿਛੋਂ ਬਣਵਾਈ ਹੈ, ਇਸ ਲਈ ਏਹ ਸਾਨੂੰ ਮਿਲਨੀ ਚਾਹੀਦੀ ਹੈ।

ਖ਼ਾਲਸਾ ਜੀ ਦੇ ਇਥੇ ਪਹੁੰਚਨ ਦੀ ਖ਼ਬਰ ਸ਼ੈਹਰ ਵਿਚ ਝਟ ਫੈਲ ਗਈ, ਬਹੁਤ ਸਾਰੇ ਮੁਸਲਮਾਨ ਲੜਾਈ ਵਾਸਤੇ ਤਿਆਰ ਹੋਕੇ ਓਥੇ ਪਹੁੰਚ ਗਏ, ਓਧਰ ਖ਼ਾਲਸਾ ਤਾਂ ਤਿਆਰ ਬਰ ਤਿਆਰ ਸੀ ਹੀ, ਨੇੜੇ ਹੀ ਸੀ ਕਿ ਓਥੇ ਲਹੂ ਲੁਹਾਨ ਹੋ ਜਾਂਦਾ ਪਰ ਓਸੇ ਵੇਲੇ ਬਾਦਸ਼ਾਹ ਵਲੋਂ ਵਜ਼ੀਰ ਪਹੁੰਚ ਗਿਆ, ਸ੍ਰਦਾਰ ਬਘੇਲ ਸਿੰਘ ਤੇ ਵਜ਼ੀਰ ਆਪੋ ਵਿਚ ਗਲ ਬਾਤ ਕਰਨ ਲਗੇ, ਦੋਹੀਂ ਪ੍ਰਾਸੀਂ ਅਪਣੀ ਮਲਕੀਅਤ ਦਸੀ ਜਾਣ ਲਗੀ, ਜਦ ਗਲ ਵਧਨ ਲੱਗੀ ਤਾਂ ਸਰਦਾਰ ਬਘੇਲ ਸਿੰਘ ਨੇ ਆਖਿਆ ਕਿ:—

'ਇਸ ਮਸੀਤ ਦੇ ਹੇਠ ਪਿੱਤਲ ਦੀ ਗਾਗਰ ਵਿਚ ਗੁਰੂ ਸਾਹਿਬ ਦੇ ਸ੍ਰੀਰ ਦੀ ਪਵਿਤ੍ਰ ਰਾਖ ਤੇ ਅਸਥੀਆਂ ਪਈਆਂ ਹੋਈਆਂ ਹਨ, ਇਸ ਥਾਂ ਨੂੰ ਪੁਟਾਇਆ ਜਾਵੇ, ਜੇ ਹੇਠੋਂ ਗਾਗਰ ਨਿਕਲ ਆਵੇ ਤਾਂ ਏਹ ਥਾਂ ਸਿਖਾਂ ਦੀ ਸਮਝਕੇ ਸਾਡੇ ਹਵਾਲੇ ਕੀਤੀ ਜਾਵੇ ਤੇ ਜੇ ਗਾਗਰ ਨਾਂ ਨਿਕਲੇ ਤਾਂ ਮਸੀਤ ਮੁਸਲਮਾਨਾਂ ਦੀ ਬਣੀ ਹੋਈ ਹੈ ਓਹਨਾਂ ਦੇ ਕਬਜ਼ੇ ਵਿਚ ਹੀ ਰਹੇ। ਦੋਹਾਂ ਧਿਰਾਂ ਨੇ ਇਹ ਗਲ ਮੰਨ ਲਈ ਤੇ ਆਪਸ ਵਿਚ ਇਕਰਾਰ ਹੋਗਏ। ਥਾਂ ਦੀ ਪੁਟਾਈ ਅਰੰਭ ਹੋਣ ਤੇ ਹੇਠੋਂ ਗਾਗਰ ਨਿਕਲਆਈ, ਖ਼ਾਲਸਾ ਜੀ ਨੇ ਕਬਜ਼ਾ ਕਰ ਲਿਆ ਤੇ ਮਸੀਤ ਦੀ ਥਾਂ ਗੁਰਦਵਾਰਾ ਬਣਵਾ ਦਿਤਾ ਤੇ ਉਸਦੇ ਨਾਮ ਦੇ ਨਾਲ ਕੁਛ ਜਾਗੀਰ ਲਾ ਦਿਤੀ, ਜੋ ਗੁਰਦਵਾਰਾ ਰਕਾਬ ਗੰਜ ਦੇ ਨਾਮ ਤੇ ਪ੍ਰਸਿੱਧ ਹੈ।

(੫) ਹੁਣ ਉਸ ਥਾਂ ਦੀ ਭਾਲ ਸ਼ੁਰੂ ਹੋਣ ਲਗੀ ਜਿਥੇ ਗੁਰੂ ਤੇਗ਼ ਬਹਾਦਰ ਜੀ ਬਲੀ ਦਾਨ ਹੋਏ ਸੀ, ਜਦ ਬਹੁਤ ਖੋਜ ਕਰਨ ਤੇ ਭੀ ਉਸ ਥਾਂ ਦਾ ਪਤਾ ਨਾਂ ਲਗਾ, ਤਾਂ ਸ੍ਰਦਾਰ ਬਘੇਲ ਸਿੰਘ ਨੇ ਸ਼ੈਹਰ ਦਿੱਲੀ ਦੇ ਬੁਢੇ ਮਰਦ ਇਸਤ੍ਰੀਆਂ ਨੂੰ ਇਕੱਠਾ ਕੀਤਾ ਤੇ ਓਹਨਾਂ ਪਾਸੋਂ ਉਸ ਥਾਂ ਦੀ ਬਾਬਤ ਪੁਛਿਆ।

ਇਕ ਬੁਢੀ ਤ੍ਰੀਮਤ ਜਿਸਦਾ ਪਤੀ ਮਾਸ਼ਕੀ ਸੀ, ਆਖਨ ਲਗੀ ਕਿ ਜਦ ਇਹ ਭਿਆਨਕ ਘਟਨਾ ਹੋਈ ਤਾਂ ਮੇਰਾ ਪਿਤਾ ਪਾਣੀ ਦੀ ਮਸ਼ਕ ਲੈਕੇ ਓਥੇ ਖੜਾ ਸੀ, ਉਸਨੇ ਇਕ ਦਿਨ ਮੈਨੂੰ ਓਹ ਥਾਂ ਦਸੀ ਸੀ, ਮੈਂ ਨਾਲ ਜਾਕੇ ਓਹ ਥਾਂ

ਵਿਖਾ ਸਕਦੀ ਹਾਂ। ਇਹ ਸੁਣਕੇ ਸਰਦਾਰ ਬਘੇਲ ਸਿੰਘ ਜੀ ਬੜੇ ਪ੍ਰਸੰਨ ਹੋਏ ਤੇ ਉਸ ਇਸਤ੍ਰੀ ਦੇ ਨਾਲ ਤੁਰ ਪਏ, ਜਦ ਓਹ ਤੀਵੀਂ ਕੁਤਵਾਲੀ ਦੇ ਕੋਲ ਪੁੱਜੀ ਤਾਂ ਓਹਨੇ ਦਸਿਆ ਕਿ ਏਸ ਬੋਹੜ ਦੇ ਹੇਠ ਓਹ ਹੋਸ਼ ਭੁਲਾ ਦੇਣ ਵਾਲਾ ਸਾਕਾ ਤੇ ਰੋਮਾਂਚਕਾਰੀ ਘਟਨਾਂ ਹੋਈ ਸੀ। ਸ੍ਰਦਾਰ ਬਘੇਲ ਸਿੰਘ ਨੇ ਬਾਦਸ਼ਾਹ ਨੂੰ ਖ਼ਬਰ ਦਿਤੀ ਤੇ ਦੂਜੇ ਦਿਨ ਤੜਕੇ ਹੀ ਜਦਕਿ ਲੋਕ ਅਪਣੇ ਅਪਣੇ ਵਛੌਣਿਆਂ ਤੇ ਸੁਤੇ ਹੋਏ ਘੁਰਾੜੇ ਮਾਰ ਰਹੇ ਸਨ, ਉਸ ਥਾਂ ਨੂੰ ਸਾਫ ਕਰਾਉਣਾ ਅਰੰਭਿਆ, ਆਪਦਾ ਖਿਆਲ ਇਹ ਸੀ ਕਿ ਜੇ ਦਿਨਵੇਲੇ ਏਥੋਂ ਦੀ ਸਫਾਈ ਹੋਈ ਤਾਂ ਹੋ ਸਕਦਾ ਹੈ ਕਿ ਮੁਸਲਮਾਨ ਜੋਸ਼ ਵਿਚ ਆਕੇ ਲੜਨ ਲਈ ਤਿਆਰ ਹੋ ਜਾਣ, ਅਗੋਂ ਖ਼ਾਲਸਾ ਭੀ ਅਜਹੇ ਸਮੇਂ ਪਿਛੇ ਹਟਣ ਵਾਲਾ ਨਹੀਂ, ਇਸ ਲਈ ਬਿਅਰਥ ਲਹੂ ਦੀਆਂ ਨਦੀਆਂ ਵਗਾਣ ਦੀ ਥਾਂ ਏਹ ਚੰਗਾ ਹੋਵੇਗਾ ਕਿ ਰਾਤ ਦੇ ਹਨੇਰੇ ਵਿਚ ਏਹ ਕੰਮ ਹੋਜਾਏ, ਪਰ ਏਹ ਖਬਰ ਮੁਸਲਮਾਨਾਂ ਦੇ ਕੰਨਾਂ ਤਕ ਪੁੱਜੀ, ਚਾਰ ਹਜ਼ਾਰ ਦੇ ਕਰੀਬ ਆਦਮੀ ਬੰਦੂਕਾਂ ਲਈ,ਤਲਵਾਰਾਂ ਚਮਕਾਉਂਦੇ'ਯਾ ਅਲੀ' 'ਯਾ ਅਲੀ' ਦੇ ਨਾਹਰੇ ਮਾਰਦੇ ਅਚਨ ਚੇਤ ਸਿੱਖਾਂ ਤੇ ਆ ਪਏ, ਸਿਖ ਪੰਜ ਸੌ ਦੇ ਲਗ ਭਗ ਸਨ, ਤੇ ਓਹ ਭੀ ਲੜਾਈ ਲਈ ਤਿਆਰ ਨਹੀਂ ਸਨ, ਕੋਈ ਮਿਟੀ ਚੁਕਕੇ ਇਕ ਪਾਸੇ ਕਰ ਰਿਹਾ ਸੀ, ਕੋਈ ਇੱਟਾਂ ਢੋ ਰਿਹਾ ਸੀ, ਕੋਈ ਰੋੜੇ ਇਕੱਠੇ ਕਰ ਰਿਹਾ ਸੀ, ਸਿਖ ਇਸ ਆ ਪਈ ਬਿਪਤ ਦੇ ਟਾਕਰੇ ਲਈ ਝੱਟ ਪੱਟ ਹੀ ਹਥਿਆਰ ਫੜਕੇ ਤਿਆਰ ਹੋਗਏ, ਦੋਹੀਂ ਪਾਸੀਂ ਸੂਰਮੇ ਲੜਾਈ ਵਿਚ ਜੁਟ ਗਏ, ਮੁਸਲਮਾਨਾਂ ਨੇ ਖ਼ਿਆਲ ਕੀਤਾ ਸੀ

ਕਿ ਗਿੱਦੜਭਬੱਕੀਆਂ ਨਾਲ ਕੰਮ ਨਿਕਲ ਜਾਏਗਾ, ਪਰ ਏਹ ਆਸ਼ਾ ਪੂਰੀ ਨਾਂ ਹੋਈ, ਉਲਟੇ ਲੈਣੇ ਦੀ ਥਾਂ ਦੇਣੇ ਪੈ ਗਏ, ਭਾਵੇਂ ਸਿਖ ਗਿਣਤੀ ਵਿਚ ਬਹੁਤ ਥੋੜੇ ਸਨ ਤਾਂ ਭੀ ਓਹਨਾਂ ਨੇ ਅਪਨਾ ਖ਼ਾਸ ਹਥਯਾਰ ਖੰਡਾ ਫੜਿਆ, ਤੇ ਸਤਿ ਸ੍ਰੀ ਅਕਾਲ ਦਾ ਜੈਕਾਰਾ ਬੁਲਾਕੇ ਬਲਵਾਈ ਮੁਸਲਮਾਨਾਂ ਤੇ ਟੁਟ ਪਏ, ਜਿਸ ਤਰਾਂ ਕਿਸਾਨ ਫਸਲ ਨੂੰ ਵਢਕੇ ਰਖ ਦੇਂਦਾ ਹੈ ਏਸੇ ਤਰਾਂ ਖ਼ਾਲਸਾ ਜੀ ਨੇ ਬਲਵਾਈਆਂ ਨੂੰ ਵੱਢ ਵੱਢਕੇ ਧਰਤੀ ਤੇ ਵਿਛਾ ਦਿਤਾ, ਟਾਕਰੇ ਦੀ ਹਿੰਮਤ ਨਾਂ ਦੇਖਕੇ ਬਲਵਾਈ ਉਠ ਨੱਸੇ ਤੇ ਓਹਨਾਂ ਨੇ ਜਾਕੇ ਬਾਦਸ਼ਾਹ ਦੇ ਕੋਲ ਫਰਯਾਦ ਕੀਤੀ ਕਿ ਆਪਦੇ ਰਾਜ ਵਿਚ ਸਾਡੀ ਮਸੀਤ ਢਾਈ ਜਾ ਰਹੀ ਹੈ ਜੋ ਬਹੁਤ ਅਯੋਗ ਗਲ ਹੈ। ਬਾਦਸ਼ਾਹ ਨੇ ਆਖਿਆ ਕਿ:—

"ਤੁਸੀਂ 'ਇਹ ਗਲ ਚੰਗੀ ਤਰਾਂ ਜਾਣਦੇ ਹੋ ਕਿ ਸਿੰਘਾਂ ਨੇ ਜਦ ਦਿੱਲੀ ਤੇ ਕਬਜ਼ਾ ਕਰ ਲਿਆ ਸੀ ਤਾਂ ਇਸ ਇਕ- ਰਾਰ ਤੇ ਓਹਨਾਂ ਨੇ ਦਿੱਲੀ ਛਡ ਦਿੱਤੀ ਸੀ ਕਿ ਓਹਨਾਂ ਦੀਆਂ ਤਾਰੀਖ਼ੀ ਥਾਵਾਂ ਤੇ ਗੁਰਦਵਾਰੇ ਬਣਾ ਦਿਤੇ ਜਾਣ, ਅਜਹੀ ਹਾਲਤ ਵਿਚ ਜਦ ਸਾਡੇ ਤੇ ਓਹਨਾਂ ਦੇ ਇਕਰਾਰ ਹੋਚੁਕੇ ਹਨ ਤਾਂ ਅਪਨੇ ਇਕਰਾਰ ਤੋਂ ਫਿਰਨਾ ਠੀਕ ਨਹੀਂ।

"ਜੇ ਤੁਹਾਡੇ ਕੈਹਣ ਤੇ ਗੁਰਦਵਾਰੇ ਬਨਾਉਣ ਤੋਂ ਰੋਕ ਦਿਤਾ ਤਾਂ ਤੁਸੀਂ ਜਾਣਦੇ ਹੋ ਕਿ ਸਿੱਟਾ ਕੀ ਨਿਕਲੇਗਾ? ਸ੍ਰ: ਬਘੇਲ ਸਿੰਘ ਦਾ ਹੁਕਮ ਹੁੰਦਿਆਂ ਹੀ ਸਿਖ ਫੌਜਾਂ ਪਲੋ ਪਲੀ ਵਿਚ ਦਿੱਲੀ ਨੂੰ ਘੇਰ ਲੈਣਗੀਆਂ, ਲੜਾਈ ਕਰਕੇ ਕਈਵਾਰੀ ਤੁਸੀਂ ਓਹਨਾਂ ਦਾ ਬਾਹੂ ਬਲ ਦੇਖ ਲਿਆ ਹੈ, ਸਿੱਟਾ ਹੁਣ ਭੀ

ਓਹੋ ਹੋਵੇਗਾ ਜੋ ਪੈਹਲੇ ਹੁੰਦਾ ਰਿਹਾ ਹੈ, ਇਸ ਲਈ ਏਹੋ ਚੰਗਾ ਹੈ ਕਿ ਇਹ ਥਾਂ ਏਹਨਾਂ ਨੂੰ ਦਿਤੀ ਜਾਵੇ।


ਇਧਰ ਬਾਦਸ਼ਾਹ ਆਮ ਮੁਸਲਮਾਨਾਂ ਨੂੰ ਸਮਝਾਉਨ ਬੁਝਾਉਨ ਵਿਚ ਰੁਝਾ ਹੋਇਆ ਸੀ, ਓਧਰ ਸ੍ਰਦਾਰ ਬਘੇਲ ਸਿੰਘ ਨੇ ਓਹਨਾਂ ਸਾਰੇ ਮੁਸਲਮਾਨਾਂ ਦੀ ਇਕ ਲਿਸਟ ਤਿਆਰ ਕਰਵਾਈ ਜੋ ਇਸ ਫਸਾਦ ਦੇ ਆਗੂ ਸਨ, ਸਆਦਤ ਅਲੀ ਖ਼ਾਂ ਤੇ ਅਬਦੁਲ ਰੈਹਮਾਨ ਖ਼ਾਂ ਰੌਲਾ ਪਾਉਣ ਵਾਲਿਆਂ ਦੇ ਮੋਢੀ ਸਮਝੇ ਗਏ, ਸ੍ਰਦਾਰ ਜੀ ਨੇ ਅਪਨੇ ਜਵਾਨਾਂ ਨੂੰ ਹੁਕਮ ਦਿਤਾ ਕਿ ਏਹਨਾਂ ਦੀਆਂ ਜਾਗੀਰਾਂ ਤੇ ਹੱਲਾ ਕਰਕੇ ਇਸ ਬਚਨ ਭੰਗ ਕਰਨ ਦੀ ਸਜ਼ਾ ਦਿਤੀ ਜਾਵੇ।"

ਜਥੇਦਾਰ ਦਾ ਹੁਕਮ ਹੁੰਦਿਆਂ ਹੀ ਜਦ ਖ਼ਾਲਸਾ ਜੀ ਨੇ ਵਡੇ ਵਡੇ ਅਮੀਰਾਂ ਦੇ ਇਲਾਕਿਆਂ ਤੇ ਹੱਲਾ ਕੀਤਾ ਤਾਂ ਓਹ ਟਾਕਰੇ ਦੀ ਹਿੰਮਤ ਨਾਂ ਹੋਣ ਕਰਕੇ ਸ੍ਰਦਾਰ ਬਘੇਲਸਿੰਘ ਸਾਹਿਬ ਦੇ ਵਲ ਦੌੜੇ ਆਏ ਤੇ ਮਿੰਨਤ ਤਰਲੇ ਕਰਨ ਲਗੇ ਕਿ ਕਿਸੇ ਤਰਾਂ ਓਹਨਾਂ ਨੂੰ ਬਚਾਇਆ ਜਾਵੇ, ਸਰਦਾਰ ਬਘੇਲ ਸਿੰਘ ਵਲੋਂ ਇਕੋ ਹੀ ਉੱਤਰ ਸੀ ਕਿ ਜੋ ਇਕਰਾਰ ਸਾਡੇ ਨਾਲ ਕੀਤਾ ਗਿਆ ਹੈ ਉਸਨੂੰ ਪੂਰਾ ਕਰਨਾ ਚਾਹੀਦਾਹੈ, ਨਹੀਂ ਤਾਂ ਦੂਜੀ ਹਾਲਤ ਵਿਚ ਜੋ ਕੁਝ ਸਿੱਟਾ ਨਿਕਲੇਗਾ ਤੁਸੀਂ ਉਸਦੇ ਆਪ ਜੁਮੇਵਾਰ ਹੋਵੋਗੇ। ਇਕ ਇਕ ਕਰਕੇ ਓਹਨਾਂ ਅਮੀਰਾਂ ਨੇ ਸ੍ਰਦਾਰ ਬਘੇਲ ਸਿੰਘ ਨੂੰ ਲਿਖ ਦਿਤਾ ਕਿ ਜੇ ਏਥੋਂ ਦੀ ਮਸੀਤ ਢਾਹਕੇ ਗੁਰਦਵਾਰਾ ਬਨਾ ਲਿਆ ਜਾਵੇ ਤਾਂ ਸਾਨੂੰ ਇਸ ਵਿਚ ਕੋਈ ਗਿੱਲਾ ਨਹੀਂ ਹੋਵੇਗਾ।

ਜਦ ਇਸਤਰਾਂ ਸਾਰੇ ਸਿਰ ਕੱਢਦੇ ਅਮੀਰਾਂ ਪਾਸੋਂ ਸੰਮਤੀ ਦੇ ਕਾਗ਼ਜ਼ ਲਿਖਵਾ ਲੀਤੇ ਗਏ ਤਾਂ ਸ੍ਰਦਾਰ ਬਘੇਲਸਿੰਘ ਨੇ ਇਹ ਕਾਗ਼ਜ਼ ਮੁਨਸ਼ੀ ਰਾਮ ਦਿਆਲ ਨੂੰ ਦਿਤੇ ਕਿ ਓਹ ਬਾਦਸ਼ਾਹ ਨੂੰ ਵਖਾ ਦੇਵੇ, ਏਹਨਾਂ ਕਾਗ਼ਜ਼ਾਂ ਨੂੰ ਵੇਖਕੇ ਬਾਦਸ਼ਾਹ ਬੜਾ ਪ੍ਰਸੰਨ ਹੋਇਆ ਤੇ ਵਜ਼ੀਰ ਨੂੰ ਭੇਜਿਆ ਕਿ ਸਿਖਾਂ ਨੂੰ ਗੁਰਦਵਾਰਾ ਬਨਵਾ ਦੇਵੇ। ਆਪਸ ਵਿਚ ਦੇ ਫੈਸਲੇ ਨਾਲ ਖੂਹ ਦਾ ਥੋੜਾ ਜਿਹਾ ਥੜਾ ਢਾਹਕੇ, ਕੁਝ ਥਾਂ ਕੁਤਵਾਲੀ ਵਿਚੋਂ ਤੇ ਕੁਛ ਮਸੀਤ ਦੇ ਪਿਛੋਂ ਲੈਕੇ ਗੁਰਦਵਾਰਾ ਬਨਾਇਆ ਗਿਆ, ਜਿਸ ਦਾ ਨਾਮ ਸੀਸ ਗੰਜ ਰਖਿਆ ਗਿਆ।

ਸ੍ਰਦਾਰ ਬਘੇਲ ਸਿੰਘ ਸਾਹਿਬ ਦੇ ਗੁਰਪੁਰੀ ਸਿਧਾਰਨ ਦੇ ਮਗਰੋਂ ਮੁਸਲਮਾਨਾਂ ਨੇ ਫੇਰ ਓਥੇ ਮਸੀਤ ਬਣਾ ਲਈ, ਸੰਨ ੧੮੫੭ ਈਸਵੀ ਮੁਤਾਬਕ ਸੰਮਤ ੧੯੧੪ ਬਿਕਰਮੀ ਵਿਚ ਗ਼ਦਰ ਦੀ ਅਗ ਮੁਲਕ ਵਿਚ ਭੜਕੀ, ਏਹ ਅੱਗ ਦਿੱਲੀ ਵਿਚ ਭੀ ਚਮਕੀ ਤੇ ਸ਼ੈਹਰ ਉਤੇ ਬਲਵਾਈਆਂ ਨੇ ਕਬਜ਼ਾ ਕਰਕੇ ਬਹਾਦਰ ਸ਼ਾਹ ਨੂੰ ਫੇਰ ਤਖ਼ਤ ਤੇ ਬਠਾ ਦਿਤਾ, ਅੰਗਰੇਜ਼ਾਂ ਨੇ ਜਦ ਦਿੱਲੀ ਤੇ ਚੜ੍ਹਾਈ ਕੀਤੀ ਉਸ ਸਮੇਂ ਸਿਖ ਰਈਸਾਂ ਨੇ ਵਧ ਚੜ੍ਹਕੇ ਮਦਦ ਦਿਤੀ, ਸ਼ੈਹਰ ਦਿੱਲੀ ਤੇ ਅੰਗ੍ਰੇਜ਼ੀ ਕਬਜ਼ਾ ਹੋਣ ਤੋਂ ਉਪ੍ਰੰਤ ਜਦ ਹਰ ਇਕ ਮਦਦ ਦੇਣ ਵਾਲੇ ਦੀ ਸੇਵਾ ਦਾ ਅਨਮਾਨ ਕੀਤਾਗਿਆ ਤਾਂ ਪਤਾ ਲਗਾ ਕਿ ਰਾਜਾ ਸਰੂਪ ਸਿੰਘ ਸਾਹਿਬ ਵਾਲੀਏ ਜੀਂਦ ਦੀ ਸੇਵਾ ਸਭਤੋਂ ਬਹੁ ਮੁੱਲੀ ਹੈ, ਇਸਤੇ ਗਵਰੰਨਰ ਜਨਰਲ ਨੇ ਲਿਖਯਾ ਕਿਃ-

"ਰਾਜਾ ਸਾਹਿਬ ਜੀਂਦ ਪੱਕੀ ਅਤੇ ਖੁਲੇ ਦਿੱਲ ਨਾਲ ਮਦਦ ਦੇਂਦੇ ਰੈਹਣ ਦੇ ਕਾਰਨ ਗਵਰਨਮੈਂਟ ਦੇ ਖ਼ਾਸਧਨਵਾਦ



POPULAR PRESS, AMRITSAR.

ਦੇ ਯੋਗ ਹਨ।"

ਇਸੇ ਤਰਾਂ ਜਦ ਹਰ ਇਕ ਨੂੰ ਮਦਦ ਦੇ ਬਦਲੇ ਇਨਾਮ ਦਿਤੇ ਜਾਣ ਲਗੇ ਤਾਂ ਰਾਜਾ ਸਰੂਪ ਸਿੰਘ ਸਾਹਿਬ ਜੀਂਦ ਨੇ ਆਖਿਆ ਕਿ:-

"ਜੇ ਮੇਰੀਆਂ ਸੇਵਾਂ ਕੋਈ ਵਜ਼ਨ ਰਖਦੀਆਂ ਹਨ ਤਾਂ ਓਹਨਾਂ ਦੇ ਬਦਲੇ ਮੈਨੂੰ ਗੁਰਦਵਾਰਾ ਸੀਸ ਗੰਜ ਦੀ ਜ਼ਮੀਨ-ਜਿਥੇ ਕਿ ਪਹਿਲਾਂ ਗੁਰਦਵਾਰਾ ਸੀ ਤੇ ਮੁਸਲਮਾਨਾਂ ਨੇ ਹੁਣ ਮਸੀਤ ਬਣਾ ਰਖੀ ਹੈ-ਦਿਤੀ ਜਾਵੇ ਤਾਕਿ ਮੈਂ ਉਥੇ ਫਿਰ ਗੁਰਦਵਾਰਾ ਬਨਵਾ ਲਵਾਂ।"

ਅਸੀਂ ਉਪਰ ਦਸ ਚੁਕੇ ਹਾਂ ਕਿ ਰਾਜਾ ਸਰੂਪ ਸਿੰਘ ਸਾਹਿਬ ਦੀਆਂ ਸੇਵਾ ਅਜਹੀਆਂ ਨਹੀਂ ਸਨ ਜੋ ਨਜ਼ਰੋਂ ਓਹਲੇ ਕੀਤੀਆਂ ਜਾ ਸਕਦੀਆਂ, ਸਰ ਲੇਪਲ ਗ੍ਰਿਫਨ ਦੇ ਕਥਨ ਅਨੁਸਾਰ:-

"ਸਰੂਪ ਸਿੰਘ ਦੀ ਸ਼ਕਲ ਬਾਦਸ਼ਾਹਾਂ ਵਾਲੀ ਸੀ, ਜਦ ਇਹ ਪੋਸ਼ਾਕ ਤੇ ਸੰਜੋ ਨਾਲ ਸਜਕੇ ਅਪਨੀ ਫੌਜ ਦੇ ਨਾਲ ਸਵਾਰ ਹੁੰਦੇ ਸਨ ਤਾਂ ਅਜਹੇ ਬਹਾਦਰ, ਅਤੇ ਸਿਪਾਹੀ ਦਿਸਦੇ ਸਨ ਕਿ ਹਿੰਦੁਸਤਾਨ ਦਾ ਸ਼ਾਇਦ ਹੀ ਕੋਈ ਸ਼ਹਜ਼ਾਦਾ ਅਜਿਹਾ ਸੁੰਦਰ ਅਤੇ ਦਲੇਰ ਦਿਸਦਾ ਹੋਵੇ, ਰਾਜਾ ਸਰੂਪ ਸਿੰਘ ਤੋਂ ਵਧਕੇ ਸ੍ਰਕਾਰ ਅੰਗ੍ਰੇਜ਼ੀ ਦਾ ਕੋਈ ਭੀ ਸਚਾ ਮਿੱਤ੍ਰ ਪ੍ਰਤੀਤ ਨਹੀਂ ਹੋਇਆ ਤੇ ਓਹਨਾਂ ਨੇ ਸ੍ਰਕਾਰ ਦੀ ਸੇਵਾ ਪਿਆਰ ਨਾਲ ਕੀਤੀ ਨਾਂ ਕਿ ਡਰ ਨਾਲ।" (ਸਫਾ ੩੭੪)

ਗਵਰਨਮਿੰਟ ਲਈ ਰਾਜਾ ਸਾਹਿਬ ਸਰੂਪ ਸਿੰਘ ਦੀ

ਮੰਗ ਨੂੰ ਪੂਰਾ ਨਾਂ ਕਰਨਾ ਔਖਾ ਸੀ। ਆਪ ਦੀ ਇਹ ਗਲ ਮੰਨ ਲੀਤੀ ਗਈ ਤੇ ਓਥੇ ਗੁਰਦਵਾਰਾ ਬਣ ਗਿਆ। ਕੁਝ ਚਿਰ ਮਗਰੋਂ ਮੁਸਲਮਾਨਾਂ ਨੇ ਫਿਰ ਚਾਰਾ ਜੋਈ ਕੀਤੀ ਤੇ ਕਲਕਤਿਓਂ ਡਿਗਰੀ ਲੈਕੇ ਫਿਰ ਮਸੀਤ ਬਣਾ ਲਈ, ਉਸ ਸਮੇਂ ਰਿਆਸਤ ਜੀਂਦ ਦੀ ਗੱਦੀ ਦੇ ਰਾਜਾ ਸਰੂਪ ਸਿੰਘ ਦੀ ਥਾਂ ਰਾਜਾ ਰਘਬੀਰ ਸਿੰਘ ਜੀ ਬੈਠੇ ਹੋਏ ਸਨ, ਆਪ ਦੇ ਦਿਲ ਵਿਚ ਵੀ ਵਡਿਆਂ ਵਾਂਗ ਗੁਰਦਵਾਰਿਆਂ ਦਾ ਅਗਾਧ ਪ੍ਰੇਮ ਸੀ। ਰਾਜਾ ਰਘਬੀਰ ਸਿੰਘ ਜੀ ਤੋਂ ਗੁਰਦਵਾਰੇ ਦੀ ਬੇਅਦਬੀ ਦੀ ਖਬਰ ਨਾਂ ਸਹਾਰੀ ਗਈ, ਆਪ ਇਹ ਮੁਕਦਮਾਂ ਪ੍ਰੀਵੀ ਕੌਂਸਲ ਤਕ ਪੁਚਾਇਆ,ਜਿਥੇ ਫੈਸਲਾ ਹੋਇਆ ਕਿ "ਗ਼ਦਰ ਦੇ ਦਿਨਾਂ ਦ ਫੌਜੀ ਅਦਾਲਤਾਂ ਦੇ ਫੈਸਲੇ ਅਟੱਲ ਰੈਹਣੇ ਚਾਹੀਦੇ ਹਨ, ਓਹ ਰੱਦ ਨਹੀਂ ਕੀਤੇ ਜਾ ਸਕਦੇ" ਇਸ ਲਈ ਫਿਰ ਇਹ ਥਾਂ ਖ਼ਾਲਸਾ ਜੀ ਨੂੰ ਮਿਲ ਗਈ ਤੇ ਗੁਰਦਵਾਰਾ ਬਣਾ ਲੀਤਾ ਗਿਆ।

ਹਾਂ! ਜਦ ਇਸਤਰਾਂ ਗੁਰਦਵਾਰੇ ਬਣ ਗਏ ਤਾਂ ਸ੍ਰਦਾਰ ਬਘੇਲ ਸਿੰਘ ਸਾਹਿਬ ਨੇ ਬਾਦਸ਼ਾਹ ਨੂੰ ਕੈਹਕੇ ਪਿਪਲੀ ਨਾਮ ਦਾ ਇਕ ਪਿੰਡ ਜਿਸਦੀ ਆਮਦਨੀ ਚਾਰ ਹਜ਼ਾਰ ਰੁਪਿਆ ਸੀ ਦਾ ਪੱਟਾ ਗੁਰਦਵਾਰਿਆਂ ਦੇ ਨਾਂ ਲਿਖਾ ਦਿਤਾ, ਤੇ ਫਿਰ ਅਪਨੇ ਵਲੋਂ ਦੋਸਾਂਝ ਆਦਕ ਪਿੰਡ ਜੋ ਸਤ ਹਜ਼ਾਰ ਦੀ ਆਮਦਨ ਦੇ ਸਨ, ਗੁਰਦਵਾਰਿਆਂ ਦੇ ਨਾਂਓ ਲਾ ਦਿਤੇ ਤੇ ਓਹਨਾਂ ਦੀ ਆਮਦਨ ਗੁਰਦਵਾਰਿਆਂ ਵਿਚ ਵੰਡ ਦਿੱਤੀ।

ਜਦ ਇਸ ਤਰਾਂ ਗੁਰੰਦਵਾਰੇ ਬਣ ਗਏ ਤੇ ਓਹਨਾਂ ਦਾ ਪ੍ਰਬੰਧ ਤਸੱਲੀ ਵਾਲਾ ਹੋਗਿਆ ਤਾਂ ਦਿੱਲੀ ਦੇ ਇਕ ਦੂਢੇ



POPULAR PRESS, AMRITSAR.

ਸਿੰਘ ਨੇ ਆਕੇ ਆਖਿਆ ਕਿ ਅਜੇ ਹੋਰ ਥਾਵਾਂ ਰੈਂਹਦੀਆਂ ਹਨ ਜਿਨ੍ਹਾਂ ਦਾ ਸਿਖ ਤਾਰੀਖ਼ ਨਾਲ ਖਾਸ ਸੰਬੰਧ ਹੈ, ਉਸਦੇ ਦਸਣ ਤੇ:—

(੧) ਸ੍ਰੀ ਗੁਰੂ ਕਲਗ਼ੀ ਧਰ ਜੀ ਜਦੋਂ ਦਿੱਲੀ ਆਏ ਸਨ ਤਾਂ ਓਹਨਾਂ ਨੇ ਜਿਥੇ ਨਿਵਾਸ ਕੀਤਾ ਸੀ ਓਥੇ ਗੁਰਦੁਆਰਾ ਬਣਾਕੇ ਮੋਤੀ ਬਾਗ਼ ਨਾਮ ਰਖਿਆ ਗਿਆ।

(੨) ਕਿਲੇ ਦੇ ਕੋਲ ਮਜਨੂੰ ਦਾ ਟਿੱਲਾ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਆਕੇ ਬੈਠੇ ਸੀ ਤੇ ਹਾਥੀਆਂ ਦੀ ਲੜਾਈ ਦੇਖੀ ਸੀ, ਇਹ ਓਹੋ ਥਾਂ ਹੈ ਜਿਥੇ ਗੁਰੂ ਸਾਹਿਬ ਨੇ ਅਪਨੀ ਕਰਾਮਾਤ ਵਖਾਕੇ ਹਜ਼ਾਰਾਂ ਸਾਧੂਆਂ ਨੂੰ ਸ਼ਾਹੀ ਕੈਦ ਤੋਂ ਛੁਟਕਾਰਾ ਦਵਾਇਆ ਸੀ,ਫਿਰ ਗੁਰੂ ਹਰਗੋਬਿੰਦ ਸਾਹਿਬ ਇਥੇ ਹੀ ਆਕੇ ਠੈਹਰੇ ਤੇ ਫੇਰ ਰਾਮ ਰਾਏ ਤੇ ਪ੍ਰਿਥੀ ਚੰਦ ਭੀ ਇਥੇ ਹੀ ਉਤਰੇ, ਇਹ ਥਾਂ ਭੀ ਖਾਸ ਗੋਰਵਤਾ ਰਖਦੀ ਸੀ, ਇਸਲਈ ਇਥੇਭੀ ਗੁਰਦਵਾਰਾ ਬਨਾਯਾ ਗਿਆ। ਜਦ ਦਿੱਲੀ ਦੇ ਗੁਰਦਵਾਰੇ ਤਿਆਰ ਹੋਗਏ ਤਦ ਅਪਨੇ ਵਲੋਂ ਓਥੇ ਗ੍ਰੰਥੀ ਬਠਾਕੇ ਸ੍ਰਦਾਰ ਬਘੇਲ ਸਿੰਘ ਤੇ ਓਹਨਾਂ ਦੇ ਸਾਥੀ ਇਕਰਾਰ ਮੂਜਬ ਪੰਜਾਬ ਵਲ ਆਉਣ ਲਈ ਤਿਆਰ ਹੋਏ। ਬਾਦਸ਼ਾਹ ਨੇ ਏਹ ਖ਼ਬਰ ਸੁਣੀ, ਉਸਨੇ ਵਜ਼ੀਰ ਨੂੰ ਸਦਕੇ ਆਖਿਆ ਕਿ ਅਸੀਂ ਸ੍ਰਦਾਰ ਬਘੇਲ ਸਿੰਘ ਸਾਹਿਬ ਦੀ ਬੜੀ ਉਪਮਾਂ ਸੁਣਦੇ ਰਹੇ ਹਾਂ ਤੇ ਖਾਸ ਕਰਕੇ ਦਿੱਲੀ ਦਾ ਤਖ਼ਤ ਸਾਨੂੰ ਮੁੜਕੇ ਦਵਾਉਣ ਵਿਚ ਹਦੋਂ ਵਧਕੇ ਸਾਡੀ ਮਦਦ ਕੀਤੀ ਤੇ ਖੁਲ ਦਿੱਲੀ ਦਾ ਸਬੂਤ ਦਿਤਾ ਹੈ, ਓਹਨਾਂ ਦੇ ਐਹਸਾਨ ਅਸੀਂ ਕਦੀ ਨਹੀਂ ਭੁਲ ਸਕਦੇ, ਸੁਣਿਆਂ ਹੈ ਕਿ ਓਹ ਪੰਜਾਬ ਵਲ

ਜਾਣ ਨੂੰ ਤਿਆਰ ਹਨ, ਇਸ ਲਈ ਅਸੀਂ ਓਹਨਾਂ ਨਾਲ ਮੁਲਾਕਾਤ ਕਰਨੀ ਚਾਹੁੰਦੇ ਹਾਂ।

ਵਜ਼ੀਰ ਸ੍ਰਦਾਰ ਬਘੇਲ ਸਿੰਘ ਦੇ ਪਾਸ ਆਇਆ ਤੇ ਬਾਦਸ਼ਾਹ ਦਾ ਸਨੇਹਾ ਅਰਜ਼ ਕਰਕੇ ਆਖਿਆ ਕਿਃ–

ਬਾਦਸ਼ਾਹ ਸਲਾਮਤ ਆਪ ਦੇ ਪਵਿਤ੍ਰ ਦਰਸ਼ਨਾਂ ਦੇ ਚਾਹਵਾਨ ਹਨ ਤੇ ਓਹ ਉਸ ਕੌਮ ਦੇ ਪਤਵੰਤੇ ਮੈਂਬਰ ਨਾਲ-ਜੋ ਤਰਸਵਾਨ, ਖੁਲੇ ਦਿਲ, ਇਕਰਾਰ ਦੇ ਸਚੇ ਤੇ ਸੁਲਾਹ ਕੁਲ ਹੋਣ ਦੇ ਕਾਰਨ ਪ੍ਰਸਿਧ ਹੈ-ਮਿਲਣ ਵਿਚ ਮਾਣ ਸਮਝਦੇ ਹਨ ਤੇ ਚਾਹੁੰਦੇ ਹਨ ਕਿ ਆਪ ਵਰਗੇ ਪਤਵੰਤੇ ਤੇ ਮਾਨ ਯੋਗ ਸਜਨ ਨਾਲ ਮਿਤ੍ਰਤਾ ਦੇ ਸੰਬੰਧ ਜੋੜਨ।

ਜਿਸਦੇ ਉੱਤਰ ਵਿਚ ਸ੍ਰਦਾਰ ਬਘੇਲ ਸਿੰਘ ਸਾਹਿਬ ਨੇ ਆਖਿਆ:–

ਅਸੀਂ ਬਾਦਸ਼ਾਹ ਨੂੰ ਮਿਲਨ ਵਿਚ ਕੋਈ ਹਰਜ ਨਹੀਂ ਸਮਝਦੇ ਤੇ ਨਾਂ ਇਨਕਾਰ ਦੀ ਲੋੜ ਹੈ, ਅਸੀਂ ਮਿਲਣ ਨੂੰ ਤਿਆਰ ਹਾਂ ਤੇ ਜਾਣਦੇ ਹਾਂ ਕਿ ਆਪਸ ਵਿਚ ਦਾ ਮੇਲ ਦੋਹਾਂ ਕੌਮਾਂ ਲਈ ਗੁਣਕਾਰੀ ਹੋਵੇਗਾ, ਪਰ ਕੁਝ ਸ਼ਰਤਾਂ ਨਾਲ ਮੁਲਾਕਾਤ ਹੋ ਸਕਦੀ ਹੈ।

ਵਜ਼ੀਰ– ਸ਼ਰਤਾਂ ਕੇਹੜੀਆਂ?

ਸ੍ਰਦਾਰ ਬਘੇਲ ਸਿੰਘ–ਅਸੀਂ ਇਕੱਲੇ ਨਹੀਂ ਜਾਵਾਂਗੇ ਪੰਜ ਸੌ ਸਵਾਰ ਸਾਡੇ ਨਾਲ ਹੋਣਗੇ।

(੨) ਸਾਡੀ ਫੌਜ ਅਪਨੇ ਹਥਿਆਰ. ਆਦਕ ਨਾਲ ਲੈ ਜਾਏਗੀ।

(੩) ਮੁਲਾਕਾਤ ਇਕੱਲੇ ਨਹੀਂ ਸਗੋਂ ਭਰੇ ਦਰਬਾਰ

ਵਿਚ ਹੋਣੀ ਚਾਹੀਦੀ ਹੈ।

(੪) ਜਦ ਅਸੀਂ ਮੁਲਾਕਾਤ ਲਈ ਜਾਵਾਂਗੇ ਤਾਂ ਮੁਲਾਕਾਤ ਸਮੇਂ ਅਪਨੇ ਕੌਮੀ ਸ਼ਬਦ ਵਰਤਾਂਗੇ, ਦਿੱਲੀ ਦੇ ਸ਼ਾਹੀ ਰਵਾਜ ਦੀ ਪਾਬੰਦੀ ਸਾਡੇ ਲਈ ਜਰੂਰੀ ਨਹੀਂ ਹੋਵੇਗੀ।

ਜੇ ਇਹ ਸ਼ਰਤਾਂ ਪ੍ਰਵਾਨ ਹੋਣ ਤਾਂ ਬਾਦਸ਼ਾਹ ਨਾਲ ਮੁਲਾਕਾਤ ਦਾ ਦਿਨ ਮਿੱਥਕੇ ਖ਼ਬਰ ਦੇ ਦਿਓ, ਅਸੀਂ ਪਹੁੰਚ ਜਾਵਾਂਗੇ। ਵਜ਼ੀਰ ਨੇ ਬਾਦਸ਼ਾਹ ਨਾਲ ਸਲਾਹ ਕਰਕੇ ਖ਼ਬਰ ਦੇ ਦਿੱਤੀ।

ਮੁਲਾਕਾਤ ਦੀ ਤਾਰੀਖ਼ ਮਿੱਥੀ ਗਈ, ਸ੍ਰਦਾਰ ਬਘੇਲ ਸਿੰਘ ਨੇ ਬੜੀ ਹੀ ਸਜ ਧਜ ਨਾਲ ਫੌਜ ਤਿਆਰ ਕੀਤੀ ਤੇ ਇਨ੍ਹਾਂ ਨੂੰ ਨਾਲ ਲੈਕੇ ਸ੍ਰਦਾਰ ਬਘੇਲ ਸਿੰਘ ਨੇ ਸ਼ਾਹੀ ਕਿਲੇ ਵਲ ਕੂਚ ਕੀਤਾ, ਸ਼ੈਹਰ ਦਿੱਲੀ ਦੇ ਲੋਕ ਇਹ ਦ੍ਰਿਸ਼ ਵੇਖਣ ਲਈ ਠਠ ਬਣਕੇ ਬਜਾਰਾਂ ਤੇ ਮਕਾਨਾਂ ਦੀਆਂ ਛੱਤਾਂ ਤੇ ਖੜੇ ਸਨ, ਜਿਧਰੋਂ ਏਹ ਛਬੀਲੇ, ਸਜੀਲੇ, ਰੰਗੀਲੇ ਤੇ ਫਬੀਲੇ ਘੋੜ ਸਵਾਰ ਲੰਘਦੇ ਸਨ ਇਨਾਂ ਦੀ ਸੁੰਦਰਤਾ, ਵਜਾ ਕਤਾ ਇਹਨਾਂ ਦੇ ਗੰਭੀਰ ਚੇਹਰੇ ਤੇ ਚਮਕਦੇ ਹਥਿਆਰ ਵੇਖਣ ਵਾਲਿਆਂ ਨੂੰ ਚੱਕਰਿਤ ਕਰ ਦੇਂਦੇ ਸਨ, ਜਦ ਏਹ ਦਰਬਾਰ ਦੇ ਕੋਲ ਪੁੱਜੇ ਤਾਂ ਅਗੋਂ ਵਜ਼ੀਰ, ਅਮੀਰ ਅਗਵਾਈ ਲਈ ਆਏ, ਜਿਸ ਸਮੇਂ ਸ੍ਰਦਾਰ ਬਘੇਲ ਸਿੰਘ ਤੇ ਓਹਨਾਂ ਦੇ ਸਾਥੀ ਦਰਬਾਰ ਵਿਚ ਪੁਜੇ ਤਾਂ ਓਹਨਾਂ ਨੇ:-

ਵਾਹਿਗੁਰੂ ਜੀ ਕਾ ਖ਼ਾਲਸਾ
ਸ੍ਰੀ ਵਾਹਿਗੁਰੂ ਜੀ ਕੀ ਫਤਹ

ਬੜੇ ਜ਼ੋਰ ਨਾਲ ਗਜਾਈ, ਉੱਤਰ ਵਿਚ ਮੁਨਸ਼ੀ ਰਾਮ

ਦਿਆਲ ਤੇ ਓਹਨਾਂ ਦੇ ਕੁਝ ਹੋਰ ਸਾਥੀਆਂ ਨੇ ਭੀ ਫਤਹ ਬੁਲਾਈ, ਸਾਰੇ ਅਪਨੀ ਅਪਨੀ ਕੁਰਸੀਆਂ ਤੇ ਬੈਠ ਗਏ, ਕੁਝ ਚਿਰ ਬਾਦਸ਼ਾਹ ਤੇ ਸ੍ਰਦਾਰ ਬਘੇਲ ਸਿੰਘ ਦੀ ਆਪਸ ਵਿਚ ਗਲ ਬਾਤ ਹੁੰਦੀ ਰਹੀ, ਜਿਸਤੋਂ ਬਾਦਸ਼ਾਹ ਬੜਾ ਖ਼ੁਸ਼ ਹੋਇਆ, ਬਾਦਸ਼ਾਹ ਦੇ ਪੁੱਛਨ ਤੇ ਸ੍ਰਦਾਰ ਬਘੇਲ ਸਿੰਘ ਨੇ ਦਸਿਆ ਕਿ ਅਸੀਂ ਹੁਣ ਛੇਤੀਹੀ ਮੁੜ ਜਾਣ ਨੂੰ ਤਿਆਰ ਹਾਂ, ਜਿਸਤੇ ਬਾਦਸ਼ਾਹ ਨੇ ਚਾਰ ਲੱਖ ਰੁਪਿਆ ਭੇਟਾ ਕਰਕੇ ਬੇਨਤੀ ਕੀਤੀ ਕਿ ਇਹ ਨਿਮਾਣੀ ਭੇਟਾ ਮੇਰੇ ਵਲੋਂ ਪੰਥ ਦੇ ਅਰਪਨ ਕਰ ਦੇਣੀ।

-:o:-

ਧੁਰ ਦਾ ਸੱਦਾ

ਜੋ ਆਇਆ ਸੋ ਚਲਸੀ
ਸਭੁ ਕੋਈ ਆਈ ਵਾਰੀਐ।

ਇਹ ਜਹਾਨ ਚਲਦੀ ਸਰਾਂ ਹੈ, ਇਸਦੀ ਹਰ ਚੀਜ਼ ਆਉਣ ਜਾਣ ਵਾਲੀ ਹੈ, ਸਭਨੇ ਮਰਨਾ ਹੈ, ਕਿਸੇ ਨੇ ਬਚਣਾ ਨਹੀਂ, ਬਾਦਸ਼ਾਹ ਹੋਵੇ ਜਾਂ ਵਜ਼ੀਰ, ਅਮੀਰ ਹੋਵੇ ਜਾਂ ਫਕੀਰ, ਬੁਢਾ ਹੋਵੇ ਜਾਂ ਜਵਾਨ, ਕਮਜ਼ੋਰ ਹੋਵੇ ਜਾਂ ਬਲਵਾਨ, ਦਾਨਾਂ ਹੋਵੇ ਜਾਂ ਮੂਰਖ, ਗੋਰ੍ਹਾ ਹੋਵੇ ਜਾਂ ਕਾਲ੍ਹਾ, ਛੋਟਾ ਹੋਵੇ ਜਾਂ ਆਲਾ, ਇਹ ਦਿਨ ਸਾਰਿਆਂ ਦੇ ਸਿਰ ਤੇ ਲਿਖਿਆ ਹੈ, ਜਦ ਮੌਤ ਦਾ ਹਥ ਕੂਚ ਦੇ ਨਗਾਰੇ ਨੂੰ ਵਜਾਵੇਗਾ, ਤਾਂ ਏਥੋਂ ਦਾ ਸਭ

ਕੁਝ ਏਥੇ ਹੀ ਪਿਆ ਰੈਹ ਜਾਂਦਾ ਹੈ, ਅਪਨੇ ਸਾਕ ਅੰਗ ਹਥ ਮਲਦੇ ਤੇ ਟਬਰ ਕਬੀਲਾ ਸਿਰ ਧੁਨਦੇ ਹਕੀਮਾਂ, ਡਾਕਟਰਾਂ ਤੇ ਵੈਦਾਂ ਦੇ ਨੁਸਖੇ ਪਏ ਰੈਹਜਾਂਦੇ ਹਨ, ਕਿਸੇ ਦੀ ਕੋਈ ਚਾਲ ਨਹੀਂ ਚਲਦੀ, ਕੋਈ ਹਿਕਮਤ ਕੰਮ ਨਹੀਂ ਕਰਦੀ, ਆਯੂ ਦਾ ਇਕ ਘੰਟਾ ਘਟਾਉਣਾ ਜਾਂ ਇਕ ਮਿੰਟ ਵਧਾਉਣਾ ਕਿਸੇ ਦੇ ਵੱਸ ਨਹੀਂ।

ਸੰਮਤ ੧੮੫੭ ਵਿਚ ਸ੍ਰਦਾਰ ਬਘੇਲ ਸਿੰਘ ਸਾਹਿਬ ਗੁਰਦਵਾਰਿਆਂ ਦੇ ਦਰਸ਼ਨ ਲਈ ਪੰਜਾਬ ਵਿਚ ਆਏ,ਪਹਿਲੇ ਸ੍ਰੀ ਅਮ੍ਰਿਤਸਰ ਪੁੱਜੇ, ਬੜੇ ਸਿਦਕ ਤੇ ਭਰੋਸੇ ਨਾਲ ਸ੍ਰੀ ਦਰਬਾਰ ਸਾਹਿਬ ਵਿਚ ਹਾਜ਼ਰ ਹੋਏ, ਸ੍ਰੀਰਕ (ਸ੍ਰੋਵਰ ਵਿਚ) ਤੇ ਆਤਮਕ (ਸੰਗਤ ਵਿਚ) ਅਸ਼ਨਾਨ ਕੀਤਾ, ਨਿਮ੍ਰਤਾ ਨਾਲ ਪ੍ਰਾਰਥਨਾ ਕੀਤੀਆਂ ਤੇ ਅਰਦਾਸਾਂ ਝੜਾਈਆਂ।

ਇਥੋਂ ਸ੍ਰੀ ਤਰਨ ਤਾਰਨ ਸਾਹਿਬ ਗਏ, ਉਥੇ ਭੀ ਦਿਲੀ ਲਗਨ ਸ਼ਰਧਾ ਤੇ ਪ੍ਰੇਮ ਨਾਲ ਦਰਸ਼ਨ ਕੀਤੇ, ਫਿਰ ਅਪਨੇ ਅਸਲੀ ਵਤਨ ਵਲ ਤੁਰ ਗਏ, ਏਹਨਾਂ ਨੂੰ ਓਥੇ ਗਿਆਂ ਥੋੜਾ ਹੀ ਚਿਰ ਹੋਇਆ ਸੀ ਕਿ ਮੌਤ ਦਾ ਸੁਨੇਹਾ ਆ ਗਿਆ, ਖਿੜੇ ਮਥੇ ਤੇ ਸਿਦਕ ਭਰੋਸੇ ਵਿਚ ਜਿੰਦ ਸਿਰਜਨ ਹਾਰ ਦੇ ਹਵਾਲੇ ਕਰ ਦਿਤੀ। ਚੰਨਣਦੀ ਚਿਖ਼ਾ ਤਿਆਰ ਹੋਈ, ਫ਼ਖ਼ਰੇ ਕੌਮ ਸ੍ਰਦਾਰ ਬਘੇਲ ਸਿੰਘ ਦਾ ਸ੍ਰੀਰ ਉਪਰ ਰਖਕੇ ਅੱਗ ਦਿਤੀ ਗਈ, ਪਾਸ ਖੜੇ ਲੋਕੀਂ ਕੈਂਹਦੇ ਸਨ ਕਿ ਹਾ! ਸ੍ਰਦਾਰ ਬੱਘੇਲ ਸਿੰਘ ਜੀ ਚਲਾਣਾ ਕਰ ਗਏ, ਪਰ ਚਿਖ਼ਾ ਦੀ ਅੱਗਨੀ (ਜਿੰਸਨੇ ਸਰਦਾਰ ਸਾਹਿਬ ਦੇ ਪਵਿਤਰ ਸਰੀਰ ਨੂੰ

ਅਪਨੀ ਗੋਦ ਵਿਚ ਲੈ ਰਖਯਾ ਸੀ) ਦੇ ਸ਼ੋਅਲੇ ਜ਼ਬਾਨ ਦੀ ਸ਼ਕਲ ਵਿਚ ਉਚੇ ਉਠ ਉਠਕੇ ਕੈਹ ਰਹੇ ਸਨ ਕਿ:–

ਮੋਆ ਜੀਵੰਦਾ ਪੇਖੁ,
ਜੀਵੰਦੇ ਮਰਿ ਜਾਨਿ ।
ਜਿਨ੍ਹਾ ਮੁਹਬਤਿ ਇਕ ਸਿਉ,
ਤੇ ਮਾਨਸ ਪ੍ਰਧਾਨ ।

ਇਤਿ



ਕੀ ਕੇਸ ਰਖੇ ਬਿਨਾਂ ਪ੍ਰਮੇਸ਼ਰ ਮਿਲ ਸਕਦਾ ਹੈ?

ਸੰਸਾਰਭਰ ਦੇ ਚੋਣਵੇਂ ਵਿਦਵਾਨਾਂ, ਧਾਰਮਕ ਆਗੂਆਂ ਮਜ਼ਹਬਾਂ ਦੇ ਕਾਰਕਾਂ ਤੇ ਇਲਹਾਮੀ ਮੰਨੀਆਂ ਜਾ ਰਹੀਆਂ ਪੁਸਤਕਾਂ ਦੀ ਰਾਇ ਇਕੱਤ੍ਰ ਕਰਕੇ ਇਸ ਸਵਾਲ ਦਾ ਸਦਾ ਲਈ ਫੈਸਲਾ ਕਰ ਦਿਤਾ ਹੈ ਕਿ ਸਿਰ ਤੇ ਕੇਸ ਰਖੇ ਬਿਨਾਂ ਵਾਹਿਗੁਰੂ ਨਹੀਂ ਮਿਲ ਸਕਦਾ, ਤੇ ਸਾਬਤ ਕੀਤਾ ਗਿਆ ਹੈ ਕਿ ਜਿਨ੍ਹਾਂ ਨੂੰ ਅੱਜ ਤਕ ਵਾਹਿਗੁਰੂ ਮਿਲਿਆ ਜਾਂ ਅਗੋਂ ਮਿਲੇਗਾ ਓਹ ਸਭ ਕੇਸਾ ਧਾਰੀ ਸਨ ਤੇ ਹੋਣਗੇ।

[ਕੇਹੜੀ ਕੇਹੜੀ ਪੁਸਤਕ ਦੇ ਹਵਾਲੇ ਦਿਤੇ ਗਏ ਹਨ?]

ਵੇਦ–ਰਿਗ, ਯਜੁਰ, ਸਾਮ, ਅਥਰਵ। ਉਪਨਿਸਦ-ਕੇਨ, ਛਾਂਦੋਗਯ, ਬ੍ਰਿਹ ਦਾਰਨਕ, ਗਰਭ, ਤੈਤਰੀ, ਮੰਡੂਕ ਮੂੰਡਕ ਸਿਮ੍ਰਿਤੀਆਂ–ਮਨੂ, ਹਾਰੀਤ, ਸੰਖ, ਵਸਿਸ਼ਟ ਯਮ, ਸੰਵਰਤ, ਮਾਨਵ ਗ੍ਰਿਹ ਸ਼ਾਸ਼ਤ੍ਰ। ਪੁਰਾਣ–ਭਾਗਵਤ ਵਿਸ਼ਨੂ, ਪਦਮ, ਦੇਵੀ ਭਾਗਵਤ, ਗਰੜ, ਬਾਲਮੀਕੀ ਰਾਮਾਇਣ, ਸੰਸਕਾਰ ਚੰਦ੍ਰਕਾ। ਈਸਾਈ–ਪੈਦਾਇਸ਼, ਖਰੂਜ, ਕਾਜ਼ੀਉਨ, ਏਹਬਾਰ, ਗਿਣਤੀ, ਸਲਾਤੀਨ ਦੀ ਪਹਿਲੀ, ਦੂਜੀ, ਸਦਾਕਤ ਮਰਯਮਾਂ, ਸਲੀਬ ਦੀ ਘਟਨਾ ਦੀ ਅਖੀਂ ਡਿਠੀ ਗਵਾਹੀ। ਇਸਲਾਮ ਕੁਰਾਨ, ਤਜਰੀਦ, ਬੁਖਾਰੀ, ਕਿਤਾਬ ਉਲਰਜਾਲ, ਕਬਰਾਂ ਦੇ ਨਿਸ਼ਵਤੇ, ਸੀਰਤ ਉਲਨਬਵੀ ਮਜ਼ਹਰ ਉਲਹਕ, ਇਸ-ਰਾਰ ਸਰੀਅਤ ਆਦਿਕ। ਇਸੇ ਤਰਾਂ ਸਿਖ ਮਜ਼ਹਬਦੀਆਂ ਪੁਸਤਕਾਂ ਹਾਫਟੋਨ ਬਲਾਕ ਦੀਆਂ ੧੪ ਸੁੰਦਰ ਤਸਵੀਰਾਂ ਲਗ ਪਗ ੧੫੦ ਸਫੇ ਦੀ ਕਿਤਾਬ ਮੁਲ ।।।)

–:o:–

ਸਿਖਾਂ ਦਾ ਰਾਜ ਕਿਸ ਤਰਾਂ ਗਿਆ?

ਹੱਤਯਾ ਕਾਂਡ— ਖਾਲਸੇ ਦੀਆਂ ਚੜ੍ਹਦੀਆਂ ਕਲਾਂ, ਡੋਗਰਿਆਂ ਦੀਆਂ ਚਾਲਾਂ, ਸਾਜ਼ਸਾਂ ਦੇ ਜਾਲ, ਖੜਕ ਸਿੰਘ ਤੇ ਕੰਵਰ ਨੌਨਿਹਾਲ ਸਿੰਘ ਇੱਕ ਹੀ ਚਿਤਾ ਤੇ, ਸ਼ੇਰਸਿੰਘ ਤੇ ਓਨ੍ਹਾਂ ਦੇ ਲੜਕੇ ਦਾ ਕਤਲ, ਰਾਣੀ ਚੰਦ ਕੌਰ ਦੀ ਹੱਤਯਾ, ਧਯਾਨ ਸਿੰਘ ਦੀ ਮੌਤ, ਜਵਾਹਰ ਸਿੰਘ ਦੀਆਂ ਅਨੀਤੀਆਂ ਆਦਿ।

ਰਣ ਕਾਂਡ— ਅੰਗ੍ਰੇਜ਼ਾਂ ਤੇ ਸਿਖਾਂ ਦੇ ਯੁਧ, ਮੁਦਕੀ ਦੀ ਲੜਾਈ, ਮਿਸਰ ਲਾਲ ਸਿੰਘ ਦੀ ਗ਼ੱਦਾਰੀ, ਫੇਰੋ ਸ਼ੈਹਰ ਤੇ ਅਲੀ ਵਾਲ ਦੇ ਟਾਕਰੇ, ਗੁਲਾਬ ਸਿੰਘ ਦੀਆਂ ਚਾਲਾਂ, ਜਿੰਦਾਂ ਦੀ ਨਜਰ ਬੰਦੀ, ਰਾਮ ਨਗਰ, ਚੇਲੀਆਂ ਵਾਲਾ ਤੇ ਗੁਜਰਾਤ ਦੇ ਯੁਧ, ਦਲੀਪ ਸਿੰਘ ਵਿਲਾਇਤ ਨੂੰ ਆਦਿ। ਪੁਸਤਕ ਵਿਚ ਬੜੇ ਹੀ ਗੁਪਤ ਹਾਲਾਤ ਵਰਨਨ ਕੀਤੇ ਗ ਹਨ, ੧੩ ਤਸਵੀਰਾਂ ਸਮੇਤ ਭੇਟਾ ੧)

ਪਤਾ— ਭਾਈ ਚਤਰ ਸਿੰਘ ਜੀਵਨ ਸਿੰਘ

ਪੁਸਤਕਾਂ ਵਾਲੇ ਬਜ਼ਾਰ ਮਾਈ ਸੇਵਾਂ ਅਮ੍ਰਿਤਸਰ।

ਪਾਪੂਲਰ ਪ੍ਰੈਸ

ਗੁਰਮੁਖੀ, ਹਿੰਦੀ, ਲੰਡੇ, ਤੇ ਅੰਗ੍ਰੇਜ਼ੀ ਦੀ ਸੁੰਦਰ ਤੇ ਸੁਧ ਛਪਾਈ, ਲਕੜੀ ਤੇ ਹਾਫਟੋਨ ਬਲਾਕ ਛਾਪਣਵਿਚ ਅਸੀਂ ਬੰਬੇ ਤੇ ਕਲਕਤੇ ਦੇ ਪ੍ਰੈਸਾਂ ਦਾ ਟਾਕਰਾ ਕਰਦੇ ਹਾਂ, ਜ਼ਰੂਰ ਅਜ਼ਮਾਓ।

ਮੈਨੇਜਰ ਪਾਪੂਲਰ ਪ੍ਰੈਸ, ਹਾਲ ਬਾਜ਼ਾਰ, ਅਮ੍ਰਿਤਸਰ